ਕੈਨੇਡਾ ਦਰਪਣ

ਫਰਵਰੀ 26, 1988

February 26, 1988

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 60¢ Weekending February 26, 1988 Vol. 07 No. 08 Out of Greater Vancouver 75¢ Second Class Mail Reg. No. 5991

ਕੈਨੇਡਾ ਦਰਪਣ

The Canada Darpan Punjabi Weekly Newspaper

Ph. (604) 581-4473
P.O.BOX 265, Surrey, B.C. V3T 4W8

ਨਜ਼ਾਇਜ਼ ਹਥਿਆਰਾਂ ਲਈ ਭਾਰੀ ਸਜ਼ਾਵਾਂ — ਪਾਰਲੀਮੈਂਟ 'ਚ ਬਿਲ ਪੇਸ਼ ਹੋਵੇਗਾ

ਨਵੀਂ ਦਿੱਲੀ — ਭਾਰਤ ਦੀ ਪਾਰਲੀਮੈਂਟ ਵਿਚ ਇਕ ਨਵਾਂ ਬਿੱਲ ਪੇਸ਼ ਕੀਤਾ ਜਾ ਰਿਹਾ ਹੈ ਜਿਸ ਅਨੁਸਾਰ ਦੇਸ਼ ਵਿਚ ਬਗੈਰ ਲਾਇਸੰਸ ਹਥਿਆਰ ਰੱਖਣ ਵਾਲੇ ਨੂੰ ਪੰਜ ਸਾਲ ਤੋਂ ਵੀਹ ਸਾਲ ਦੀ ਕੈਦ ਦੀ ਵਿਵਸਥਾ ਕੀਤੀ ਜਾ ਰਹੀ ਹੈ। ਗ੍ਰਹਿ ਮੰਤਰਾਲੇ ਵਜੋਂ ਤਿਆਰ ਇਸ ਬਿੱਲ ਦਾ ਮਨੋਰਥ ਇਹ ਦੱਸਿਆ ਜਾ ਰਿਹਾ ਹੈ ਕਿ ਦੇਸ਼ ਵਿਚ ਦਹਿਸ਼ਤਗਰਦੀ ਦਾ ਮੁਖ ਕਾਰਨ ਨਜਾਇਜ਼ ਹਥਿਆਰ ਹਨ। ਸੂਤਰਾਂ ਅਨੁਸਾਰ ਦੇਸ਼ ਦੇ ਸਰਹੱਦੀ ਇਲਾਕਿਆਂ ਵਿਚ ਵਿਦੇਸ਼ੀ ਹਥਿਆਰ ਤੇਜ਼ੀ ਨਾਲ ਵੱਧ ਰਹੇ ਹਨ ਜਿਨ੍ਹਾਂ ਵਿਚ ਚੀਨੀ, ਅਮਰੀਕੀ ਹਥਿਆਰਾਂ ਦੀ ਬਹੁਤਾਤ ਹੈ।

ਪੰਜਾਬ ਵਿਚ ਦਹਿਸ਼ਤਗਰਦੀ ਦਾ ਕਾਰਨ ?

ਸੂਤਰਾਂ ਅਨੁਸਾਰ ਇਸ ਬਿਲ ਦਾ ਮਨੋਰਥ ਪੰਜਾਬ ਦੇ ਸਰਹੱਦੀ ਜ਼ਿਲਿਆਂ ਅੰਮ੍ਰਿਤਸਰ ਤੇ ਗੁਰਦਾਸਪੁਰ ਵਿਚ ਨਜ਼ਾਇਜ਼ ਹਥਿਆਰਾਂ ਦੇ ਵਾਧੇ ਨੂੰ ਰੋਕਣਾ ਵੀ ਹੈ। ਪੰਜਾਬ ਵਿਚ ਹੋ ਰਹੀ ਦਹਿਸ਼ਤਗਰਦੀ ਦੀਆਂ ਘਟਨਾਵਾਂ ਸੱਤਰ ਪ੍ਰਤੀਸ਼ਤ ਇਨ੍ਹਾਂ ਦੋਵਾਂ ਜ਼ਿਲਿਆਂ ਵਿਚ ਹੋ ਰਹੀਆਂ ਹਨ ਬਹੁਤੇ ਹਥਿਆਰ ਅਫਗਾਨ ਗੁਰੀਲਿਆਂ ਵਲੋਂ ਦਹਿਸ਼ਤਗਰਦਾਂ ਨੂੰ ਵੇਚੇ ਜਾ ਰਹੇ ਹਨ।

ਪੰਜਾਬ ਵਿਚ ਸਰਵੇਖਣ

ਪੰਜਾਬ ਵਿਚ ਕੀਤੇ ਗਏ ਇਕ ਸਰਵੇਖਣ ਅਨੁਸਾਰ ਦਹਿਸ਼ਤਗਰਦੀ ਵਿਚ ਵਾਧੇ ਦਾ ਕਾਰਨ 750 ਅਜਿਹੇ ਵਿਅਕਤੀ ਹਨ ਜੋ ਪੰਜਾਬ , ਹਰਿਆਣਾ ਹਾਈਕੋਰਟ ਦੇ ਫੈਸਲੇ ਤੋਂ ਬਾਅਦ ਛੱਡੇ ਗਏ ਸਨ ਪਰ ਪੁਲਸ ਮੁੜ ਉਨ੍ਹਾਂ ਦੀ ਗ੍ਰਿਫਤਾਰੀ ਲਈ ਯਤਨਸ਼ੀਲ ਹੈ। ਸੁਪਰੀਮ ਕੋਰਟ ਦੇ ਫੈਸਲੇ ਪਿਛੋਂ ਇਨ੍ਹਾਂ ਵਿਅਕਤੀਆਂ ਦੇ ਮੁੜ ਵਾਰੰਟ ਜਾਰੀ ਹੋ ਗਏ ਹਨ ਜਿਨ੍ਹਾਂ ਅਨੁਸਾਰ 80 ਦੇ ਕਰੀਬ ਵਿਅਕਤੀ ਮੁੜ ਗ੍ਰਿਫਤਾਰ ਕਰ ਲਏ ਗਏ ਹਨ। ਇਹ ਜ਼ਮਾਨਤ 'ਤੇ ਰਿਹਾ ਕੀਤੇ ਵਿਅਕਤੀ ਮੁੜ ਦਹਿਸ਼ਤਗਰਦ ਜਥੇਬੰਦੀਆਂ ਵਿਚ ਸ਼ਾਮਲ ਹੋ ਗਏ ਹਨ। ਇਨ੍ਹਾਂ ਦੀਆਂ ਸਰਗਰਮੀਆਂ ਦੇ ਮੁੱਖ ਕੇਂਦਰ ਗੁਰਦਾਸਪੁਰ, ਅੰਮ੍ਰਿਤਸਰ ਤੇ ਹੁਸ਼ਿਆਰਪੁਰ ਹਨ।

ਸਰਵੇਖਣ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਵਿਚੋਂ ਕੁਝ ਵਿਅਕਤੀ ਹਰਿਮੰਦਰ ਕੰਪਲੈਕਸ ਵਿਚ ਜਾ ਵੜੇ ਹਨ ਜਿਸ ਕਾਰਨ ਪਿਛਲੇ ਦਿਨਾਂ ਵਿਚ ਪੁਲਸ ਸਰਗਰਮੀ ਕੰਪਲੈਕਸ ਦੇ ਆਲੇ ਦੁਆਲੇ ਵਧੀ ਹੈ।

ਕੇਂਦਰੀ ਮੰਤਰੀ ਮੰਡਲ ਵਿਚ ਫਿਰ ਤਬਦੀਲੀ

ਢਿੱਲੋਂ ਦੇ ਪੱਤੇ ਕੱਟੇ ਗਏ, ਦਿਨੇਸ਼ ਸਿੰਘ ਮੁੜ ਮੰਤਰੀ ਬਣਿਆ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਪਣੇ ਮੰਤਰੀ ਮੰਡਲ ਵਿਚ ਮੁੜ [illegible] ਹੈ। ਖੇਤੀ ਮੰਤਰੀ ਗੁਰਦਿਆਲ ਸਿੰਘ ਢਿਲੋਂ ਨੂੰ ਹਟਾ ਕੇ ਖੇਤੀ ਦਾ ਮਹਿਕਮਾ ਹਰਿਆਣੇ ਦੇ ਚੋਧਰੀ ਭਜਨ ਲਾਲ ਨੂੰ ਸੌਂਪ ਦਿੱਤਾ ਹੈ। ਦਿਨੇਸ਼ ਸਿੰਘ ਨੂੰ ਮੁੜ ਮੰਤਰੀ ਮੰਡਲ ਵਿਚ ਲੈ ਲਿਆ ਗਿਆ ਹੈ। ਨਵੇਂ ਕੈਬਨਿਟ ਮੰਤਰੀਆਂ ਵਿਚ ਮੋਤੀ ਲਾਲ ਵੋਹਰਾ ਤੇ ਰਾਮ ਨਿਵਾਸ ਮਿਰਧਾ ਸ਼ਾਮਲ ਹਨ। ਅਰਜਨ ਸਿੰਘ ਫਿਰ ਮੁੱਖ ਮੰਤਰੀ ਬਣਿਆ।

ਕੇਂਦਰੀ ਵਣਜ ਮੰਤਰੀ ਅਰਜਨ ਸਿੰਘ ਨੂੰ ਕੇਂਦਰ ਤੋਂ ਹਟਾ ਕੇ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਫਿਰ ਬਣਾ ਦਿੱਤਾ ਗਿਆ ਹੈ। ਭਗਵਤ ਝਾਅ ਅਜ਼ਾਦ ਨੂੰ ਬਿਹਾਰ ਦਾ ਮੁੱਖ ਮੰਤਰੀ ਥਾਪਿਆ ਗਿਆ ਹੈ। ਇਸ ਤਰ੍ਹਾਂ ਕਾਂਗਰਸ (ਆਈ) ਦੇ ਥੰਮ੍ਹ ਤਿੰਨ ਸੂਬਿਆਂ — ਰਾਜਸਥਾਨ, ਬਿਹਾਰ ਤੇ ਮੱਧ ਪ੍ਰਦੇਸ਼ ਵਿਚ ਪ੍ਰਧਾਨ ਮੰਤਰੀ ਨੇ ਆਪਣੀ ਮਰਜ਼ੀ ਦੇ ਵਿਅਕਤੀ ਥਾਪ ਦਿੱਤੇ ਹਨ।

ਯਾਦ ਰਹੇ ਕਿ ਅਰਜਨ ਸਿੰਘ ਪੰਜਾਬ ਦਾ ਸਾਬਕਾ ਗਵਰਨਰ ਵੀ ਰਹਿ ਚੁਕਾ ਹੈ ਤੇ ਕਾਂਗਰਸ ਦਾ ਮੀਤ-ਪ੍ਰਧਾਨ ਵੀ। ਪੰਜਾਬ ਸਮਝੌਤੇ ਵਿਚ ਅਰਜਨ ਸਿੰਘ ਨੇ ਅਹਿਮ ਰੋਲ ਅਦਾ ਕੀਤਾ ਸੀ।

ਦਿੱਲੀ ਸਿੱਖ-ਵਿਰੋਧੀ ਦੰਗਿਆਂ ਵਿਚ ਕਥਿਤ ਤੌਰ ਤੇ ਸ਼ਾਮਲ ਹਰਕਿਸ਼ਨ ਲਾਲ ਭਗਤ ਨੂੰ ਸੂਚਨਾ ਤੇ ਪ੍ਰਸਾਰਨ ਮੰਤਰੀ ਦਾ ਵਾਧੂ ਚਾਰਜ ਦਿਤਾ ਗਿਆ ਹੈ। ਮੋਹਸੀਨਾ ਕਿਦਵਾਈ ਨੂੰ ਸੈਰ-ਸਪਾਟੇ ਅਤੇ ਵਸੰਤ ਸਾਠੇ ਨੂੰ ਕਮਿਊਨੀਕੇਸ਼ਨ ਦਾ ਚਾਰਜ ਵੀ ਦਿਤਾ ਗਿਆ ਹੈ।

ਸਟੇਟ ਮਨਿਸਟਰਾਂ ਤੇ ਡਿਪਟੀ ਮਨਿਸਟਰਾਂ ਵਿਚ ਵੀ ਅਹਿਮ ਤਬਦੀਲੀਆਂ ਕੀਤੀਆਂ ਗਈਆਂ ਹਨ।

[illegible] ਸਹੁੰ ਚੁੱਕੀ



ਭੂਪਾਲ — ਸਾਬਕਾ ਗਵਰਨਰ ਪੰਜਾਬ ਸ੍ਰੀ ਅਰਜਨ ਸਿੰਘ ਸਮੇਤ ਇਥੇ ਕੱਲ੍ਹ ਮੱਧ ਪ੍ਰਦੇਸ਼ ਦੇ ਗਵਰਨਰ ਵਲੋਂ ਚੌਦਾਂ ਮੰਤਰੀਆਂ ਨੂੰ ਸਹੁੰ ਚੁਕਾਈ ਗਈ।

6 ਨਵੇਂ ਗਵਰਨਰ ਨਿਯੁਕਤ

ਰਾਸ਼ਟਰਪਤੀ ਵੈਂਕਟਰਮਨ ਨੇ 6 ਸੂਬਿਆਂ ਵਿਚ ਨਵੇਂ ਗਵਰਨਰਾਂ ਦੀਆਂ ਨਿਯੁਕਤੀਆਂ ਵੀ ਕੀਤੀਆਂ ਹਨ ਜਿਨ੍ਹਾਂ ਵਿਚ ਕਾਂਗਰਸੀ ਗੋਬਿੰਦ ਨਰਾਇਣ ਸਿੰਘ ਵੀ ਸ਼ਾਮਲ ਹੈ।

ਬੰਗਲਾ ਦੇਸ਼ ਵਿਚ 3 ਮਾਰਚ ਨੂੰ ਆਮ ਹੜਤਾਲ

ਚੋਣਾਂ ਨਹੀਂ ਹੋਣ ਦਿਆਂਗੇ — ਵਿਰੋਧੀ ਪਾਰਟੀਆਂ

ਢਾਕਾ — ਬੰਗਲਾ ਦੇਸ਼ ਦੀ ਹਾਲਤ ਦਿਨੋਂ ਦਿਨ ਗੰਭੀਰ ਹੋਣ ਦਾ ਸੰਕੇਤ ਇਥੋਂ ਮਿਲਦਾ ਹੈ ਕਿ ਇਰਸ਼ਾਦ-ਵਿਰੋਧੀ ਪਾਰਟੀਆਂ ਨੇ 3 ਮਾਰਚ ਨੂੰ ਹੋਣ ਵਾਲੀਆਂ ਪਾਰਲੀਮੈਂਟਰੀ ਚੋਣਾਂ ਨੂੰ ਸਾਬੋਤਾਜ ਕਰਨ ਲਈ ਦੇਸ਼ ਵਿਚ ਆਮ ਹੜਤਾਲ ਦਾ ਨਾਅਰਾ ਦੇ ਦਿੱਤਾ ਹੈ। ਪਿਛਲੇ ਦਿਨਾਂ ਵਿਚ ਬੰਗਲਾ ਦੇਸ਼ ਵਿਚ ਇਰਸ਼ਾਦ-ਵਿਰੋਧੀ ਮੁਜ਼ਾਹਰਿਆਂ ਵਿਚ 200 ਤੋਂ ਵੱਧ ਵਿਅਕਤੀ ਹਲਾਕ ਹੋ ਚੁਕੇ ਹਨ ਅਤੇ 8000 ਤੋਂ ਵਧੇਰੇ ਜ਼ਖਮੀ ਹਨ। ਜ਼ਖਮੀਆਂ ਵਿਚੋਂ 50 ਤੋਂ ਵੱਧ ਦੀ ਮੌਤ ਹੋ ਗਈ ਦੱਸੀ ਜਾਂਦੀ ਹੈ।

ਪਿਛਲੇ ਦਿਨ ਉਸ ਸਮੇਂ ਕ੍ਰਿਕਟ ਦਾ ਮੈਚ ਕੈਂਸਲ ਕਰਨਾ ਪਿਆ ਜਦ ਵਿਰੋਧੀ ਪਾਰਟੀਆਂ ਨੇ ਪਿਛਲੇ ਮਹੀਨਿਆਂ ਵਿਚ ਜਥੇਬੰਦ ਪੱਚੀਵੀਂ ਹੜਤਾਲ ਕੀਤੀ।

ਭੁੱਟੋ ਲਹਿਰ ਦੀ ਕਨਵੀਨਰ ਬਣੀ

ਕਰਾਚੀ — ਪਾਕਿਸਤਾਨ ਪੀਪਲਜ਼ ਪਾਰਟੀ ਦੀ ਨੇਤਾ ਬੇਨਜ਼ੀਰ ਭੁੱਟੋ ਨੇ ਦੇਸ਼ ਦੀਆਂ ਵਿਰੋਧੀ ਪਾਰਟੀਆਂ ਦੇ ਗਠਜੋੜ ਦੀ ਲੋਕਰਾਜ ਦੀ ਬਹਾਲੀ ਲਈ ਲਹਿਰ ਦੀ ਕਨਵੀਨਰੀ ਸੰਭਾਲ ਲਈ। ਉਹ ਤਿੰਨ ਮਹੀਨਿਆਂ ਤਕ ਇਸ ਅਹੁਦੇ 'ਤੇ ਬਣੇ ਰਹਿਣਗੇ। ਲਹਿਰ ਦੇ ਨਿਯਮਾਂ ਅਨੁਸਾਰ ਕਨਵੀਨਰਸ਼ਿਪ ਗਠਜੋੜ 'ਚ ਸ਼ਾਮਲ 8 ਪਾਰਟੀਆਂ ਵਿਚਕਾਰ ਤਿੰਨ ਤਿੰਨ ਮਹੀਨੇ ਬਾਅਦ ਬਦਲਦੀ ਰਹੇਗੀ। ਭਾਵੇਂ ਬੇਨਜ਼ੀਰ ਭੁੱਟੋ ਨੂੰ ਬਹੁਪਾਰਟੀ ਲੀਡਰਸ਼ਿਪ ਦਾ ਇਹ ਮਾਣ ਮਿਲਿਆ ਹੈ। ਪਰ ਉਸ ਦੀ ਆਪਣੀ ਪਾਰਟੀ ਦੇ ਕਈ ਨੇਤਾਵਾਂ ਨੇ ਪਾਰਟੀ ਹਾਈਕਮਾਂਡ ਤੋਂ ਅਸਤੀਫਾ ਦੇ ਦਿੱਤਾ। ਇਨ੍ਹਾਂ ਵਿਚ ਚਾਰ ਉਘੀਆਂ ਸ਼ਖਸੀਅਤਾਂ 'ਚ ਮੀਰਾਜ ਖਾਲਿਦ, ਰਾਓ ਰਸ਼ੀਦ, ਹੱਕੋ ਤੇ ਅਫਜ਼ਲ ਸਿੱਧੂ ਸ਼ਾਮਲ ਹਨ ਜੋ ਬੇਨਜ਼ੀਰ ਦੇ ਪਿਤਾ ਸਵਰਗੀ ਜ਼ੁਲਫਕਾਰ ਅਲੀ ਭੁੱਟੋ ਦੇ ਬੜੇ ਨੇੜਲੇ ਸਹਿਯੋਗੀ ਰਹੇ ਹਨ।

ਪਰ ਬਾਅਦ ਵਿਚ ਪ੍ਰੈਸ ਲਈ ਜਾਰੀ ਕੀਤੇ ਆਪਣੇ ਅਸਤੀਫਾ ਪੱਤਰਾਂ ਵਿਚ ਉਨ੍ਹਾਂ ਕਿਹਾ ਕਿ ਮੁੜ ਕਦੇ ਵੀ ਹਾਈ ਕਮਾਂਡ ਦੇ ਮੈਂਬਰ ਨਹੀਂ ਬਣਨਗੇ। ਭਾਵੇਂ ਉਹ ਪਾਰਟੀ ਦੇ ਸਾਧਾਰਨ ਮੈਂਬਰ ਬਣੇ ਰਹਿਣਗੇ। ਇਸ ਤੋਂ ਪ੍ਰਭਾਵ ਮਿਲਦਾ ਹੈ ਕਿ ਇਹ ਸੀਨੀਅਰ ਨੇਤਾ ਕਈ ਅਹਿਮ ਤੇ ਬੁਨਿਆਦੀ ਮਾਮਲਿਆਂ ਉਤੇ ਬੇਨਜ਼ੀਰ ਨਾਲ ਅਸਹਿਮਤ ਹਨ।

ਅਫਗਾਨ ਇਕੱਠੇ ਹੋ ਕੇ ਦੇਸ਼ ਦੇ ਭਵਿੱਖ ਦਾ ਫੈਸਲਾ ਕਰਨ — ਨਟਵਰ ਸਿੰਘ

ਨਵੀਂ ਦਿੱਲੀ — ਭਾਰਤ ਦੇ ਬਦੇਸ਼ ਰਾਜ ਮੰਤਰੀ ਨਟਵਰ ਸਿੰਘ ਨੇ ਇਥੇ ਕਿਹਾ ਕਿ ਭਾਰਤ ਅਫਗਾਨਿਸਤਾਨ ਨੂੰ ਇਕ ਨਿਰਪੱਖ ਤੇ ਗੁਟ-ਨਿਰਲੇਪ ਦੇਸ਼ ਵੇਖਣ ਦਾ ਚਾਹਵਾਨ ਹੈ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਅਫਗਾਨਾਂ ਦੇ ਵੱਖ ਵੱਖ ਧੜੇ ਸਾਂਝੀ ਸੋਚ ਨਹੀਂ ਅਪਨਾਉਣਗੇ ਇਹ ਉਦੇਸ਼ ਹਾਸਲ ਨਹੀਂ ਕੀਤਾ ਜਾ ਸਕਦਾ।

ਸ੍ਰੀ ਨਟਵਰ ਸਿੰਘ ਨੇ ਸੋਵੀਅਤ ਆਗੂ ਗਾਰਬਾਚੋਵ ਵਲੋਂ 15 ਮਈ ਤੋਂ ਸੋਵੀਅਤ ਫੌਜਾਂ ਅਫਗਾਨਿਸਤਾਨ ਵਿਚੋਂ ਕੱਢਣ ਦੇ ਐਲਾਨ ਦਾ ਸੁਆਗਤ ਕੀਤਾ ਤੇ ਕਿਹਾ ਕਿ ਸੋਵੀਅਤ ਨੇਤਾਵਾਂ ਦੇ ਬਿਆਨ ਬੜੇ ਸਪੱਸ਼ਟ ਹਨ ਕਿ ਅਫਗਾਨਿਸਤਾਨ ਵਿਚ ਸਾਂਝੀ ਸਰਕਾਰ ਬਨਾਉਣ ਦਾ ਮਸਲਾ ਅਫਗਾਨਿਸਤਾਨ ਦਾ ਅੰਦਰੂਨੀ ਮਾਮਲਾ ਹੈ ਤੇ ਸੋਵੀਅਤ ਯੂਨੀਅਨ ਇਸ ਵਿਚ ਦਖਲ ਨਹੀਂ ਦੇਵੇਗਾ।

ਸ੍ਰੀ ਨਟਵਰ ਸਿੰਘ ਨੇ ਕਿਹਾ ਕਿ ਅਮਰੀਕੀ ਏਜੰਸੀਆਂ ਵਲੋਂ ਅਫਗਾਨ ਗੁਰੀਲਿਆਂ ਨੂੰ ਦਿੱਤੀ ਜਾਂਦੀ ਫੌਜੀ ਤੇ ਮਾਲੀ ਸਹਾਇਤਾ ਬੰਦ ਹੋਣ ਨਾਲ ਹੀ ਇਹ ਮਸਲਾ ਹੱਲ ਹੋਵੇਗਾ।

ਸ੍ਰੀ ਨਟਵਰ ਸਿੰਘ ਨੇ ਇਹ ਵੀ ਦੋਸ਼ ਲਾਇਆ ਕਿ ਪਾਕਿਸਤਾਨ ਅਮਰੀਕੀ ਸਹਾਇਤਾ ਦਾ ਨਜਾਇਜ਼ ਲਾਭ ਉਠਾ ਰਿਹਾ ਹੈ।

ਕਰਪੂਰੀ ਠਾਕਰ ਚਲ ਵਸੇ

ਭੂਪਾਲ — ਮੱਧ-ਪ੍ਰਦੇਸ਼ ਦੇ ਸਾਬਕਾ ਮੁਖ ਮੰਤਰੀ ਸ੍ਰੀ ਕਰਪੂਰੀ ਠਾਕਰ ਦਾ ਦਿਹਾਂਤ ਹੋ ਗਿਆ ਹੈ। ਕਰਪੂਰੀ ਠਾਕਰ ਹਰੀਜਨ ਲੀਡਰ ਸਨ ਅਤੇ ਕਾਂਗਰਸ-ਵਿਰੋਧੀ ਲਹਿਰ ਸਮੇਂ ਦੇਸ਼ ਭਰ ਵਿਚ ਉਨ੍ਹਾਂ ਦੇ ਨਾਂ ਦੀ ਚਰਚਾ ਸੀ।

ਸਾਰੀਆਂ ਪਾਰਟੀਆਂ ਦੇ ਨੇਤਾਵਾਂ ਵਲੋਂ ਸ੍ਰੀ ਠਾਕਰ ਨੂੰ ਸ਼ਰਧਾਂਜਲੀਆਂ ਪੇਸ਼ ਕੀਤੀਆਂ ਗਈਆਂ ਹਨ।

ਭਜਨ ਲਾਲ ਦੇ ਦੋ ਭਤੀਜੇ ਗ੍ਰਿਫਤਾਰ

ਹਿਸਾਰ — ਪੁਲੀਸ ਨੇ ਪਿਛਲੇ ਦਿਨ ਕੇਂਦਰੀ ਮੰਤਰੀ ਸ੍ਰੀ ਭਜਨ ਲਾਲ ਦੇ ਦੋ ਭਤੀਜਿਆਂ ਨੂੰ ਹਿਰਾਸਤ ਵਿਚ ਲੈ ਲਿਆ। ਇਨ੍ਹਾਂ ਨੂੰ ਪਿਛਲੇ ਸਾਲ ਨਵੰਬਰ ਦੌਰਾਨ ਫਤਹਿਬਾਦ ਜ਼ਿਮਨੀ ਚੋਣ ਸਮੇਂ ਚੇਤ ਰਾਮ ਦੀ ਉਸ ਸ਼ਿਕਾਇਤ ਤੇ ਹਿਰਾਸਤ ਵਿਚ ਲਿਆ ਗਿਆ ਹੈ ਜਿਸ ਵਿਚ ਕਿ ਉਨ੍ਹਾਂ ਨੇ ਕੇਂਦਰੀ ਮੰਤਰੀ ਦੇ ਰਿਸ਼ਤੇਦਾਰਾਂ 'ਤੇ ਧਮਕੀਆਂ ਦੇਣ ਦਾ ਇਲਜ਼ਾਮ ਲਗਾਇਆ ਸੀ।

ਅੰਮ੍ਰਿਤਸਰ ਵਿਚ ਦੋ ਕਤਲ

ਪਿਛਲੇ ਦਿਨ ਪੰਜਾਬ ਦੇ ਵੱਖ ਵੱਖ ਥਾਵਾਂ ਤੇ ਪੰਜ ਵਿਅਕਤੀ ਮਾਰੇ ਗਏ ਜਿਨ੍ਹਾਂ ਵਿਚੋਂ 2 ਅੰਮ੍ਰਿਤਸਰ ਤੇ ਇਕ ਕਪੂਰਥਲਾ ਵਿਚ ਮਾਰਿਆ ਗਿਆ।

ਦਾਰਜੀਲਿੰਗ ਵਿਚ ਦੰਗੇ ਜਾਰੀ

ਦਾਰਜੀਲਿੰਗ — ਪੱਛਮੀ ਬੰਗਾਲ ਦੇ ਪਹਾੜੀ ਇਲਾਕਿਆਂ ਵਿਚ ਗੋਰਖਾ ਅੰਦੋਲਨ ਭਿਆਨਕ ਰੂਪ ਧਾਰਦਾ ਜਾ ਰਿਹਾ ਹੈ। 15 ਫ਼ਰਵਰੀ ਨੂੰ ਗੋਰਖਾ ਦਹਿਸ਼ਤਗਰਦਾਂ ਵਲੋਂ ਦਾਰਜੀਲਿੰਗ ਜ਼ਬਰਦਸਤੀ ਬੰਦ ਕਰਵਾਇਆ ਗਿਆ। ਜਿਨ੍ਹਾਂ ਦੁਕਾਨਦਾਰਾਂ ਨੇ ਦੁਕਾਨਾਂ ਬੰਦ ਕਰਨ ਤੋਂ ਇਨਕਾਰ ਕੀਤਾ — ਦੁਕਾਨਾਂ ਨੂੰ ਅੱਗਾਂ ਲਾਈਆਂ ਗਈਆਂ।

ਇਨ੍ਹਾਂ ਝੜਪਾਂ ਵਿਚ 50 ਤੋਂ ਵੱਧ ਵਿਅਕਤੀ ਜ਼ਖਮੀ ਹੋਣ ਦੀ ਖਬਰ ਹੈ।

ਵਾਈਟ ਪੇਪਰ ਜਾਰੀ ਕਰੋ — ਅਡਵਾਨੀ

ਨਵੀਂ ਦਿੱਲੀ — ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਅਡਵਾਨੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਅਰੁਨਆਂਚਲ ਪ੍ਰਦੇਸ਼ ਦੇ ਜਿਨ੍ਹਾਂ ਇਲਾਕਿਆਂ ਉਤੇ ਚੀਨ ਨੇ ਜ਼ਬਰਦਸਤੀ ਕਬਜ਼ਾ ਕੀਤਾ ਹੋਇਆ ਹੈ, ਉਨ੍ਹਾਂ ਬਾਰੇ ਕੇਂਦਰ ਸਰਕਾਰ ਵਾਈਟ ਪੇਪਰ ਜਾਰੀ ਕਰੇ

ਗੁੰਮਰਾਹਕੁੰਨ ਖਬਰਾਂ — ਪ੍ਰੋ: ਦਰਸ਼ਨ ਸਿੰਘ


ਦੋਰਾਹਾ — ਸ੍ਰੀ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਪ੍ਰੋ: ਦਰਸ਼ਨ ਸਿੰਘ ਨੇ ਪੰਜਾਬੀ ਦੀ ਇਕ ਅਖਬਾਰ ਵਿਚ ਛਪੀ ਇਸ ਖਬਰ ਨੂੰ ਗੁੰਮਰਾਹਕੁੰਨ ਅਤੇ ਸ਼ਰਾਰਤਪੂਰਨ ਦੱਸਿਆ ਹੈ ਕਿ ਉਨ੍ਹਾਂ ਬੀਤੇ ਦਿਨੀਂ ਗ੍ਰਹਿ ਮੰਤਰਾਲੇ ਦੇ ਕਿਸੇ ਅਧਿਕਾਰੀ ਨੂੰ ਮਿਲਣ ਜਾਂ ਗੱਲਬਾਤ ਕਰਨ ਦਾ ਯਤਨ ਕੀਤਾ। ਇਕ ਵਿਸ਼ੇਸ਼ ਇੰਟਰਵਿਊ ਵਿਚ ਉਨ੍ਹਾਂ ਕਿਹਾ ਕਿ ਫਿਰਕੂ ਸੋਚ ਵਾਲੀਆਂ ਅਖਬਾਰਾਂ ਪੰਜਾਬ ਦੇ ਅਮਨ ਨੂੰ ਅੱਗ ਲਗਾਉਣ ਦਾ ਯਤਨ ਕਰ ਰਹੀਆਂ ਹਨ। ਜੇਕਰ ਇਹ ਗੱਲ ਸਾਬਤ ਹੋ ਜਾਵੇ ਕਿ ਉਨ੍ਹਾਂ ਕਿਸੇ ਸਿਆਸੀ ਆਗੂ ਜਾਂ ਗ੍ਰਹਿ ਵਿਭਾਗ ਦੇ ਕਿਸੇ ਬੰਦੇ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਸੀ ਤਾਂ ਉਹ ਹਰ ਤਰ੍ਹਾਂ ਦੀ ਸਜ਼ਾ ਭੁਗਤਣ ਲਈ ਤਿਆਰ ਹਨ।

ਬਾਹਰਲੇ ਰਾਜਾਂ ਦੇ ਆਪਣੇ ਦੌਰੇ ਦਾ ਉਦੇਸ਼ ਦੱਸਦਿਆਂ ਦਰਸ਼ਨ ਸਿੰਘ ਨੇ ਕਿਹਾ ਕਿ ਮਨੁੱਖ ਮਾਤਰ ਦੇ ਭਲੇ ਦਾ ਮਿਸ਼ਨ ਲੈ ਕੇ ਹੀ ਉਹ ਬਾਹਰਲੇ ਰਾਜਾਂ ਵਿਚ ਗਏ ਸਨ। ਉਨ੍ਹਾਂ ਕਿਹਾ ਕਿ ਬਾਹਰਲੇ ਸੂਬਿਆਂ ਦੇ ਸਿੱਖ ਵੀ ਕੇਂਦਰ ਸਰਕਾਰ ਦੀਆਂ ਚਾਲਾਂ ਨੂੰ ਸਮਝਦੇ ਹਨ ਅਤੇ ਪੰਜਾਬ ਦੇ ਵਰਤਮਾਨ ਹਾਲਾਤ ਲਈ ਕੇਂਦਰ ਨੂੰ ਦੋਸ਼ੀ ਮੰਨਦੇ ਹਨ।

ਸ੍ਰੀਮਤੀ ਜਾਨਕੀ ਦੇ ਹਮਾਇਤੀ ਕਾਂਗਰਸ ਨਾਲ ਸਬੰਧ ਨਹੀਂ ਰੱਖਣਗੇ

ਨਵੀਂ ਦਿੱਲੀ — ਰਾਜ ਸਭਾ ਵਿਚ ਏ ਆਈ ਏ ਡੀ ਐਮ ਕੇ ਗਰੁੱਪ ਦੇ ਆਗੂ ਅਲਾਦੀ ਅਰੁਨਾ ਨੇ ਇਥੇ ਆਖਿਆ ਹੈ ਕਿ ਏ ਆਈ ਏ ਡੀ ਐਮ ਕੇ ਵਿਚ ਸ੍ਰੀਮਤੀ ਜਾਨਕੀ ਰਾਮਾਚੰਦਰਨ ਦੇ ਹਮਾਇਤੀ ਕਾਂਗਰਸ (ਆਈ) ਨਾਲ ਕੋਈ ਸਬੰਧ ਨਹੀਂ ਰੱਖਣਗੇ। ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਗਰੁੱਪ ਜੈਲਲਿਤਾ ਗਰੁੱਪ ਵਿਚ ਸ਼ਾਮਲ ਤਾਂ ਹੋ ਸਕਦਾ ਹੈ ਪਰ ਕਾਂਗਰਸ (ਆਈ) ਨਾਲ ਕੋਈ ਸਬੰਧ ਨਹੀਂ ਰੱਖੇਗਾ ਜਿਸ ਨੇ ਤਾਮਿਲਨਾਡੂ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਸ੍ਰੀ ਅਰੁਨਾ ਨੇ ਕਿਹਾ ਕਿ ਉਨ੍ਹਾਂ ਦਾ ਧੜਾ ਕਿਸੇ ਵੀ ਸਮੇਂ ਚੋਣਾਂ ਲਈ ਤਿਆਰ ਹੈ ਅਤੇ ਦੂਜੀਆਂ ਹਮ-ਖਿਆਲ ਪਾਰਟੀਆਂ ਦਾ ਸਹਿਯੋਗ ਹਾਸਲ ਕਰੇਗਾ। ਉਨ੍ਹਾਂ ਆਖਿਆ ਕਿ ਏ ਆਈ ਏ ਡੀ ਐਮ ਕੇ ਪਾਰਲੀਮੈਂਟ ਦੇ ਅੰਦਰ ਤੇ ਬਾਹਰ ਸਰਗਰਮ ਵਿਰੋਧੀ ਧਿਰ ਦਾ ਰੋਲ ਨਭਾਏਗੀ। ਸ੍ਰੀ ਅਰੁਨਾ ਨੇ ਕਿਹਾ ਕਿ ਪਾਰਲੀਮੈਂਟ ਦੇ 22 ਮੈਂਬਰਾਂ ਵਿਚੋਂ 14 ਦੀ ਹਮਾਇਤ ਉਨ੍ਹਾਂ ਦੇ ਧੜੇ ਨੂੰ ਪ੍ਰਾਪਤ ਹੈ।

ਐਡਮਿੰਟਨ ਦੇ ਕ੍ਰਿਸ਼ਨ ਚੰਦਰ ਜੋਸ਼ੀ ਨੂੰ ਆਰਡਰ ਆਫ਼ ਕੈਨੇਡਾ ਹਾਸਲ



ਐਡਮਿੰਟਨ — ਕੈਨੇਡਾ ਦੇ ਗਵਰਨਰ ਜਨਰਲ ਨੇ ਇਥੋਂ ਦੇ ਨਿਵਾਸੀ ਸ੍ਰੀ ਕ੍ਰਿਸ਼ਨ ਚੰਦਰ ਜੋਸ਼ੀ ਨੂੰ ਆਰਡਰ ਆਫ਼ ਕੈਨੇਡਾ ਨਾਲ ਸਨਮਾਨਤ ਕੀਤਾ ਹੈ। ਇਹ ਪਦਵੀ ਕੈਨੇਡਾ ਵਿਚ ਖਾਸ ਬੰਦਿਆਂ ਨੂੰ ਹੀ ਹਾਸਲ ਹੁੰਦੀ ਹੈ।

ਕ੍ਰਿਸ਼ਨ ਚੰਦਰ ਜੋਸ਼ੀ ਐਡਮਿੰਟਨ ਦੀ ਖਾਸ ਹਸਤੀ ਹਨ। ਅਲਬਰਟਾ ਦੀਆਂ ਸੰਸਥਾਵਾਂ ਵਿਚ ਆਪ ਦਾ ਅਹਿਮ ਰੋਲ ਰਿਹਾ ਹੈ। ਸ੍ਰੀ ਜੋਸ਼ੀ ਪੰਜਾਬੀ ਹਨ। 1986 ਤੋਂ ਅਲਬਰਟਾ ਗੇਮਿੰਗ ਕਮਿਸ਼ਨ ਦੇ ਚੇਅਰਮੈਨ ਹਨ। ਕਮਿਊਨਿਟੀ ਲਈ ਕੰਮ ਕਰਨ ਵਜੋਂ ਆਪ ਨੂੰ ਪਹਿਲਾਂ ਵੀ ਅਲਬਰਟਾ ਸਰਕਾਰ ਵਲੋਂ ਕਈ ਵਾਰ ਸਨਮਾਨਿਆ ਜਾ ਚੁੱਕਾ ਹੈ।

ਕਰੁਣਾਨਿਧੀ ਡੀ. ਐਮ. ਕੇ. ਦੇ ਪ੍ਰਧਾਨ ਚੁਣੇ ਗਏ

ਮਦਰਾਸ — ਤਾਮਿਲਨਾਡੂ ਦੀ ਵਿਰੋਧੀ ਰਾਜਸੀ ਪਾਰਟੀ ਡੀ. ਐਮ. ਕੇ. ਦੀ ਜਨਰਲ ਕੌਂਸਲ ਮੀਟਿੰਗ ਦੌਰਾਨ ਸ੍ਰੀ ਐਮ. ਕਰੁਣਾਨਿਧੀ ਨੂੰ ਸਰਬਸੰਮਤੀ ਨਾਲ ਦੁਬਾਰਾ ਫਿਰ ਪ੍ਰਧਾਨ ਚੁਣਿਆ ਗਿਆ। ਇਸੇ ਦੌਰਾਨ ਪਾਰਟੀ ਨੇਤਾਵਾਂ — ਸ੍ਰੀ ਕੇ ਅੰਨਬਾਜਾਗਮ ਨੂੰ ਜਨਰਲ ਸੈਕਟਰੀ, ਸਾਦਿਕ ਪਾਸ਼ਾ ਨੂੰ ਖਜ਼ਾਨਚੀ ਅਤੇ ਨੰਜਿਲ ਮਨੋਹਰਨ ਨੂੰ ਡਿਪਟੀ ਜਨਰਲ ਸੈਕਟਰੀ ਚੁਣਿਆ ਗਿਆ।

ਸੰਯੁਕਤ ਦਲ ਅੰਦੋਲਨ ਨੂੰ ਹੋਰ ਤੇਜ਼ ਕਰੇਗਾ

ਚੰਡੀਗੜ੍ਹ — ਸੰਯੁਕਤ ਅਕਾਲੀ ਦਲ ਵਲੋਂ ਮਾਰਚ ਦੇ ਅੱਧ ਤੱਕ ਦੂਜੇ ਪੜਾਅ ਦਾ ਅੰਦੋਲਨ ਸ਼ੁਰੂ ਕਰਨ ਦੀ ਸੰਭਾਵਨਾ ਹੈ। ਪਹਿਲੇ ਪੜਾਅ ਦਾ ਸਿਖਰ 21 ਫਰਵਰੀ ਨੂੰ ਲੁਧਿਆਣਾ ਵਿਚ ਸੂਬਾ ਪੱਧਰ ਦੀ ਰੈਲੀ ਹੋਵੇਗੀ। ਪਾਰਟੀ ਹਲਕਿਆਂ ਅਨੁਸਾਰ ਅਗਲੇ ਕੁਝ ਦਿਨਾਂ ਤੱਕ ਪ੍ਰੀਜੀਡੀਅਮ ਅਤੇ ਕੌਂਸਲ ਦੀ ਮੀਟਿੰਗ ਬੁਲਾਈ ਜਾ ਰਹੀ ਹੈ। ਮੀਟਿੰਗ ਵਿਚ ਜਿਥੇ 21 ਫਰਵਰੀ ਨੂੰ ਰੈਲੀ ਦੀਆਂ ਤਿਆਰੀਆਂ ਨੂੰ ਅੰਤਮ ਰੂਪ ਦਿੱਤਾ ਜਾਵੇਗਾ ਉਥੇ ਅਗਲੇ ਪੜਾਅ ਦੇ ਪ੍ਰੋਗਰਾਮ ਉਪਰ ਵੀ ਪਾਰਟੀ ਲੀਡਰਸ਼ਿਪ ਵਿਚਾਰ ਵਟਾਂਦਰਾ ਕਰੇਗੀ।

ਇਕ ਸੁਝਾਅ ਤਾਂ ਇਹ ਹੈ ਕਿ ਪਾਰਲੀਮੈਂਟ ਦੇ ਬਜਟ ਸੈਸ਼ਨ ਦੌਰਾਨ ਪਾਰਲੀਮੈਂਟ ਅਗੇ ਚੋਣਵੇਂ ਪ੍ਰਤੀਨਿਧਾਂ ਵਲੋਂ ਧਰਨਾ ਦਿੱਤਾ ਜਾਏ। ਪਾਰਟੀ ਇਹ ਸਮਝਦੀ ਹੈ ਕਿ ਇਸ ਧਰਨੇ ਉਤੇ ਬਹੁਤ ਵੱਡਾ ਪ੍ਰੋਗਰਾਮ ਕਰਨ ਦੀ ਲੋੜ ਨਹੀਂ ਹੈ। ਪਾਰਟੀ ਦੀ ਲੀਡਰਸ਼ਿਪ ਅਤੇ ਕੁਝ ਹੋਰ ਪ੍ਰਤੀਨਿਧ ਹੀ ਉਸ ਧਰਨੇ ਉਤੇ ਬੈਠਣ। ਇਕ ਹੋਰ ਸੁਝਾਅ ਇਹ ਵੀ ਹੈ ਕਿ ਪੰਜਾਬ ਦੇ ਸੀਨੀਅਰ ਪੁਲੀਸ ਅਧਿਕਾਰੀਆਂ ਦੇ ਦਫਤਰਾਂ ਅੱਗੇ ਧਰਨੇ ਮਾਰੇ ਜਾਣ। ਇਸ ਨਾਲ ਪੁਲੀਸ ਦੀਆਂ ਵਧੀਕੀਆਂ ਵਿਰੁੱਧ ਜਨਤਕ ਦਬਾਅ ਵਧੇਗਾ। ਗਰਮ ਖਿਆਲੀ ਨੌਜਵਾਨ ਵੀ ਇਸ ਅੰਦੋਲਨ ਨੂੰ ਸਹਿਯੋਗ ਦੇਣਗੇ। ਪ੍ਰੰਤੂ ਪਾਰਟੀ ਰਾਜਪਾਲ ਭਵਨ ਅੱਗੇ ਕੋਈ ਮੋਰਚਾ ਜਾਂ ਧਰਨਾ ਦੇਣ ਦੇ ਵਿਚਾਰ ਨਾਲ ਸਹਿਮਤ ਨਹੀਂ ਹੈ ਕਿਉਂ ਜੋ ਪਾਰਟੀ ਇਹ ਸਮਝਦੀ ਹੈ ਕਿ ਰਾਜਪਾਲ ਦੀ ਇਕ ਪ੍ਰਸ਼ਾਸਕ ਤੋਂ ਵੱਧ ਕੋਈ ਥਾਂ ਨਹੀਂ ਹੈ।

ਪਾਰਟੀ ਹਲਕਿਆਂ ਦਾ ਕਹਿਣਾ ਹੈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੇਲ੍ਹ ਤੋਂ ਰਿਹਾਅ ਹੋਣ ਮਗਰੋਂ ਉਲੀਕੇ ਗਏ ਧਰਨਿਆਂ ਦੇ ਪ੍ਰੋਗਰਾਮ ਨੂੰ ਪਾਰਟੀ ਦੀ ਉਮੀਦ ਤੋਂ ਵੀ ਵਧੇਰੇ ਹੁੰਗਾਰਾ ਮਿਲਿਆ ਹੈ। ਬਾਦਲ ਦੇ ਨੇੜਲੇ ਸਹਿਯੋਗੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਕੇਂਦਰ ਜਾਂ ਕਾਂਗਰਸ (ਆਈ) ਪਾਰਟੀ ਉਤੇ ਭਰੋਸੇ ਦਾ ਤਾਂ ਵਰਕਾ ਹੀ ਪਾੜ ਦਿੱਤਾ ਹੈ ਬਾਦਲ ਇਸ ਗੱਲ ਲਈ ਵੀ ਦ੍ਰਿੜ੍ਹ ਜਾਪਦੇ ਹਨ ਕਿ ਉਹ ਪਾਰਟੀ ਅੰਦਰਲੇ ਵੱਖ ਵੱਖ ਧੜਿਆਂ ਨੂੰ ਨਾਲ ਲੈ ਕੇ ਚਲਣ। ਪਤਾ ਲੱਗਾ ਹੈ ਕਿ ਉਨ੍ਹਾਂ ਪਟਿਆਲਾ ਵਿਚ ਮਹਾਰਾਜਾ ਅਮਰਿੰਦਰ ਸਿੰਘ ਨਾਲ ਪਾਰਟੀ ਦੀ ਨੀਤੀ ਅਤੇ ਜਥੇਬੰਦਕ ਮਾਮਲਿਆਂ ਬਾਰੇ ਵਿਸਥਾਰ ਵਿਚ ਵਿਚਾਰ ਵਟਾਂਦਰਾ ਕੀਤਾ। ਕੈਪਟਨ ਅਮਰਿੰਦਰ ਸਿੰਘ ਕਈ ਧਰਨਿਆਂ ਵਿਚ ਗੈਰ ਹਾਜ਼ਰ ਰਹੇ ਸਨ ਅਤੇ ਉਨ੍ਹਾਂ ਦੀ ਮੰਗ ਹੈ ਕਿ ਪਾਰਟੀ ਕੁਝ ਮੁੱਦਿਆਂ ਉਤੇ ਵਧੇਰੇ ਸਪਸ਼ਟ ਲਾਈਨ ਅਖਤਿਆਰ ਕਰੇ।

ਵਰਤਮਾਨ ਪ੍ਰਸਥਿਤੀਆਂ ਅੰਦਰ ਸੰਯੁਕਤ ਅਕਾਲੀ ਦਲ ਦੀ ਅਕਾਲੀ ਦਲ (ਲੋ:) ਨਾਲ ਸਮਝੌਤੇ ਦੀ ਸੁਰ ਵੀ ਮੱਧਮ ਪੈ ਗਈ ਹੈ। ਸ੍ਰੀ ਬਰਨਾਲਾ ਜੀ ਥਾਂ ਜੇਕਰ ਬਲਵੰਤ ਸਿੰਘ ਵੀ ਪਾਰਟੀ ਨੇਤਾ ਬਣ ਜਾਣ ਤਾਂ ਵੀ ਏਕਤਾ ਦਾ [illegible]

ਸ੍ਰੀਲੰਕਾ ਵਿਚ 231 ਗ੍ਰਿਫ਼ਤਾਰ — 3 ਭਾਰਤੀ ਜਵਾਨ ਹਲਾਕ

ਕੋਲੰਬੋ — ਭਾਰਤੀ ਹਾਈ ਕਮਿਸ਼ਨਰ ਸ੍ਰੀ ਦੀਕਸ਼ਤ ਨੇ ਇਕ ਬਿਆਨ ਵਿਚ ਕਿਹਾ ਕਿ ਵਾਨੀ ਦੇ ਜੰਗਲ ਵਿਚ ਤਾਮਿਲ ਗੁਰੀਲਿਆਂ ਦੇ ਟਿਕਾਣਿਆਂ ਉਤੇ ਛਾਪੇ ਮਾਰ ਕੇ 231 ਆਤੰਕਵਾਦੀ ਗ੍ਰਿਫਤਾਰ ਕਰ ਲਏ ਗਏ ਹਨ ਜਿਨ੍ਹਾਂ ਵਿਚ ਤਿੰਨ ਵੱਡੇ ਲੀਡਰ ਵੀ ਸ਼ਾਮਲ ਹਨ।

15,000 ਭਾਰਤੀ ਸ਼ਾਂਤੀ ਸੈਨਾ ਨੇ ਵਾਨੀ ਦੇ ਜੰਗਲ ਦਾ ਇਲਾਕਾ ਘੇਰਿਆ ਹੋਇਆ ਹੈ। ਤਾਮਿਲ ਗੁਰੀਲਿਆਂ ਨੇ ਘਾਤ ਲਾ ਕੇ 3 ਭਾਰਤੀ ਜਵਾਨ ਹਲਾਕ ਕਰ ਦਿਤੇ। ਇਕ ਤਾਮਿਲ ਗੁਰੀਲਾ ਵੀ ਮਾਰਿਆ ਗਿਆ ਹੈ। ਛਾਣੇ ਜਾ ਰਹੇ ਇਲਾਕੇ ਵਿਚ ਕਰਫੀਊ ਜਾਰੀ ਹੈ।

ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੀ ਸਾਲਾਨਾ ਕਾਨਫਰੰਸ

ਵੈਨਕੂਵਰ — ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੀ ਸਾਲਾਨਾ ਕਨਵੈਨਸ਼ਨ 28 ਫ਼ਰਵਰੀ ਨੂੰ ਨਿਊਵੈਸਟ ਮਿਨਸਟਰ ਵਿਚ ਆਈ. ਡਬਲਯੂ. ਏ. ਹਾਲ ਵਿਚ ਹੋ ਰਹੀ ਹੈ ਜਿਸ ਵਿਚ ਹੋਰ ਭਰਾਤਰੀ ਯੂਨੀਅਨਾਂ ਦੇ ਲੀਡਰਾਂ ਸਮੇਤ ਲੇਬਰ ਦੇ ਲੀਡਰ ਕੈਨ ਜਾਰਜੈਟੀ ਵੀ ਸ਼ਾਮਲ ਹੋਣਗੇ।

ਇਸੇ ਦੌਰਾਨ ਪਤਾ ਲੱਗਾ ਹੈ ਕਿ ਕੁਝ ਵਿਅਕਤੀਆਂ ਵਲੋਂ ਇਹ ਸਾਜ਼ਿਸ਼ ਵੀ ਰਚੀ ਜਾ ਰਹੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਯੂਨੀਅਨ ਦੀ ਐਗਜ਼ੈਕਟਿਵ ਕਮੇਟੀ ਉਤੇ ਕਬਜ਼ਾ ਕੀਤਾ ਜਾਵੇ। ਇਹ ਅਨਸਰ ਖਾਲਿਸਤਾਨੀ ਤੇ ਮੁਸਲਿਮ ਲੀਗੀ ਅਨਸਰਾਂ ਨਾਲ ਭਾਈਵਾਲੀ ਪਾ ਕੇ ਪਹਿਲਾਂ ਕਾਫੀ ਬਦਨਾਮੀ ਖੱਟ ਚੁਕਾ ਹੈ।

ਯਾਦ ਰਹੇ ਕਿ ਜਦ ਪਿਛਲੇ ਵਰ੍ਹੇ ਸਰਵਣ ਬੋਲ ਯੂਨੀਅਨ ਦੇ ਪ੍ਰਧਾਨ ਬਣੇ ਸਨ ਤਾਂ ਗਿਣਤੀ ਦੀ ਹੀ ਮੈਂਬਰਸ਼ਿਪ ਰਹਿ ਗਈ ਸੀ। ਸਰਵਣ ਬੋਲ ਨੇ ਅਣਥੱਕ ਮਿਹਨਤ ਕਰਕੇ ਯੂਨੀਅਨ ਨੂੰ ਆਪਣੇ ਸਾਥੀ ਮੈਂਬਰਾਂ ਦੀ ਮੱਦਦ ਨਾਲ ਮੁੜ ਪੈਰਾਂ ਉਤੇ ਖੜ੍ਹਾ ਕੀਤਾ ਹੈ। ਸਾਲਾਨਾ ਕਨਵੈਨਸ਼ਨ ਉਤੇ ਐਗਜ਼ੈਕਟਿਵ ਦੀ ਚੋਣ ਵਿਚ ਸ਼ਾਮਲ ਹੋਣ ਲਈ ਇਹ ਬਦਨਾਮ ਧੜਾ ਕਾਫੀ ਹੱਥ-ਕੰਡੇ ਵਰਤ ਰਿਹਾ ਸੁਣੀਦਾ ਹੈ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

ਲੋਕ-ਬਾਣੀ

ਮਾਸੂਮਾਂ ਦੇ ਕਾਤਲ

ਜੂਨ 1985 ਵਿਚ ਹੋਏ ਦੋ ਭਿਆਨਕ ਹਾਦਸੇ ਜਿਨ੍ਹਾਂ ਵਿਚ ਏਅਰ ਇੰਡੀਆ ਦਾ ਭਿਆਨਕ ਹਾਦਸਾ ਤੇ ਨਰੀਟਾ ਹਵਾਈ ਅੱਡੇ ਉਤੇ ਹੋਇਆ ਬੰਬ ਧਮਾਕਾ ਜਿਸ ਵਿਚ 331 ਮਾਸੂਮ ਲੋਕਾਂ ਦੀਆਂ ਜਾਨਾਂ ਗਈਆਂ ਸਨ ਮੁੜ ਚਰਚਾ ਦਾ ਕੇਂਦਰ ਬਣ ਗਏ ਹਨ । ਇੰਗਲੈਂਡ ਵਿਚ ਹੋਈ ਇਕ ਵਿਅਕਤੀ ਦੀ ਗ੍ਰਿਫਤਾਰੀ ਨਾਲ ਮੁੜ ਅਖਬਾਰਾਂ ਵਿਚ ਇਸ ਦੀ ਚਰਚਾ ਚੱਲ ਪਈ ਹੈ ਜੋ ਕਮਿਊਨਿਟੀ ਲਈ ਸ਼ਰਮਸਾਰੀ ਦਾ ਕਾਰਨ ਬਣੀ ਹੈ । ਖੁਫੀਆ ਏਜੰਸੀਆਂ ਤੇ ਪੁਲਸ ਵਲੋਂ ਮੁੜ ਸਰਗਰਮੀ ਤੇਜ਼ ਹੋ ਗਈ ਹੈ ਤੇ ਕੁਝ ਵਿਅਕਤੀਆਂ ਦੀ ਪੁਛ ਗਿਛ ਜਾਰੀ ਹੈ । ਜਿਉਂ ਜਿਉਂ ਇਸ ਕੇਸ ਦੀਆਂ ਤਹਿਆਂ ਖੁਲ੍ਹਣੀਆਂ ਹਨ ਤਿਉਂ ਤਿਉਂ ਕਮਿਊਨਿਟੀ ਨੂੰ ਇਸ ਦੀਆਂ ਪੀੜਾਂ ਸਹਿਣੀਆਂ ਪੈਣੀਆਂ ਹਨ । ਇਹ ਅਜਿਹਾ ਸਮਾਂ ਹੈ ਜਿਹੜਾ ਕਿਸੇ ਵੀ ਕਮਿਊਨਿਟੀ ਲਈ ਦੁਖਦਾਈ ਤਾਂ ਹੈ ਹੀ, ਪਰ ਨਾਲ ਦੀ ਨਾਲ ਇਹ ਕਮਿਊਨਿਟੀ ਦੇ ਭਵਿੱਖ ਲਈ ਮਾਰੂ ਵੀ ਸਾਬਤ ਹੋ ਸਕਦਾ ਹੈ ।

ਜਿਨ੍ਹਾਂ ਲੋਕਾਂ ਨੇ ਅਜਿਹਾ ਕਾਰਾ ਕੀਤਾ ਹੈ ਉਨ੍ਹਾਂ ਬਾਰੇ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ਕਿਉਂਕਿ ਸ਼ੱਕ ਦੀ ਬਨਾ ਉਤੇ ਕੋਈ ਵੀ ਮੁਜਰਮ ਸਾਬਤ ਨਹੀਂ ਹੁੰਦਾ । ਇਹ ਜ਼ਰੂਰੀ ਨਹੀਂ ਕਿ ਗ੍ਰਿਫਤਾਰ ਕੀਤਾ ਕੋਈ ਵੀ ਵਿਅਕਤੀ ਮੁਜਰਮ ਹੋਵੇ । ਇਹ ਫੈਸਲੇ ਠੋਸ ਸਬੂਤਾਂ ਦੇ ਆਧਾਰ ਉਤੇ ਹੀ ਹੁੰਦੇ ਹਨ ਤੇ ਇਨ੍ਹਾਂ ਮੁਲਕਾਂ ਵਿਚ ਜਿਥੇ ਰਾਜਨੀਤੀ ਜੁਡੀਸ਼ਰੀ ਵਿਚ ਘੱਟ ਹੀ ਦਖਲ ਅੰਦਾਜ਼ੀ ਕਰਦੀ ਹੈ, ਇਨਸਾਫ਼ ਹੋਣਾ ਲਾਜ਼ਮੀ ਹੈ।

ਪਰ ਕੁਝ ਅਖਬਾਰਾਂ ਤੇ ਵਿਅਕਤੀਆਂ ਦੇ ਬਿਆਨ ਅਜਿਹੇ ਵੀ ਆਉਂਦੇ ਹਨ ਜੋ ਕੇਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਚੰਗੇ ਜਾਂ ਮਾੜੇ ਹੋਣ ਦੇ ਸਰਟੀਫਿਕੇਟ ਦੇਣੇ ਸ਼ੁਰੂ ਕਰ ਦਿੰਦੇ ਹਨ । ਇਨ੍ਹਾਂ ਵਿਚ ਅੰਗਰੇਜ਼ੀ ਮੀਡੀਏ ਦਾ ਰੋਲ ਵੀ ਅਜਿਹਾ ਹੈ ਜੋ ਬਲਦੀ ਉਤੇ ਤੇਲ ਪਾਉਂਦਾ ਹੈ ਤੇ ਖਬਰਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦਾ ਹੈ ।

ਕਈ ਅਖਬਾਰ ਤਾਂ ਵਿੰਗੇ ਟੇਢੇ ਢੰਗ ਨਾਲ ਆਪਣੀਆਂ ਜ਼ਾਤੀ ਦੁਸ਼ਮਣੀਆਂ ਨੂੰ ਵੀ ਲਿਆ ਵਿਚ ਘਸੋੜਦੇ ਹਨ । ਅਜਿਹੇ ਅਖਬਾਰ ਜੋ ਪੰਜਾਬੀ ਕਮਿਊਨਿਟੀ ਦੀ ਤਰਜਮਾਨੀ ਕਰਨ ਦਾ ਦਾਅਵਾ ਭਰਦੇ ਹਨ, ਇਹ ਭੁੱਲ ਜਾਂਦੇ ਹਨ ਕਿ ਹਿੰਸਾਤਮਕ ਕਾਰਵਾਈਆਂ ਕਰਨ ਵਾਲਿਆਂ ਨੂੰ 'ਹੀਰੋ' ਬਨਾਉਣ ਵਿਚ ਉਨ੍ਹਾਂ ਨੇ ਵੀ ਅਹਿਮ ਰੋਲ ਅਦਾ ਕੀਤੇ ਹਨ ਅਤੇ ਕਰ ਰਹੇ ਹਨ । ਜਦੋਂ ਕਮਿਊਨਿਟੀ ਦੀ ਬਦਨਾਮੀ ਹੁੰਦੀ ਹੈ ਤਾਂ ਅਖਬਾਰਾਂ ਵਾਲੇ ਇਸ ਤੋਂ ਵੱਖ ਨਹੀਂ ਹਨ ।

ਇਹ ਚਰਚਾ ਆਉਂਦੇ ਸਮੇਂ ਵਿਚ ਹੋਰ ਵੀ ਵਧਣੀ ਹੈ । ਹਰ ਕਮਿਊਨਿਟੀ ਵਿਚ ਚੰਗੇ ਜਾਂ ਮਾੜੇ ਵਿਅਕਤੀ ਹੋਣੇ ਕੁਦਰਤੀ ਹਨ । ਜੇ ਕੁਝ ਲੋਕਾਂ ਨੇ ਵਿਅਕਤੀਗਤ ਤੌਰ ਉਤੇ ਮਾੜੇ ਕੰਮ ਕੀਤੇ ਹਨ ਤਾਂ ਕਮਿਊਨਿਟੀ ਨੂੰ ਸਪੱਸ਼ਟ ਸਟੈਂਡ ਲੈਣਾ ਪਵੇਗਾ ਕਿ ਗੰਦੇ ਆਂਡੇ ਹਰ ਕਮਿਊਨਿਟੀ ਵਿਚ ਹੋ ਸਕਦੇ ਹਨ — ਇਸ ਲਈ ਵਿਅਕਤੀ ਦੋਸ਼ੀ ਹੋ ਸਕਦੇ ਹਨ ਪਰ ਸਮੁੱਚੀ ਕਮਿਊਨਿਟੀ ਦਾ ਅਜਿਹੇ ਵਿਅਕਤੀਆਂ ਨਾਲ ਕੋਈ ਸਰੋਕਾਰ ਨਹੀਂ । ਕੁਝ ਵਿਅਕਤੀਆਂ ਦੀਆਂ ਗਲਤੀਆਂ ਦੀ ਸਜ਼ਾ ਕਮਿਊਨਿਟੀ ਕਿਉਂ ਭੁਗਤੇ ?

ਧਰਮ ਅਤੇ ਸਿਆਸਤ

ਮੁਖ ਸੰਪਾਦਕ 'ਕੈਨੇਡਾ ਦਰਪਣ'

ਸਤਿ ਸ੍ਰੀ ਅਕਾਲ

ਕਾਫੀ ਚਿਰ ਤੋਂ ਤੁਹਾਨੂੰ ਕੋਈ ਮਜ਼ਮੂਨ ਨਹੀਂ ਭੇਜ ਸਕਿਆ ਇਸ ਪਤ੍ਰਕਾ ਦੇ ਨਾਲ ਇਕ ਜ਼ਰੂਰੀ ਮਜ਼ਮੂਨ ਭੇਜ ਰਿਹਾ ਹਾਂ । ਧਰਮ ਤੇ ਸਿਆਸਤ ਨੂੰ ਵੱਖ ਕਰਨ ਦਾ ਸਵਾਲ ਇਸ ਸਮੇਂ ਦਾ ਸਭ ਤੋਂ ਮੁਖ ਪ੍ਰਸ਼ਨ ਹੈ ਅਕਾਲੀਆਂ ਨੇ ਅੱਜ ਤੱਕ ਜਿਤਨਾ ਨੁਕਸਾਨ ਉਠਾਇਆ ਹੈ ਉਹ ਧਰਮ ਤੇ ਸਿਆਸਤ ਨੂੰ ਗਡ ਮਡ ਕਰਨ ਕਰਕੇ ਹੀ ਉਠਾਇਆ ਹੈ। ਜਦੋਂ ਤੱਕ ਸਿੱਖ ਬੁੱਧੀਜੀਵੀ ਇਸ ਮਸਲੇ ਤੇ ਇਕ ਸਪਸ਼ਟ ਪੱਖ ਲੈ ਕੇ ਮਨੁੱਖਤਾ ਨੂੰ ਅਤੇ ਖਾਸ ਕਰਕੇ ਸਿੱਖਾਂ ਨੂੰ ਕੋਈ ਨਵੀਂ ਸੇਧ ਨਹੀਂ ਦਿੰਦੇ ਸਿੱਖ ਨੌਜਵਾਨ ਕੁਰਾਹੇ ਪੈ ਕੇ ਕੌਮ ਦਾ ਤੇ ਦੇਸ਼ ਦਾ ਨੁਕਸਾਨ ਕਰਦੇ ਰਹਿਣਗੇ ਅਤੇ ਅਮਨ ਦੀਆਂ ਦੁਸ਼ਮਣ ਸਾਮਰਾਜੀ ਤਾਕਤਾਂ ਦੀ ਕਠਪੁਤਲੀ ਬਣ ਕੇ ਨਚਦੇ ਰਹਿਣਗੇ। ਦੇਸ਼ ਦੇ ਅਮਨ ਤੇ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਦੇਸ਼ ਵਿਚੋਂ ਫਿਰਕੂ ਕੱਟੜਵਾਦ ਫੈਲਾਣ ਵਾਲੀਆਂ ਸ਼ਕਤੀਆਂ ਵਿਰੁਧ ਜ਼ੋਰਦਾਰ ਆਵਾਜ਼ ਉਠਾਣੀ ਬਹੁਤ ਜ਼ਰੂਰੀ ਹੈ ।

ਆਮ ਲਿਖਾਰੀ ਮਖੀ ਤੇ ਮਖੀ ਮਾਰ ਜਾਂਦੇ ਹਨ ਅਤੇ ਫਿਰਕੂ ਨਫਰਤ ਫੈਲਾਣ ਵਾਲੀਆਂ ਭੜਕਾਊ ਲਿਖਤਾਂ ਲਿਖ ਕੇ ਬਲਦੀ ਉਤੇ ਤੇਲ ਪਾਉਣ ਦਾ ਯਤਨ ਕਰ ਰਹੇ ਹਨ । ਤੁਸੀਂ ਕੈਨੇਡਾ ਦਰਪਣ ਰਾਹੀਂ ਫਿਰਕੂ ਨਫਰਤ ਫੈਲਾਉਣ ਵਾਲੇ ਲੋਕਾਂ ਨਾਲ ਜੋ ਟਕਰ ਲੈ ਰਹੇ ਹੋ ਇਸ ਲਈ ਮੈਂ ਤੁਹਾਡੇ ਨਾਲ ਹਾਂ ਤੇ ਸਮੇਂ ਸਮੇਂ ਆਪਣੇ ਵਿਚਾਰ ਤੁਹਾਨੂੰ ਭੇਜਦਾ ਰਹਾਂਗਾ । ਅਗਲੇ ਮਹੀਨੇ ਕੈਨੇਡਾ ਦਰਪਣ ਤੇ ਕਲਮ ਦਾ ਚੰਦਾ ਭੇਜਣ ਦਾ ਵੀ ਯਤਨ ਕਰਾਂਗਾ । ਗੁਰਚਰਨ ਰਾਮਪੁਰੀ ਨੂੰ ਯੂਬਾ ਸਿਟੀ ਵਿਚ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ । ਬਹੁਤ ਸੁਲਝੇ ਹੋਏ ਲਿਖਾਰੀ ਹਨ । ਤੁਹਾਡੇ ਪਾਸ ਹੋਰ ਵੀ ਕਈ ਬਹੁਤ ਚੰਗੇ ਲੇਖਕ ਤੇ ਕਵੀ ਹਨ । ਜਿਨ੍ਹਾਂ ਦੇ ਸਹਿਯੋਗ ਸਦਕਾ ਤੁਹਾਡਾ ਪ੍ਰਚਾ ਬਹੁਤ ਚੰਗੀ ਪ੍ਰਗਤੀ ਕਰ ਰਿਹਾ ਹੈ । ਸਰਬਤ ਸਜਣਾਂ ਮਿਤਰਾਂ ਨੂੰ ਫਤਹਿ ।

ਤੁਹਾਡਾ ਸ਼ੁਭਚਿੰਤਕ

ਜੰਗ ਸਿੰਘ ਗਿਆਨੀ, ਕੈਲੇਫੋਰਨੀਆ - ਅਮਰੀਕਾ ।

ਸਫ਼ਰਨਾਮੇ ਦੀ ਪਹਿਲੀ ਕਿਸ਼ਤ

ਪਿਆਰੇ ਦਰਸ਼ਨ,

ਸਫ਼ਰਨਾਮੇ ਦੀ ਪਹਿਲੀ ਕਿਸ਼ਤ ਐਤਕਾਂ ਪੰਜਾਬੀ ਦਰਪਣ 'ਚ ਛਪੀ ਹੈ । ਆਮ ਵਾਂਗ ਗਲਤੀਆਂ ਕਾਫੀ ਸਨ, ਏਸ ਲਈ ਠੀਕ ਕਰਕੇ ਤੈਨੂੰ ਘਲ ਰਿਹਾ ਹਾਂ ਤਾਕਿ ਕੈਨੇਡਾ ਦਰਪਣ 'ਚ ਗ਼ਲਤ ਨਾ ਛਪੇ । ਮੇਰੇ ਕੈਮਰੇ 'ਚ ਫ਼ੋਟੋਆਂ 'ਚ ਕੋਈ ਬਹੁਤੀਆਂ ਚੰਗੀਆਂ ਨਹੀਂ ਆਈਆਂ । ਕੁਝ ਸਲਾਈਡਾਂ ਹਨ, ਪਰ ਉਹ ਕਾਰਆਮਦ ਨਹੀਂ । ਤੂੰ ਕੁਝ ਤਸਵੀਰਾਂ ਖਿਚੀਆਂ ਸਨ ਉਹ ਜੇ ਲੇਖਾਂ ਨਾਲ ਵਰਤ ਸਕੇਂ ਤਾਂ ਬੜਾ ਚੰਗਾ ਹੋਵੇ । ਉਹ ਤਸਵੀਰਾਂ ਮੈਨੂੰ ਵੀ ਚਾਹੀਦੀਆਂ ਹਨ ।

ਆਪਣੀ ਕਵਿਤਾ ਵਾਲਾ ਕੈਨੇਡਾ ਦਰਪਣ ਮੈਂ ਦੇਖ ਲਿਆ ਹੈ । ਜੇ ਮੈਨੂੰ ਵੀ ਇਕ ਪਰਚਾ ਘੱਲ ਦਿੰਦੋਂ ਤਾਂ ਚੰਗਾ ਹੁੰਦਾ !

ਮੈਂ ਸਫ਼ਰਨਾਮੇ ਦੀਆਂ ਹੋਰ ਦੋ ਕਿਸ਼ਤਾਂ ਵੇਲੇ ਸਿਰ ਘਲ ਦਊਂਗਾ । ਹੋਰ ਸੱਜਣਾਂ ਮਿਤ੍ਰਾਂ ਨੂੰ ਮੇਰੀ ਫ਼ਤਹ ਬੁਲਾਉਣੀ ।

ਅਮਰਜੀਤ ਚੰਦਨ
ਲੰਡਨ (ਇੰਗਲੈਂਡ)

ਨੋਟ — ਵੈਨਕੂਵਰ 'ਚ ਪੰਜਾਬੀ ਕਮਿਊਨਿਟੀ ਸੈਂਟਰ ਦਾ ਚੁੱਕਣ ਚੁੱਕੋ ।

"ਕਦੀ ਤਾਂ ਐਨਕ ਸਾਫ਼ ਕਰ ਲਵੋ ਜੀ?"

ਪਿਆਰੇ ਸੰਪਾਦਕ ਜੀ,

'ਇੰਡੋ ਕੈਨੇਡੀਅਨ ਟਾਇਮਜ਼' ਦੇ ਜਨਵਰੀ 8, 88 ਵਾਲੇ ਇਸ਼ੂ ਦੇ ਸਫ਼ਾ A-7 ਤੇ ਇਕ ਆਰਟੀਕਲ 'ਕਦੀ ਤਾਂ ਐਨਕ ਸਾਫ਼ ਕਰ ਲਵੋ ਜੀ' ਦੇ ਸਿਰਲੇਖ ਹੇਠਾਂ ਛਪਿਆ ਹੈ । ਜਿਸ ਵਿਚ ਸੂਫ਼ੀ ਦੀ ਜਿੰਦਗੀ ਤੇ ਚਿੱਕੜ ਸੁੱਟ ਕੇ ਇੰ: ਕੈ: ਟਾ: ਦੀਆਂ ਨੀਤੀਆਂ ਨੂੰ ਸਹੀ ਸਿੱਧ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ ਹੈ । ਬਦ-ਕਿਸਮਤੀ ਨੂੰ ਇਸ ਅਲੋਚਨਾ ਦਾ ਲਿਖਾਰੀ ਲਿਖਦਾ ਹੈ ਕਿ ਅਲੋਚਨਾ ਉਸਾਰੂ ਅਤੇ ਨਿਰਪੱਖ ਹੋਣੀ ਚਾਹੀਦੀ ਹੈ ।

ਸਭ ਤੋਂ ਪਹਿਲਾਂ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕਈਆਂ ਸਾਲਾਂ ਤੋਂ ਇੰ: ਕੈ: ਟਾ: ਨੇ ਕਿਸੇ ਵੀ ਪਾਰਟੀ, ਗਰੁੱਪ ਜਾਂ ਵਿਅਕਤੀ ; ਜਿਹੜਾ ਇਹਦੇ ਵਿਚਾਰਾਂ ਨਾਲ ਸਹਿਮਤ ਨਹੀਂ ਉਨ੍ਹਾਂ ਉਤੇ ਭੱਦੀ ਲਫਾਜ਼ੀ ਵਰਤ ਕੇ, ਨਾਂ-ਕੁਨਾਂ ਵਰਤਕੇ ਚਿੱਕੜ ਸੁੱਟਣ ਦੀ ਕੋਸ਼ਿਸ਼ ਕੀਤੀ ਹੈ । ਉਪਰੋਕਤ ਲਿਖਿਆ ਆਰਟੀਕਲ ਇਸ ਵਾਸਤੇ ਇਹਦੀਆਂ ਪੁਰਾਣੀਆਂ ਨੀਤੀਆਂ ਦਾ ਹੀ ਇਕ ਹਿਸਾ ਹੈ ।

ਕੈਨੇਡਾ-ਦਰਪਣ ਵਿਚ ਸੂਫ਼ੀ ਵਲੋਂ ਲਿਖੇ ਸਮਾਚਾਰ ਪੰਜਾਬੀ ਪੱਤਰਾਂ ਬਾਰੇ, ਸਾਹਿਤਕ ਪਰਚੇ ਬਾਰੇ ਅਲੋਚਕ ਲਿਖਦਾ ਹੈ ਕਿ, "ਇਹ ਜੇ ਆਰਥਿਕ ਹਿਤਾਂ ਲਈ ਕੀਤਾ ਜਾਂਦਾ ਹੈ ਤਾਂ ਭਾਈ ਮੇਰੀ ਗੱਲ ਨੂੰ ਨਜ਼ਰੋਂ ਉਹਲੇ ਕਰ ਦੇਣਾ", ਉਸ ਪਰਚੇ ਵਿਚ ਉਨ੍ਹਾਂ ਦੇਸ਼ ਭਗਤਾਂ ਵਲੋਂ ਕੀਤੇ ਉਦਮਾਂ ਵਿਚੋਂ ਵੀ ਨਮੂਨੇ ਵਜੋਂ ਅੰਸ਼ ਛਾਪੇ ਗਏ ਹਨ, ਜਿੰਨ੍ਹਾਂ ਨੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਵਡਮੁੱਲਾ ਹਿਸਾ ਪਾਇਆ । ਇਹ ਸੋਚਣਾ ਕਿ ਇਹ ਪਰਚਾ ਪੈਸਿਆਂ ਲਈ ਲਿਖਿਆ ਗਿਆ ਉਸ ਵੇਸ਼ਵਾ ਵਰਗੀ ਸੋਚ ਹੈ ਜਿਸ ਨੂੰ ਔਰਤ-ਮਰਦ ਦੇ ਪਵਿੱਤਰ ਰਿਸ਼ਤੇ ਵਿਚੋਂ ਹਮੇਸ਼ਾਂ ਪੈਸਿਆਂ ਦੀ ਬੋਅ ਆਉਂਦੀ ਹੈ ।

ਅੱਗੇ ਅਲੋਚਕ ਲਿਖਦਾ ਹੈ "ਕੈਨੇਡਾ ਦਾ ਸ਼ੀਸ਼ਾ (ਕੈਨੇਡਾ ਦਰਪਣ) ਆਪਣੇ ਆਪ ਵਿਚ ਪੂਰਨ ਅਦਾਰਾ ਨਹੀਂ ਕਿਉਂਕਿ ਗਿੱਲ ਹੋਰੀਂ ਇੰਸ਼ੋਰੈਂਸ ਵੇਚਣ ਦਾ ਵੀ ਧੰਦਾ ਕਰਦੇ ਹਨ ।" ਕਿਸੇ ਵੀ ਪੇਪਰ ਦੇ ਅਦਾਰੇ ਦੀ ਪੂਰਨ ਜਾਂ ਅਪੂਰਨ ਹੋਣ ਦੀ ਕੈਸੀ ਵਿਗਿਆਨਕ ਵਿਆਖਿਆ ਹੈ ! ਇਹ ਇਹੋ ਜਿਹੀ ਗੱਲ ਹੈ, "ਤੇਲੀ, ਤੇਲੀ ਤੇਰੇ ਸਿਰ ਤੇ ਕੋਹਲੂ" ਪਾਇਲਟ ਦਾ ਇਕ ਘੰਟਾ ਖੇਤ ਮਜ਼ਦੂਰ ਦੀ ਸਾਰੀ ਦਿਹਾੜੀ ਦੇ ਬਰਾਬਰ ਹੁੰਦਾ ਹੈ । ਕਿਸੇ ਵੀ ਪਰਚੇ ਦੇ ਅਦਾਰੇ ਦੀ ਪੂਰਨਤਾ ਜਾਂ ਅਪੂਰਨਤਾ ਉਸ ਦੇ ਲੋਕ-ਪੱਖੀ ਵਿਚਾਰਾਂ, ਸੁਧਰੀ ਬੋਲੀ ਅਤੇ ਨੇਕ-ਨੀਤ ਦਲੀਲ ਤੋਂ ਪਰਖੀ ਜਾਂਦੀ ਹੈ । ਪਾਠਕ ਨੂੰ ਇਸ ਗੱਲ ਨਾਲ ਕੀ ਕਿ ਕਿਹੜਾ ਸੰਪਾਦਕ ਆਪਣੇ ਪਰਚੇ ਲਈ ਕਿੰਨਾ ਸਮਾਂ ਅਰਪਣ ਕਰਦਾ ਹੈ ।

ਅੱਗੇ ਅਲੋਚਕ ਨੇ ਇੰ: ਕੈ: ਟਾ: ਦੀ ਬੋਲੀ ਅਤੇ ਹੈਡਿੰਗਜ਼ ਦੀ ਬੜੀ ਉਪਮਾ ਕੀਤੀ ਹੈ । ਇਹਦੇ ਇੱਕੋ ਸੰਪਾਦਕੀ ਵਿਚੋਂ ਬੋਲੀ ਦੇ ਕੁਝ ਅੰਸ਼ ਜੋ ਸਮਾਜ ਵਿਚ ਵਸਦੇ ਇਕ ਸਮੂਹ ਦੇ ਖਿਲਾਫ ਵਰਤੇ ਗਏ ਲੈਂਦੇ ਹਾਂ, "ਸਰਕਾਰੀ ਵਿਸ਼ਟਾ ਤੇ ਪਲਣ ਵਾਲੇ ਕੀੜੇ, ਚੰਮ-ਰਸ਼ ਵਿਚ ਗਲੀਨ, ਕੱਛੀਆਂ ਤੱਕ ਲਾਲ" ਇਹ ਬੋਲੀ ਇੰ: ਕੈ: ਟਾ: ਦੀ ਸੰਪਾਦਕੀ ਦਾ ਜਨਾਜ਼ਾ ਕੱਢ ਦੇਂਦੀ ਹੈ । ਇਹਦੇ ਸੰਪਾਦਕ ਨੂੰ ਦਿਮਾਗੀ ਅਪਾਹਜ ਹੋਣਾ ਸਿੱਧ ਕਰਦੀ ਹੈ । ਜਿਹੜਾ ਸੰਪਾਦਕ ਦਲੀਲ ਨਾਲ ਗੱਲ ਨਾ ਕਰਕੇ ਗਾਲ੍ਹਾਂ ਵਰਗੀ ਬੋਲੀ ਨਾਲ ਗੱਲ ਕਰਦਾ ਹੈ ।

ਆਉ ਹੁਣ ਇਹਦੇ ਹੈਡਿੰਗ ਦੇਖੀਏ । ਇਕ ਖਬਰ ਦਾ ਹੈਡਿੰਗ ਸੀ "ਕਮਿਊਨਿਸਟ ਵੀ ਗੰਗੇ" । ਇਹ ਸਰਵ-ਵਿਆਪੀ ਸੱਚ ਹੈ ਕਿ ਸੋਵੀਅਤ ਯੂਨੀਅਨ ਦੇ ਅਕਤੂਬਰ 1917 ਦੇ ਲੋਕ-ਜਮਹੂਰੀ ਇਨਕਲਾਬ ਤੋਂ ਅੱਜ ਤੱਕ ਦੁਨੀਆਂ ਦੇ ਤੀਜੇ ਹਿਸੇ ਤੇ ਕਮਿਊਨਿਸਟਾਂ ਦੀ ਅਗਵਾਈ ਵਾਲੀਆਂ ਸਰਕਾਰਾਂ ਹੋਂਦ ਵਿਚ ਆ ਚੁੱਕੀਆਂ ਹਨ ।

→

ਸਾਮਰਾਜੀ ਪਿੱਠੂਆਂ ਦੀਆਂ ਚਾਲਾਂ ਨੰਗੀਆਂ ਕਰੋ

ਸੰਪਾਦਕ ਜੀ,

ਤੁਹਾਡਾ ਪਰਚਾ ਵਕਤ ਸਿਰ ਮਿਲ ਜਾਂਦਾ ਹੈ। ਇਸ ਦੀ ਦਿਨੋਂ ਦਿਨ ਵਧ ਰਹੀ ਸ਼ਾਨੋ ਸ਼ੌਕਤ ਦੇਖ ਕੇ ਮਨ ਬਹੁਤ ਖੁਸ਼ ਹੁੰਦਾ ਹੈ। ਤੁਸੀਂ ਜੋ ਅੱਜ ਪੰਜਾਬ, ਹਿੰਦੋਸਤਾਨ ਤੇ ਦੁਨੀਆਂ ਭਰ 'ਚ ਵਾਪਰ ਰਹੀਆਂ ਘਟਨਾਵਾਂ ਬਾਰੇ ਡੂੰਘੀ ਸੋਚ ਵਿਚਾਰ ਤੋਂ ਬਾਦ ਜੋ ਲਿਖਦੇ ਓ ਬਹੁਤ ਹੀ ਪਰਭਾਵਸ਼ਾਲੀ ਹੈ। ਅਜ ਕਿਸ ਤਰ੍ਹਾਂ ਸਾਮਰਾਜੀ ਤਾਕਤਾਂ ਮਜ਼ਬੀ ਜਨੂੰਨੀਆਂ ਨੂੰ ਅਗੇ ਲਾ ਕੇ, ਪਾਕਿਸਤਾਨ ਰਾਹੀਂ ਬੰਦੇ ਟਰੇਂਡ ਕਰਕੇ ਫਿਰ ਪੰਜਾਬ ਭੇਜ ਕੇ ਜੋ ਦਹਿਸ਼ਤਗਰਦੀ ਫੈਲਾਉਂਦੇ ਹਨ, ਤੇ ਉਨ੍ਹਾਂ ਦੀ ਭੜਕਾਈ ਨਫਰਤ ਤੇ ਚਲਾਈਆਂ ਗੋਲੀਆਂ ਵੱਡੇ, ਛੋਟੇ, ਬੀਬੀਆਂ, ਬੱਚਿਆਂ ਨੂੰ ਖਤਮ ਕਰਦੀਆਂ ਹਨ ਤੇ ਫਿਰ ਇਹ ਭੀ ਕਲੇਮ ਕਰਦੇ ਹਨ ਕਿ ਇਹ ਸਾਰਾ ਕੁਝ ਉਹ ਸਰਕਾਰ ਤੋਂ ਬਦਲਾ ਲੈਣ ਲਈ ਕਰਦੇ ਹਨ। ਤੁਸੀਂ ਇਸ ਸਾਰੇ ਪਾਪੀ ਦਾਰਿਆਂ ਬਾਰੇ ਜੋ ਡਟ ਕੇ ਲਿਖਦੇ ਓ, ਤੇ ਇਨ੍ਹਾਂ ਦਹਿਸ਼ਤਗਰਦਾਂ ਨੂੰ ਪੁਛਦੇ ਓ, ਕਿ ਕੀ ਬੇਕਸੂਰ, ਇਸਤਰੀਆਂ, ਮਰਦ, ਬੱਚੇ, ਸਰਕਾਰ ਹਨ ?

ਜੇ ਸਰਕਾਰ ਨਾਲ ਲੜਨਾ ਹੈ ਤਾਂ ਉਹ ਪੁਲੀਸ ਤੇ ਫੌਜ ਹੈ ਪਰ ਇਹ ਪਾਕਿਸਤਾਨੀ ਸੁਰਮੇਂ ਨਾਲ ਅੰਨ੍ਹੇ ਹੋਏ ਇਹ ਸਮਝ ਹੀ ਨਹੀਂ ਸਕਦੇ ਕਿ ਦੋਸ਼ੀ ਤੇ ਨਿਰਦੋਸ਼ੀ 'ਚ ਕੀ ਫਰਕ ਹੈ ? ਤੇ ਸਾਮਰਾਜੀ ਤਾਕਤਾਂ ਇਨ੍ਹਾਂ ਲੋਕਾਂ ਨੂੰ ਖਰੀਦ ਕੇ ਕੀ, ਕਰਨਾ ਚਾਹੁੰਦੀਆਂ ਹਨ ਇਸ ਦਾ ਪਾਜ ਤੁਸੀਂ ਠੀਕ ਤਰ੍ਹਾਂ ਹੀ ਉਘਾੜਦੇ ਓ।

ਤੁਸੀਂ ਸਿਰਫ ਅਤਿਵਾਦੀਆਂ, ਵੱਖਵਾਦੀਆਂ, ਲੁਟੇਰੀ ਜਮਾਤ ਦੇ ਹੱਥਾਂ 'ਚ ਖੇਡਦੀਆਂ ਤਾਕਤਾਂ ਨਾਲ ਹੀ ਟੱਕਰ ਨਹੀਂ ਲੈਂਦੇ, ਸਗੋਂ ਸਰਕਾਰ ਦੀਆਂ ਪਾੜੋ ਤੇ ਰਾਜ ਕਰੋ ਦੀਆਂ ਕੋਝੀਆਂ ਚਾਲਾਂ ਤੋਂ ਭੀ ਪਰਦਾ ਲਾਹੁੰਦੇ ਓ, ਇਸ ਤਰ੍ਹਾਂ ਸਰਕਾਰ ਦੇ ਨਿਤ ਆਏ ਦਿਨ ਨਵੇਂ ਤੋਂ ਨਵੇਂ ਵੱਡੇ ਸਕੈਂਡਲ ਭੀ ਨੰਗੇ ਕਰਦੇ ਓ, ਤੇ ਤੁਸੀਂ ਮੰਗ ਕਰਦੇ ਓ, ਕਿ ਸਰਕਾਰ ਨਵੀਆਂ ਚੋਣਾਂ ਕਰਾਏ, ਤੇ ਲੋਕਾਂ ਤੋਂ ਨਵਾਂ ਫਤਵਾ ਲਵੇ ਕਿਉਂਕਿ ਉਹ ਲੋਕਾਂ ਦਾ ਵਿਸ਼ਵਾਸ ਗੁਆ ਚੁਕੀ ਹੈ। ਅਜ ਸਰਕਾਰ ਦੀਆਂ ਭੈੜੀਆਂ ਚਾਲਾਂ ਕਿਸ ਬੇਸ਼ਰਮੀ ਨਾਲ ਫਿਰਕੂ, ਮਜ਼੍ਹਬੀ ਤੇ ਵੱਖਵਾਦੀ ਤਾਕਤਾਂ ਨੂੰ ਹਵਾ ਦੇ ਕੇ ਖੱਬੇ ਪੱਖੀ ਤਾਕਤਾਂ, ਬਣ ਚੁਕੀਆਂ ਸਰਕਾਰਾਂ, ਮਜ਼ਦੂਰ ਕਿਸਾਨਾਂ, ਆਮ ਲੋਕਾਂ ਦੇ ਖਿਲਾਫ ਹਰ ਤਰੀਕੇ ਨਾਲ ਖੜਾ ਕਰਦੀਆਂ ਹਨ। ਇਸ ਸਭ ਬਾਰੇ ਸਿਆਸੀ ਤੇ ਸਮਾਜੀ ਪੱਖ ਤੋਂ ਤੁਸੀਂ ਬਹੁਤ ਸੋਹਣਾ ਲਿਖਦੇ ਓ।

ਪਿਛੇ ਜਿਹੇ ਦਿੱਲੀ 'ਚ 15 ਲੱਖ ਤੋਂ ਭੀ ਵੱਧ ਲਾਲ ਝੰਡੇ ਦੀ ਕਮਾਨ 'ਚ ਹੋਏ ਮੁਜ਼ਾਹਰੇ ਨੂੰ ਭੀ ਤੁਸੀਂ ਠੀਕ ਬਿਆਨਿਆ ਹੈ ਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਸਾਮਰਾਜ, ਸਰਮਾਏਦਾਰ, ਤੇ ਲੋਟੂ ਜਮਾਤ ਦਾ ਪੱਖ ਪੂਰਨ ਵਾਲੀ ਸਰਕਾਰ ਦਾ ਬਦਲ ਆ ਰਿਹਾ ਹੈ, ਤੇ ਨਾਲ ਹੀ ਸੱਜ ਪਛਾਖੜ ਨੂੰ ਭੀ ਵੰਗਾਰਿਆ ਹੈ ਕਿ ਤੁਹਾਡੇ ਦਿਨ ਪੂਰੇ ਹੋ ਚੁਕੇ ਹਨ ਲੋਕਾਂ ਦੇ ਹੜ ਅਗੇ ਤੁਸੀਂ ਰੇਤ ਦੀਆਂ ਕੰਧਾਂ ਨਹੀਂ ਖਲੋ ਸਕਣਗੀਆ। ਏਥੇ ਤੁਸੀਂ ਮਹਾਨ ਸ਼ਾਇਰ ਫੈਜ਼ ਅਹਿਮਦ ਫੈਜ਼ ਦਾ ਇਕ ਸ਼ੇਅਰ ਲਾਗੂ ਕੀਤਾ ਹੈ "ਜੋ ਦਰਿਆ ਝੂਮ ਕੇ ਉਠੇ ਹੈਂ, ਤਿਨਕੋ ਸੇ ਨਾ ਟਾਲੇ ਜਾਏਂਗੇ"। ਤੁਸੀਂ ਸਿਰਫ ਪੰਜਾਬ, ਹਿਦੁਸਤਾਨ ਦੇ ਚੱਕਰ 'ਚ ਹੀ ਨਹੀਂ ਪਏ ਰਹਿੰਦੇ, ਏਥੇ ਸਾਡੇ ਕੀ ਫਰਜ਼ ਤੇ ਮੰਗਾਂ ਹਨ ਉਸ ਨੂੰ ਭੀ ਆਪਣੇ ਪਰਚੇ 'ਚ ਪੂਰੀ ਜਗ੍ਹਾ ਦਿੰਦੇ ਓ। ਚਰਨਪਾਲ ਗਿੱਲ ਵਰਗੇ ਕਮਿਊਨਿਟੀ ਵਰਕਰ ਦੇ ਟਾਕਰੇ 'ਚ ਇਕ ਸ਼ਖਸ ਨੂੰ ਖੜਾ ਕਰ ਦੇਣਾ, ਜੋ ਸ਼ਕਲੋਂ ਸਿਖ ਜ਼ਰੂਰ ਹੈ, ਹੋਰ ਇਸ ਤੋਂ ਵੱਧ ਕਮਿਊਨਿਟੀ ਲਈ ਉਸ ਦੀ ਕੋਈ ਦੇਣ ਨਹੀਂ। ਪਰ ਉਹ ਉਨ੍ਹਾਂ ਅਨਸਰਾਂ ਦੀ ਚਾਲ ਜ਼ਰੂਰ ਹੈ ਜੋ ਨਹੀਂ ਚਾਹੁੰਦੀਆਂ ਕਿ ਕਮਿਊਨਿਟੀ ਦੀ ਲੀਡਰਸ਼ਿਪ ਸਿਆਸੀ ਤੌਰ ਤੇ ਸੁਲਝੇ ਹੋਏ ਲੋਕਾਂ ਦੇ ਹੱਥ ਆ ਜਾਵੇ। ਪਰ ਇਸ 'ਚ ਉਨ੍ਹਾਂ ਦਾ ਕੋਈ ਕਸੂਰ ਨਹੀਂ। ਸਾਰਾ ਕਸੂਰ ਸਾਡਾ ਹੈ ਮੈਂ ਤੇ ਮੇਰੇ ਵਰਗੇ ਹੋਰ ਅਨੇਕਾਂ, ਗੁਰਨਾਮ ਸੰਘੇੜਾ, ਪਿਆਰਾ ਬਾਸੀ ਜਿਨਾਂ ਇੰਗਲੈਂਡ 'ਚ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਰਗੀਆਂ ਮਜ਼ਬੂਤ ਜਥੇਬੰਦੀਆਂ ਉਦੋਂ ਖੜੀਆਂ ਕਰ ਦਿੱਤੀਆਂ ਜਦੋਂ ਹਰ ਪਾਸੇ ਦੀ ਹਵਾ ਸਾਡੇ ਖਿਲਾਫ ਸੀ ਤੇ ਅਜ ਇਨ੍ਹਾਂ ਜਥੇਬੰਦੀਆਂ ਦੀ ਆਵਾਜ਼ ਨਾ ਸਿਰਫ ਬ੍ਰਿਟਿਸ਼ ਸਰਕਾਰ ਨੂੰ ਸਗੋਂ ਭਾਰਤ ਸਰਕਾਰ ਨੂੰ ਭੀ ਸੁਣਨੀ ਪੈਂਦੀ ਹੈ ਤੇ ਪੰਜਾਬ ਤੋਂ ਆਏ, ਆਜ਼ਾਦੀ ਤੇ ਉਸ ਮਗਰੋਂ ਲੋਕ ਲਹਿਰਾਂ 'ਚੋਂ ਲੰਘੇ ਤੇ ਜੇਲ੍ਹਾਂ ਭੁਗਤਣ ਵਾਲੇ ਮਸ਼ਹੂਰ ਲੀਡਰ, ਜੀਤ ਅਣਖੀ, ਕਾਮਰੇਡ ਪ੍ਰੀਤਮ ਸਿੰਘ ਖਾਨਖਾਨਾ, ਰਾਮ ਸਿੰਘ ਢਿਲੋਂ, ਹਰੀ ਸਿੰਘ ਪੁਰੇਵਾਲ ਤੇ ਕਿੰਨੇ ਸਾਰੇ ਹੀ ਅਸੀਂ ਇਹ ਸਾਰੇ ਸਾਥੀ ਜੋ ਇਹ ਸਮਝਦੇ ਹਾਂ ਕਿ ਲੋੜ ਹੈ ਏਥੇ ਭੀ ਲੋਕਲ, ਸੂਬਾਈ, ਫੈਡਰਲ ਪੱਧਰ ਤੇ ਭਰਪੂਰ ਹਿਸਾ ਲਿਆ ਜਾਵੇ। ਪਰ ਪੂਰਾ ਹਿਸਾ ਲੈ ਨਹੀਂ ਸਕੇ, ਪਰ ਅਗੇ ਤੋਂ ਅਸੀਂ ਅਵੇਸਲੇ ਨਹੀਂ ਰਹਾਂਗੇ ਇਹ ਮੈਂ ਇਨ੍ਹਾਂ ਸਾਰੇ ਸਾਥੀਆਂ ਵਲੋਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ।

ਤੁਹਾਡੇ ਪਰਚੇ 'ਚ ਡੂੰਘੀ ਵਾਕਫੀਅਤ ਨਾਲ ਭਰਪੂਰ ਲੇਖ ਜਿਸ 'ਚ ਸ. ਮੇਹਰ ਸਿੰਘ ਸੰਧੂ, ਸ. ਰਾਮ ਸਿੰਘ ਢਿੱਲੋਂ, ਕਾ. ਅਮਰਜੀਤ ਸੂਫੀ, ਗੁਰਨਾਮ ਸੰਘੇੜਾ ਤੇ ਹੋਰ ਕਈ ਭੀ ਪਰਚੇ ਨੂੰ ਚਾਰ ਚੰਨ ਲਾਉਂਦੇ ਹਨ। ਪਿਛਲੇ ਪਰਚੇ 'ਚ ਅਬਨਾਸ਼ ਗਿੱਲ ਦੀ ਕਹਾਣੀ ਬਹੁਤ ਹੀ ਅਸਰਦਾਇਕ ਹੈ। ਇਹ ਇਸ ਦੀ ਜਾਤੀ ਟਰੈਜਡੀ ਹੈ। ਮੈਂ ਇਸ ਤੇ ਇਸ ਦੇ ਸਾਰੇ ਪਰਵਾਰ ਨੂੰ ਇੰਗਲੈਂਡ ਤੋਂ ਹੀ ਚੰਗੀ ਤਰ੍ਹਾਂ ਜਾਣਦਾ ਹਾਂ ਇਸ ਤੇ ਪਾਲ ਦੀ ਸਾਰੀ ਫੈਮਿਲੀ ਨੇ ਹੀ ਸਾਊਥਆਲ ਦੀ ਮਜ਼ਦੂਰ ਸਭਾ ਖੜੀ ਕਰਨ 'ਚ ਤਨ ਮਨ ਧਨ ਨਾਲ ਭਰਪੂਰ ਹਿਸਾ ਪਾਇਆ ਹੈ।

ਸੋ ਅਖੀਰ 'ਚ ਦਰਸ਼ਨ ਮੈਂ ਤੁਹਾਨੂੰ ਇਹ ਯਕੀਨ ਦੁਆਉਂਦਾ ਹਾਂ ਕਿ ਅਸੀਂ ਅਮਨ ਤੇ ਜਮਹੂਰੀ ਖੱਬੇ ਪੱਖੀ ਤਾਕਤਾਂ, ਸਜ ਪਛਾਖੜ, ਅਤਿਵਾਦੀ, ਵੱਖਵਾਦੀ, ਮਜ਼ਬੀ ਤਾਕਤਾਂ ਨਾਲੋਂ ਬਹੁਤ ਮਜ਼ਬੂਤ ਹਾਂ ਸਿਰਫ ਇਕੱਠੇ ਹੋ ਕੇ ਤੁਰੇ ਹੀ ਨਹੀਂ, ਅਗੇ ਤੋਂ ਇਹ ਲੋਕ ਗੀਤ ਗਾਉਂਦੇ ਹੋਏ ਤੁਹਾਡਾ ਪਰਚਾ ਹੱਥਾਂ 'ਚ ਫੜੀ ਇਹ ਸੁਨੇਹਾ ਘਰ ਘਰ ਪੁਚਾਵਾਂਗੇ ਤੇ ਸਾਮਰਾਜ ਨੂੰ ਵੰਗਾਰਾਂਗੇ।

"ਜਰਮਨੀ ਔਰ ਜਾਪਾਨ ਕੋ ਤੁਮ ਹਥਿਆਰ ਬੰਦ ਕਰ ਲੋ ਬੇਸ਼ਕ
ਪਰ ਨੀਲੇ ਅਮਨ ਫਰੇਰੇ ਹੋਂਗੇ ਇਸ ਦੁਨੀਆਂ ਦੀ ਸ਼ਾਨ"

ਡੂੰਘੇ ਪਿਆਰ, ਸਤਿਕਾਰ ਨਾਲ
ਅਜੀਤ ਸਿੱਧੂ
ਫਾਊਂਡਰ ਮੈਂਬਰ ਇੰਡੀਅਨ ਵਰਕਰਜ਼ ਐਸੋ: ਸਾਊਥਆਲ

ਰੇਅ ਦੇ ਰਿਸ਼ਤੇਦਾਰਾਂ ਤੋਂ ਚੰਦਾ ਲੈਣ ਗਏ ਵਿਅਕਤੀ ਹਵਾਲਾਤ ਪਹੁੰਚੇ

ਕਲਕੱਤਾ — ਪੰਜਾਬ ਦੇ ਰਾਜਪਾਲ ਸ੍ਰੀ ਸਿਧਾਰਥ ਸ਼ੰਕਰ ਰੇਅ ਦੇ ਕੁੜਮ ਸ੍ਰੀ ਅਜੈ ਮੁਕਰਜੀ ਬਾਰ-ਐਟ-ਲਾਅ ਜਿਨ੍ਹਾਂ ਦੀ ਸਪੁੱਤਰੀ ਦੀ ਸ਼ਾਦੀ ਇਕ ਮਹੀਨਾ ਪਹਿਲਾਂ ਹੀ ਸ੍ਰੀ ਰੇਅ ਦੇ ਭਤੀਜੇ ਨਾਲ ਹੋਈ ਹੈ, ਦੀ ਬਾਲੀਗੰਜ ਸਥਿਤ ਕੋਠੀ ਵਿਚ ਲੰਗਰ ਲਈ ਉਗਰਾਹੀ ਕਰਨ ਗਏ ਤਿੰਨ ਸਿੱਖਾਂ ਨੂੰ ਅਤਿਵਾਦੀ ਹੋਣ ਦੇ ਸ਼ੱਕ ਵਿਚ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਸਥਾਨਕ ਥਾਣੇ ਨੇ ਤੁਰੰਤ ਰਾਜ ਖੁਫੀਆ ਪੁਲੀਸ ਤੇ ਹੋਰ ਖੁਫੀਆ ਏਜੰਸੀਆਂ ਨੂੰ ਸੂਚਨਾ ਦਿੱਤੀ ਜਿਸ 'ਤੇ ਉਨ੍ਹਾਂ ਇਨ੍ਹਾਂ ਤਿੰਨਾਂ ਗ੍ਰਿਫਤਾਰ ਵਿਅਕਤੀਆਂ ਤੋਂ ਵੱਖ ਵੱਖ ਪੁੱਛਗਿਛ ਕੀਤੀ। ਇਨ੍ਹਾਂ ਤੋਂ ਕੁਝ ਪ੍ਰਾਪਤ ਨਾ ਹੋਣ 'ਤੇ ਇਨ੍ਹਾਂ ਨੂੰ ਮੈਜਿਸਟਰੇਟ ਦੇ ਪੇਸ਼ ਕੀਤਾ ਗਿਆ ਤੇ ਤਿੰਨੇ 200 ਰੁਪਏ ਪ੍ਰਤੀ ਵਿਅਕਤੀ ਜ਼ਮਾਨਤ 'ਤੇ ਰਿਹਾਅ ਹੋ ਗਏ।

ਗ੍ਰਿਫਤਾਰ ਵਿਅਕਤੀਆਂ ਦੇ ਨਾਂ ਸ਼ੇਰ ਸਿੰਘ (33), ਹਰਭਜਨ ਸਿੰਘ (40) ਤੇ ਟਹਿਲ ਸਿੰਘ (65) ਹਨ। ਤਿੰਨੇ ਵਿਅਕਤੀ ਜਦ ਸ੍ਰੀ ਮੁਕਰਜੀ ਦੀ ਕੋਠੀ ਗਏ ਤਾਂ ਉਨ੍ਹਾਂ ਨੂੰ ਸ਼ੱਕ ਹੋ ਗਿਆ ਕਿ ਕਿਤੇ ਇਹ ਅਤਿਵਾਦੀ ਨਾ ਹੋਣ। ਇਨ੍ਹਾਂ ਤੋਂ ਪੁੱਛਗਿੱਛ ਕਰਨ 'ਤੇ ਇਹ ਕੋਈ ਤਸੱਲੀਬਖਸ਼ ਉਤਰ ਨਾ ਦੇ ਸਕੇ। ਇਸ 'ਤੇ ਉਨ੍ਹਾਂ ਪੁਲਿਸ ਨੂੰ ਟੈਲੀਫੋਨ ਕਰ ਕੇ ਇਨ੍ਹਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਗ੍ਰਿਫਤਾਰ ਵਿਅਕਤੀਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਤਾਂ ਸਮਾਜ ਸੇਵਕ ਹਨ। ਲੰਗਰ ਲਈ ਉਗਰਾਹੀ ਕਰ ਰਹੇ ਸਨ। ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਸੀ ਕਿ ਇਹ ਕੋਠੀ ਸ੍ਰੀ ਸਿਧਾਰਥ ਸ਼ੰਕਰ ਰੇਅ ਦੇ ਰਿਸ਼ਤੇਦਾਰ ਦੀ ਹੈ। ਜੇ ਪਤਾ ਹੁੰਦਾ ਤਾਂ ਉਹ ਇਹ ਗਲਤੀ ਕਿਉਂ ਕਰਦੇ।

• ਯੁੱਧ

ਦੁਨੀਆਂ ਦਾ ਸਭ ਤੋਂ ਲੰਬਾ ਯੁੱਧ ਯੂਰਪ ਦਾ ਸੌ ਸਾਲ ਦਾ ਯੁੱਧ ਹੈ ਜਿਹੜਾ ੧੬੬ ਸਾਲ ਜਾਰੀ ਰਿਹਾ, ਅਤੇ ਦੁਨੀਆਂ ਦਾ ਸਭ ਤੋਂ ਵਡਾ ਯੁੱਧ ੨੭ ਅਗਸਤ ੧੮੯੬ ਨੂੰ ਬਰਤਾਨੀਆਂ ਤੇ ਜੰਜੀਬਾਰ ਵਿਚਕਾਰ ਲੜਿਆ ਗਿਆ। ਇਹ ਯੁੱਧ ਸਵੇਰੇ ਨੌਂ ਵਜ ਕੇ ਦੋ ਮਿੰਟ 'ਤੇ ਸ਼ੁਰੂ ਹੋਇਆ ਤੇ ਉਸੇ ਦਿਨ ਨੌਂ ਵਜ ਕੇ ੪੦ ਮਿੰਟ 'ਤੇ ਮੁਕ ਗਿਆ।

ਕਮਿਊਨਿਸਟ ਰੀਂਗ ਰਹੇ ਹਨ ਜਾਂ ਛਾਲਾਂ ਮਾਰ ਕੇ ਅੱਗੇ ਵਧ ਰਹੇ ਹਨ ? ਅਲੋਚਕ ਜੀ ਨਿਰਣਾ ਤੁਸੀਂ ਕਰੋ।

ਭਾਵੇਂ ਆਪਣੇ ਪਰਚੇ ਵਿਚ ਸੂਫੀ ਨੇ ਕਿਤੇ ਵੀ ਇੰ: ਕੈ: ਟਾ: ਅਤੇ ਕੈਨੇਡਾ ਦਰਪਣ ਦੀ ਤੁਲਣਾ ਨਹੀਂ ਕੀਤੀ। ਫੇਰ ਵੀ ਅਲੋਚਕ ਆਪਣੇ ਆਪ ਪਤਾ ਨਹੀਂ ਕਿਉਂ ਕਦੇ ਕੈਨੇਡਾ ਦਰਪਣ ਨੂੰ ਕੈਨੇਡਾ ਦਾ ਸ਼ੀਸ਼ਾ ਲਿਖਦਾ ਹੈ, ਕਦੇ ਸੂਫੀ ਦਾ ਚਹੇਤਾ ਪਰਚਾ ਆਦਿ। ਇਹੋ ਜਿਹੇ ਵਿਚਾਰ [illegible] ਹੀ ਵਿਅਕਤੀਗਤ ਵਿਰੋਧਾਂ ਵਿਚੋਂ ਜਨਮ ਲੈਂਦੇ ਹਨ।

ਆਪਣੇ ਤੌਰ ਤੇ ਭਾਵੇਂ ਕੋਈ ਦੇਸ਼ੀ ਅੱਕ ਦੀਆਂ ਕੁਕੜੀਆਂ ਨੂੰ ਅੰਬ ਕਹਿ ਕੇ ਖਾਈ ਜਾਵੇ। ਪਰ ਜਦੋਂ ਇਹੀ ਹਿਕਮਤ ਲੋਕਾਂ ਵਿਚ ਪਰਚਾਰੀ ਜਾਂਦੀ ਹੈ ਤਾਂ ਇਸ ਦਾ ਇਲਾਜ ਕਰਨਾ ਹੀ ਬਣਦਾ ਹੈ।

ਹਰਦੇਵ ਸਿੰਘ, ਕੈਲਗਰੀ।

ਕੇਂਦਰੀ ਸੰਚਾਰ ਮੰਤਰਾਲਾ ਡਾ. ਰੰਧਾਵਾ ਯਾਦਗਾਰੀ ਟਿਕਟ ਜਾਰੀ ਕਰੇਗਾ

ਨਵੀਂ ਦਿੱਲੀ — ਕੇਂਦਰੀ ਸੰਚਾਰ ਮੰਤਰਾਲੇ ਵਲੋਂ ਪ੍ਰਸਿੱਧ ਖੇਤੀ ਵਿਗਿਆਨੀ ਸਵਰਗੀ ਡਾ. ਐਮ ਐਸ ਰੰਧਾਵਾ ਦੇ 80ਵੇਂ ਜਨਮ ਦਿਨ ਦੇ ਮੌਕੇ 'ਤੇ ਇਕ ਯਾਦਗਾਰੀ ਟਿਕਟ ਜਾਰੀ ਕੀਤੀ ਜਾਵੇਗੀ। ਕੇਂਦਰੀ ਮੰਤਰਾਲੇ ਵਲੋਂ ਸੈਮੀਨਾਰਾਂ ਦਾ ਆਯੋਜਨ ਕਰਨ ਦੇ ਇਲਾਵਾ ਉਨ੍ਹਾਂ ਦੀਆਂ ਚੋਣਵੀਆਂ ਕਿਰਤਾਂ ਦਾ ਸੰਕਲਨ ਵੀ ਕੀਤਾ ਜਾਵੇਗਾ।

ਇਹ ਕੰਮ ਪੰਜਾਬ ਆਰਟਸ ਕੌਂਸਲ ਚੰਡੀਗੜ੍ਹ ਅਤੇ ਪੰਜਾਬੀ ਅਕੈਡਮੀ ਦਿੱਲੀ ਵਲੋਂ ਆਰੰਭੇ ਗਏ ਡਾ. ਐਮ. ਐਸ. ਰੰਧਾਵਾ ਯਾਦਗਾਰੀ ਪ੍ਰਾਜੈਕਟ ਦੇ ਨਾਲ ਸਬੰਧਤ ਹੋਣਗੇ।

ਰਾਸ਼ਟਰਪਤੀ ਰਾਜ ਲਈ ਜਾਨਕੀ ਨੂੰ ਦੋਸ਼ੀ ਠਹਿਰਾਇਆ

ਮਦਰਾਸ — ਤਾਮਿਲਨਾਡੂ ਦੇ ਸਾਬਕਾ ਮੁਖ ਮੰਤਰੀ ਵੀ. ਆਰ. ਨੇਦੂਨਚੇਜੀਅਨ ਨੇ ਰਾਜ ਨੂੰ ਅਜਿਹੀ ਹਾਲਤ ਵਿਚ ਪਹੁੰਚਾਣ ਅਤੇ ਰਾਸ਼ਟਰਪਤੀ ਰਾਜ ਲਾਗੂ ਕਰਵਾਉਣ ਲਈ ਸ਼੍ਰੀਮਤੀ ਵੀ. ਐਨ. ਜਾਨਕੀ ਅਤੇ ਸਾਬਕਾ ਮੰਤਰੀ ਆਰ. ਐਮ. ਵੀਰਪਨ ਨੂੰ ਜ਼ਿਮੇਂਵਾਰ ਠਹਿਰਾਇਆ ਇਕ ਬਿਆਨ ਵਿਚ ਸ਼੍ਰੀ ਨੇਦੂਨਚੇਜੀਅਨ ਨੇ ਸ਼੍ਰੀ ਵੀਰਪਨ ਦੇ ਇਸ ਬਿਆਨ ਨੂੰ ਰੱਦ ਕਰ ਦਿੱਤਾ ਕਿ ਸ਼੍ਰੀਮਤੀ ਜਾਨਕੀ ਨੇ ਮੁਖ ਮੰਤਰੀ ਦਾ ਪਦ ਇਸ ਲਈ ਸੰਭਾਲਿਆ ਸੀ ਕਿ ਪਾਰਟੀ ਅਤੇ ਸਰਕਾਰ ਵਿਚ ਪੈਦਾ ਹੋਇਆ ਖਲਾਅ ਭਰਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸ਼੍ਰੀਮਤੀ ਜਾਨਕੀ ਦੀ ਵਜ੍ਹਾ ਕਰਕੇ ਹੀ ਵਿਧਾਨ ਸਭਾ ਲੜਾਈ ਦਾ ਮੈਦਾਨ ਬਣੀ ਅਤੇ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਇਆ।

'ਤਮਸ' ਬਾਰੇ ਕੋਰਟ ਦੇ ਫੈਸਲੇ ਦਾ ਸਵਾਗਤ

ਚੰਡੀਗੜ੍ਹ — ਦੂਰਦਰਸ਼ਨ ਦੇ ਸੀਰੀਅਲ 'ਤਮਸ' ਦਾ ਪ੍ਰਸਾਰਨ ਜਾਰੀ ਰੱਖਣ ਦੇ ਸੁਪਰੀਮ ਕੋਰਟ ਦੇ ਫੈਸਲੇ ਦਾ ਬਹੁਤ ਸਾਰੀਆਂ ਜਥੇਬੰਦੀਆਂ ਅਤੇ ਵਿਅਕਤੀਆਂ ਨੇ ਸਵਾਗਤ ਕੀਤਾ ਹੈ ਅਤੇ ਇਸ ਉਤੇ ਪਾਬੰਦੀ ਲਾਉਣ ਦੀ ਮੰਗ ਕਰਨ ਵਾਲੀਆਂ ਜਥੇਬੰਦੀਆਂ ਦੀ ਨਿੰਦਾ ਕੀਤੀ ਹੈ। ਤਮਸ ਲਈ ਗੋਬਿੰਦ ਨਿਹਲਾਨੀ ਦੇ ਸਹਾਇਕ ਸੇਖੋਂ ਸਿੰਘ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਦਾ ਫੈਸਲਾ ਬਿਲਕੁਲ ਦਰੁਸਤ ਹੈ ਅਤੇ ਇਸ ਫੈਸਲੇ ਨਾਲ ਦੇਸ਼ ਦੇ ਬਿਹਤਰੀਨ ਸੀਰੀਅਲ ਰਾਹੀਂ ਲੋਕਾਂ ਨੂੰ ਫਿਰਕਾਪ੍ਰਸਤੀ ਦੇ ਖਤਰੇ ਤੋਂ ਚੌਕਸ ਕਰਨ ਵਿਚ ਸਹਾਇਤਾ ਮਿਲੇਗੀ।

ਚੰਡੀਗੜ੍ਹ ਇਪਟਾ ਦੇ ਪ੍ਰਧਾਨ ਹਰਚਰਨ ਸਿੰਘ ਅਤੇ ਜਨਰਲ ਸਕੱਤਰ ਦਲਬੀਰ ਸਿੰਘ ਨੇ ਕਿਹਾ ਹੈ ਕਿ ਤਮਸ ਕਿਉਂਕਿ ਸਭ ਧਿਰਾਂ ਦੀ ਫਿਰਕਾਪ੍ਰਸਤੀ ਅਤੇ ਜਨੂੰਨ ਨੂੰ ਨੰਗਿਆਂ ਕਰਦਾ ਹੈ ਇਸ ਲਈ ਇਸ ਉਤੇ ਪਾਬੰਦੀ ਦੀ ਮੰਗ ਕਰਨਾ ਬਿਲਕੁਲ ਦਰੁਸਤ ਨਹੀਂ। ਦਰਅਸਲ ਇਹ ਮੰਗ ਉਨ੍ਹਾਂ ਫਿਰਕੂ ਜਥੇਬੰਦੀਆਂ ਵਲੋਂ ਕੀਤੀ ਜਾ ਰਹੀ ਸੀ ਜਿਨ੍ਹਾਂ ਦੇ ਮਨਸੂਬੇ ਇਸ ਰਾਹੀਂ ਨੰਗੇ ਹੁੰਦੇ ਹਨ।

ਅਗਾਂਹਵਧੂ ਲੇਖਕਾਂ ਦੀ ਕੌਮੀ ਫੈਡਰੇਸ਼ਨ ਦੇ ਸਕੱਤਰ ਅਤੇ ਇੰਡੀਅਨ ਪੀਪਲਜ਼ ਥੀਏਟਰਜ਼ ਐਸੋ: (ਇਪਟਾ) ਪੰਜਾਬ ਦੇ ਕਨਵੀਨਰ ਤੇਰਾ ਸਿੰਘ ਚੰਨ ਨੇ ਇਕ ਬਿਆਨ ਵਿਚ ਹਿੰਦੀ ਦੇ ਪ੍ਰਸਿੱਧ ਲੇਖਕ ਤੇ ਕੁੱਲ ਹਿੰਦ ਇਪਟਾ ਦੀ ਕੌਮੀ ਕੌਂਸਲ ਦੇ ਮੀਤ ਪ੍ਰਧਾਨ ਸ਼੍ਰੀ ਭੀਸ਼ਮ ਸਾਹਨੀ ਦੇ ਪ੍ਰਸਿੱਧ ਨਾਵਲ 'ਤਮਸ' ਉਤੇ ਅਧਾਰਤ ਟੀ ਵੀ ਤੋਂ ਵਿਖਾਏ ਜਾ ਰਹੇ ਸੀਰੀਅਲ ਦੀ ਰਾਸ਼ਟਰੀ ਸੋਇਮ ਸੰਘ ਵਰਗੀਆਂ ਫਿਰਕੂ ਤਾਕਤਾਂ ਵਲੋਂ ਕੀਤੀ ਜਾ ਰਹ ਵਿਰੋਧਤਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸ਼੍ਰੀ ਚੰਨ ਨੇ ਪੰਜਾਬ ਸਰਕਾਰ ਦੇ ਸਭਿਆਚਾਰਕ ਵਿਭਾਗ ਤੋਂ ਮੰਗ ਕੀਤੀ ਹੈ ਕਿ ਉਹ ਪੰਜਾਬ 'ਇਪਟਾ' ਵਲੋਂ ਵਿਖਾਏ ਗਏ ਸ਼੍ਰੀ ਭੀਸ਼ਮ ਸਾਹਨੀ ਦੇ ਇਸੇ ਨਾਵਲ 'ਤਮਸ' ਉਤੇ ਆਧਾਰਤ ਨਾਟਕ "ਕਾਲੇ ਦਿਨ" ਨੂੰ ਪੰਜਾਬ ਦੇ ਪਿੰਡਾਂ ਵਿਚ ਵਿਖਾਏ ਜਾਣ ਦੀ ਪ੍ਰਵਾਨਗੀ ਦੇਵੇ ਤਾਂ ਜੋ ਇਸ ਨਾਟਕ ਰਾਹੀਂ ਫਿਰਕੂ ਸਦਭਾਵਨਾ ਦਾ ਸੁਨੇਹਾ ਪੰਜਾਬ ਦੇ ਪਿੰਡ ਪਿੰਡ ਪਹੁੰਚਾਇਆ ਜਾ ਸਕੇ।

ਅਕਾਲੀ ਵਿਧਾਇਕ ਦੇ ਏਅਰ-ਇੰਡੀਆ ਹਾਦਸੇ 'ਚ ਮਾਰੇ ਗਏ ਬੱਚਿਆਂ ਦੀ ਯਾਦ ਵਿਚ ਸਾਇੰਸ ਬਲਾਕ

ਪਾਤੜਾਂ — ਜ਼ਿਲਾ ਅਕਾਲੀ ਜਥਾ ਪਟਿਆਲਾ ਦੇ ਸਾਬਕਾ ਪ੍ਰਧਾਨ ਅਤੇ ਅਕਾਲੀ ਵਿਧਾਇਕ ਸ੍ਰੀ ਪ੍ਰੀਤਮ ਸਿੰਘ ਸਮਾਣਾ ਦੇ ਤਿੰਨ ਬੱਚੇ ਜਗਜੀਤ ਸਿੰਘ (24), ਗੁਰਮੀਤ ਕੌਰ (20), ਤੇ ਦਾਰਾ ਸਿੰਘ (16) ਦੀ ਯਾਦ ਵਿਚ ਪਾਤੜਾਂ ਵਿਖੇ ਪਬਲਿਕ ਗਰਲਜ਼ ਹਾਈ ਸਕੂਲ ਵਿਚ ਸਾਇੰਸ ਬਲਾਕ ਉਸਾਰੇ ਜਾਣ ਦੇ ਸਬੰਧ ਵਿਚ ਭਾਰੀ ਸਮਾਗਮ ਹੋਇਆ ਜਿਸ ਵਿਚ ਸਕੂਲ ਦੇ ਸਟਾਫ ਅਤੇ 550 ਦੇ ਕਰੀਬ ਵਿਦਿਆਰਥੀਆਂ ਤੋਂ ਛੁੱਟ ਹਲਕਾ ਸਮਾਣਾ ਅਤੇ ਸ਼ਤਰਾਣਾ ਦੇ ਇਕ ਹਜ਼ਾਰ ਦੇ ਕਰੀਬ ਸਿਆਸੀ ਪਾਰਟੀਆਂ ਦੇ ਲੀਡਰਾਂ ਅਤੇ ਪਤਵੰਤੇ ਸ਼ਹਿਰੀਆਂ ਨੇ ਸ਼ਮੂਲੀਅਤ ਕੀਤੀ। ਸ੍ਰੀ ਸਮਾਣਾ ਦੇ ਇਹ ਤਿੰਨੇ ਹੋਣਹਾਰ ਬੱਚੇ 22 ਜੂਨ 1985 ਨੂੰ ਕੈਨੇਡਾ ਤੋਂ ਇੰਡੀਆਂ ਏਅਰ ਲਾਈਨਜ਼ ਦੇ ਜਹਾਜ਼ ਵਿਚ ਸਵਾਰ ਹੋ ਕੇ ਪੰਜਾਬ ਆ ਰਹੇ ਸਨ ਕਿ ਆਇਰਲੈਂਡ ਦੇ ਸਮੁੰਦਰ 'ਤੇ ਉਡਦੇ ਇਸ ਜਹਾਜ਼ ਵਿਚ ਬੰਬ ਫਟ ਗਿਆ ਜਿਸ ਵਿਚ ਹੋਰ 329 ਮੁਸਾਫਰਾਂ ਸਮੇਤ ਇਹ ਬੱਚੇ ਵੀ ਸਮੁੰਦਰ ਦੀ ਭੇਟ ਹੋ ਗਏ।

ਇਸ ਸਮਾਗਮ ਦੇ ਆਰੰਭ ਵਿਚ ਦੱਸਿਆ ਗਿਆ ਕਿ ਸ੍ਰੀ ਪ੍ਰੀਤਮ ਸਿੰਘ ਸਮਾਣਾ ਤੇ ਉਨ੍ਹਾਂ ਦੀ ਸਪੁਤਨੀ ਸ੍ਰੀਮਤੀ ਬਲਵੰਤ ਕੌਰ ਨੇ ਆਪਣੀ ਸੱਤ ਏਕੜ ਜ਼ਮੀਨ ਦੇ ਕੇ ਪਬਲਿਕ ਗਰਲਜ਼ ਹਾਈ ਸਕੂਲ 'ਚ ਸਾਇੰਸ ਬਲਾਕ ਖੋਲ੍ਹੇ ਜਾਣ ਦਾ ਉਦਮ ਕੀਤਾ ਹੈ।

ਇਸ ਮੌਕੇ 'ਤੇ ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਮੁਖਤਿਆਰ ਸਿੰਘ ਐਸ. ਡੀ. ਐਮ. ਸਮਾਣਾ ਨੇ ਤਕਰੀਰ ਕਰਦੇ ਹੋਏ ਸ੍ਰੀ ਪ੍ਰੀਤਮ ਸਿੰਘ ਸਮਾਣਾ ਵਲੋਂ ਕੀਤੀਆਂ ਗਈਆਂ ਲੋਕ ਸੇਵਾਵਾਂ ਦੀ ਤਾਰੀਫ ਕੀਤੀ ਤੇ ਉਨ੍ਹਾਂ ਨਾਲ ਹਮਦਰਦੀ ਪ੍ਰਗਟਾਈ ਅਤੇ ਇਸ ਗੱਲ 'ਤੇ ਉਨ੍ਹਾਂ ਦੀ ਤਾਰੀਫ ਕੀਤੀ ਕਿ ਉਨ੍ਹਾਂ ਨੇ ਦਲਗੀਰ ਹੋ ਕੇ ਬੈਠਣ ਦੀ ਥਾਂ ਲੋਕ ਸੇਵਾ ਦੇ ਕਾਰਜਾਂ ਨੂੰ ਜਾਰੀ ਰੱਖਿਆ ਹੋਇਆ ਹੈ।

ਸਕੂਲ ਦੇ ਸਮਾਗਮ ਸਮੇਂ ਸਰਦਾਰਨੀ ਬਲਵੰਤ ਕੌਰ ਸਮਾਣਾ ਨੇ ਜਿਥੇ ਆਪਣੇ ਬੱਚਿਆਂ ਦੀ ਯਾਦ ਵਿਚ ਉਸਾਰੇ ਗਏ ਸਾਇੰਸ ਬਲਾਕ ਦਾ ਉਦਘਾਟਨ ਕੀਤਾ ਉਥੇ ਆਪਣੇ ਤਿੰਨ ਬੱਚਿਆਂ ਦੀਆਂ ਤਸਵੀਰਾਂ ਇਸ ਬਲਾਕ ਦੇ ਹਾਲ ਵਿਚ ਲਾਉਣ ਲਈ ਸਕੂਲ ਦੇ ਟਰਸਟ ਦੇ ਚੇਅਰਮੈਨ ਸ੍ਰੀ ਹਰਪਾਲ ਸਿੰਘ ਘੱਗਾ ਦੇ ਹਵਾਲੇ ਕੀਤੀਆਂ। ਇਸ ਸਮਾਗਮ ਵਿਚ



ਸ. ਪ੍ਰੀਤਮ ਸਿੰਘ ਸਮਾਣਾ ਤੇ ਸਰਦਾਰਨੀ ਬਲਵੰਤ ਕੌਰ ਆਪਣੇ ਸਵਰਗਵਾਸੀ ਬੱਚਿਆਂ ਦੀ ਫੋਟੋ ਟਰਸਟ ਦੇ ਚੇਅਰਮੈਨ ਹਰਪਾਲ ਸਿੰਘ ਤੇ ਪ੍ਰਿੰਸੀਪਲ ਜਸਪਾਲ ਕੌਰ ਨੂੰ ਦਿੰਦੇ ਹੋਏ।

ਸਰਦਾਰਨੀ ਮਨਮੋਹਣ ਕੌਰ ਰਾੜੇਵਾਲਾ ਸਾਬਕਾ ਐਮ ਐਲ ਏ, ਸ੍ਰੀਮਤੀ ਉਰਮਿਲਾ ਆਨੰਦ (ਸਪੁਤਰੀ) ਸਵਰਗਵਾਸੀ ਸ੍ਰੀ ਗੁਰਬਖਸ਼ ਸਿੰਘ ਐਡੀਟਰ ਪ੍ਰੀਤਲੜੀ ਅਤੇ ਸ੍ਰੀ ਹਰਪਾਲ ਸਿੰਘ ਘੱਗਾ ਤੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਜਸਪਾਲ ਕੌਰ ਧਾਰੀਵਾਲ ਤੋਂ ਛੁੱਟ ਅਕਾਲੀ ਲੀਡਰ, ਸ੍ਰੀ ਸੰਤ ਸਿੰਘ ਤੇਗ (ਕਸ਼ਮੀਰ), ਗਿ. ਮੋਹਰ ਸਿੰਘ ਰੰਗ ਜਰਨਲਿਸਟ, ਸ੍ਰੀ ਜੋਗਿੰਦਰ ਸਿੰਘ ਪੰਜਰਥ, ਸ੍ਰੀ ਰਣਧੀਰ ਸਿੰਘ ਜੋੜੇਮਾਜਰਾ, ਸ੍ਰੀ ਨਿਰਮਲ ਸਿੰਘ ਸਮਾਣਾ, ਸ੍ਰੀ ਵੇਦ ਪ੍ਰਕਾਸ਼ ਸੈਕਟਰੀ ਲਾਇਨ ਕਲੱਬ ਅਤੇ ਸੰਤ ਬਾਬਾ ਬਖਸ਼ੀਸ਼ ਸਿੰਘ ਕਾਰ ਸੇਵਾ ਵਾਲਿਆਂ ਨੇ ਵਿਚਾਰ ਪ੍ਰਗਟ ਕੀਤੇ ਅਤੇ ਪ੍ਰੀਤਮ ਸਿੰਘ ਸਮਾਣਾ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਉਨ੍ਹਾਂ ਵਲੋਂ ਗੁਰਧਾਮਾਂ, ਵਿਦਿਆਲਿਆਂ ਅਤੇ ਹਸਪਤਾਲਾਂ 'ਚ ਗਰੀਬਾਂ ਦੀ ਕੀਤੀ ਜਾ ਰਹੀ ਸੇਵਾ ਦੀ ਤਾਰੀਫ ਕੀਤੀ ਅਤੇ ਇਸ ਸੇਵਾ ਨੂੰ ਸਵਰਗੀ ਬੱਚਿਆਂ ਦੀ ਅਟਲ ਅਤੇ ਵੱਡਮੁੱਲੀ ਯਾਦਗਾਰ ਦੱਸਿਆ।

ਸਿਮਰਨਜੀਤ ਸਿੰਘ ਮਾਨ ਦੇ ਕੇਸ ਦੀ ਸ਼੍ਰੋਮਣੀ ਕਮੇਟੀ ਵਲੋਂ ਪੈਰਵੀ

ਅੰਮ੍ਰਿਤਸਰ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੁਪਰਵਾਈਜ਼ਰ ਦਿਲਬਾਗ ਸਿੰਘ ਨੂੰ ਸਾਂਝੇ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਕੇਸ ਦੀ ਪੈਰਵੀ ਕਰ ਰਹੇ ਐਡਵੋਕੇਟ ਸ੍ਰੀ ਮਿਸ਼ਰਾ ਨੂੰ ਸਹਿਯੋਗ ਦੇਣ ਲਈ ਆਖਿਆ ਗਿਆ ਹੈ। ਇਸ ਗੱਲ ਦਾ ਪ੍ਰਗਟਾਵਾ ਕਮੇਟੀ ਨਾਲ ਸਬੰਧਤ ਸੂਤਰਾਂ ਵਲੋਂ ਕੀਤਾ ਗਿਆ।

ਇਸੇ ਦੌਰਾਨ ਇਕ ਹੋਰ ਪ੍ਰੈਸ ਨੋਟ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ 18 ਅਕਤੂਬਰ ਨੂੰ ਹਿਰਾਸਤ ਵਿਚ ਲਏ ਗਏ ਸਿੰਘ ਸਾਹਿਬਾਨ — ਗਿਆਨੀ ਕਸ਼ਮੀਰ ਸਿੰਘ, ਗਿਆਨੀ ਸਵਿੰਦਰ ਸਿੰਘ ਅਤੇ ਗਿਆਨੀ ਜਸਵੰਤ ਸਿੰਘ ਨੂੰ ਪੁਲੀਸ ਵਾਲੇ ਕਿਸੇ ਅਣਦੱਸੀ ਜਗ੍ਹਾ ਉਤੇ ਲੈ ਗਏ ਹਨ। ਹਿਰਾਸਤ ਵਿਚ ਲਏ ਜਾਣ ਤੋਂ ਬਾਅਦ ਇਨ੍ਹਾਂ ਨੂੰ ਪਠਾਨਕੋਟ ਜੇਲ੍ਹ ਅੰਦਰ ਰੱਖਿਆ ਗਿਆ ਸੀ। ਕਮੇਟੀ ਨੇ ਸਰਕਾਰ ਨੂੰ ਤਿੰਨ ਸਿੰਘ ਸਾਹਿਬਾਨ ਦਾ ਅਤਾ ਪਤਾ ਦੱਸ ਕੇ ਸਿਖ ਭਾਈਚਾਰੇ ਦੀ ਚਿੰਤਾ ਦੂਰ ਕਰਨ ਲਈ ਜ਼ੋਰ ਦਿੱਤਾ ਹੈ।

ਲੱਖਾਂ ਲੋਕਾਂ ਦੀ ਮੌਜੂਦਗੀ ਵਿਚ ਫਾਹੇ ਲਾਇਆ

ਇਸਲਾਮਾਬਾਦ — ਫੈਸਲਾਬਾਦ ਵਿਚ ਮਹਿਮੂਦ ਨਾਂਅ ਦੇ ਵਿਅਕਤੀ ਨੂੰ ਜਦੋਂ ਖੁਲ੍ਹੀ ਥਾਂ ਫਾਹਾ ਦਿੱਤਾ ਜਾ ਰਿਹਾ ਸੀ ਤਾਂ ਇਸ ਮੌਕੇ 'ਤੇ ਲੱਖਾਂ ਲੋਕ ਮੌਜੂਦ ਸਨ। ਹਜ਼ਾਰਾਂ ਔਰਤਾਂ ਉਥੇ "ਨਿਜ਼ਾਮ-ਏ-ਇਸਲਾਮ ਜ਼ਿੰਦਾਬਾਦ" ਦੇ ਨਾਅਰੇ ਲਗਾ ਰਹੀਆਂ ਸਨ। ਭੀੜ ਵਲੋਂ "ਜਨਰਲ ਜ਼ਿਆ-ਉਲ-ਹੱਕ ਜ਼ਿੰਦਾਬਾਦ" ਦੇ ਨਾਅਰੇ ਵੀ ਲਗਾਏ ਗਏ ਮਹਿਮੂਦ ਨੇ ਸੰਨ 1976 ਵਿਚ ਇਕ ਔਰਤ ਤੇ ਉਸ ਦੀ ਧੀ ਨੂੰ ਕਤਲ ਕੀਤਾ ਸੀ। ਦੂਹਰੇ ਕਤਲ ਕੇਸ ਦੇ ਦੋਸ਼ੀ ਮਹਿਮੂਦ ਨੂੰ ਫਾਂਸੀ ਦਿੱਤੇ ਜਾਣ ਸਮੇਂ ਲਗਪਗ ਦਸ ਮੈਜਿਸਟਰੇਟ ਡਿਊਟੀ 'ਤੇ ਸਨ। ਦੋ ਘੰਟੇ ਸੜਕਾਂ ਉਪਰ ਆਵਾਜਾਈ ਰੁਕੀ ਰਹੀ। ਫੈਸਲਾਬਾਦ ਵਿਚ ਆਪਣੀ ਕਿਸਮ ਦੀ ਇਹ ਪਹਿਲੀ ਘਟਨਾ ਹੈ।

ਦੇਸ਼ ਪਹਿਲਾਂ ਕਿ ਵਿਆਹ ?

ਢਾਕਾ — ਬੰਗਲਾ ਦੇਸ਼ ਦੀ ਵਿਰੋਧੀ ਆਗੂ ਸ਼ੇਖ ਹਸੀਨਾ ਵਾਜਦ ਨੇ ਕਿਹਾ ਹੈ ਕਿ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਤਿੜਕ ਰਹੀ ਹੈ ਕਿਉਂ ਜੋ ਉਹ ਬਹੁਤੀ ਤਵੱਜੋ ਰਾਜਨੀਤੀ ਵੱਲ ਦੇ ਰਹੇ ਹਨ। ਸ਼ੇਖ ਹਸੀਨਾ ਦੀ ਸ਼ਾਦੀ ਨੂੰ 9 ਸਾਲ ਹੋ ਗਏ ਹਨ। ਉਹ ਇਸ ਸਮੇਂ 40 ਸਾਲਾਂ ਦੀ ਹੈ। ਇਥੋਂ ਦੇ ਇਕ ਸਪਤਾਹਿਕ ਅਖਬਾਰ ਵਿਚ ਉਨ੍ਹਾਂ ਦੀ ਇੰਟਰਵਿਊ ਛਪੀ ਹੈ ਜਿਸ ਵਿਚ ਉਨ੍ਹਾਂ ਕਿਹਾ, "ਮੇਰਾ ਪਤੀ ਚਾਹੁੰਦਾ ਹੈ ਕਿ ਮੈਂ ਸਾਧਾਰਨ ਔਰਤਾਂ ਵਾਂਗ ਪੂਰਾ ਧਿਆਨ ਘਰੇਲੂ ਕੰਮਾਂ ਵੱਲ ਦਿਆਂ ਪਰ ਮੈਂ ਘਰ ਅੰਦਰ ਹੀ ਸਮਾਂ ਬਰਬਾਦ ਨਹੀਂ ਕਰ ਸਕਦੀ।" ਅਵਾਮੀ ਲੀਗ ਆਗੂ ਸ਼ੇਖ ਹਸੀਨਾ ਨੇ ਕਿਹਾ, "ਮੇਰਾ ਜੀਵਨ ਲੋਕਾਂ ਤੇ ਰਾਜਨੀਤੀ ਨੂੰ ਸਮਰਪਿਤ ਹੈ। ਪਤੀ-ਪਤਨੀ ਨਵੰਬਰ ਤੋਂ ਅਲੱਗ ਰਹਿ ਰਹੇ ਹਨ। ਉਨ੍ਹਾਂ ਕਿਹਾ, "ਜੇਕਰ ਮੇਰੇ ਪਤੀ ਚਾਹੁਣ ਤਾਂ ਦੂਜੀ ਸ਼ਾਦੀ ਕਰਵਾ ਸਕਦੇ ਹਨ ਪਰ ਮੈਂ ਵਿਆਹੁਤਾ ਜੀਵਨ ਖ਼ਾਤਰ ਰਾਜਨੀਤੀ ਨਹੀਂ ਛੱਡ ਸਕਦੀ।"

ਪੰਜਾਬ ਦੇ ਮਾਹੌਲ ਨੂੰ ਵਿਗਾੜਨ ਦੀ ਜਾਂਚ ਕਰਾਈ ਜਾਵੇ

ਨਵੀਂ ਦਿੱਲੀ — "ਪੰਜਾਬ ਸਮੱਸਿਆ ਦੇ ਹੱਲ ਲਈ ਜਦੋਂ ਵੀ ਵਾਤਾਵਰਣ ਤਿਆਰ ਹੁੰਦਾ ਹੈ ਅਤੇ ਆਸ ਬੱਝਦੀ ਹੈ ਕਿ ਸਰਕਾਰ ਵਲੋਂ ਇਸ ਸਬੰਧ ਵਿਚ ਕਿਸੇ ਪ੍ਰਵਾਨਤ ਹੱਲ ਦਾ ਐਲਾਨ ਕੀਤਾ ਜਾਣ ਵਾਲਾ ਹੈ, ਉਦੋਂ ਹੀ ਪੰਜਾਬ ਵਿਚ ਕੋਈ ਅਜਿਹੀ ਮਾਰੂ ਘਟਨਾ ਵਾਪਰ ਜਾਂਦੀ ਹੈ ਜਿਸ ਨਾਲ ਸਾਰੀ ਸਥਿਤੀ ਤਾਰਪੀਡੋ ਹੋ ਜਾਂਦੀ ਹੈ।" ਇਹ ਗੱਲ ਜਥੇਦਾਰ ਰਛਪਾਲ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਨੇ ਪੰਜਾਬ ਦੀ ਵਰਤਮਾਨ ਸਥਿਤੀ ਬਾਰੇ ਇਸ ਪ੍ਰਤੀਨਿਧ ਨਾਲ ਹੋਈ ਇਕ ਵਿਸ਼ੇਸ਼ ਮੁਲਾਕਾਤ ਵਿਚ ਆਖੀ। ਉਨ੍ਹਾਂ ਨੇ ਕਿਹਾ ਕਿ ਕੁਝ ਹਲਕਿਆਂ ਵਲੋਂ ਇਕ ਕੇਂਦਰੀ ਮੰਤਰੀ ਉਪਰ ਦੋਸ਼ ਲਾਇਆ ਜਾਂਦਾ ਹੈ ਕਿ ਉਹ ਹੀ ਇਹ ਸਭ ਕੁਝ ਕਰਵਾ ਰਿਹਾ ਹੈ। ਇਹ ਗੱਲ ਬਹੁਤ ਮਾੜੀ ਹੈ ਅਤੇ ਸਰਕਾਰ ਨੂੰ ਬਦਨਾਮ ਕਰਨ ਵਾਲੀ ਹੈ। ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਚਾਹੀਦਾ ਹੈ ਕਿ ਉਹ ਸੀ ਬੀ ਆਈ ਜਾਂ 'ਰਾਅ' ਰਾਹੀਂ ਪੜਤਾਲ ਕਰਾਉਣ। ਜੇਕਰ ਕੋਈ ਵਿਅਕਤੀ ਦੋਸ਼ੀ ਸਾਬਤ ਹੁੰਦਾ ਹੈ ਤਾਂ ਉਸ ਵਿਰੁੱਧ ਕਰੜੀ ਕਾਰਵਾਈ ਕੀਤੀ ਜਾਏ, ਭਾਵੇਂ ਉਹ ਕਿਤਨੇ ਵੀ ਪ੍ਰਭਾਵਸ਼ਾਲੀ ਅਹੁਦੇ 'ਤੇ ਕਿਉਂ ਨਾ ਹੋਵੇ। ਜੇ ਦੋਸ਼ ਗਲਤ ਸਾਬਤ ਹੁੰਦੇ ਹਨ ਤਾਂ ਸਰਕਾਰ ਦੇ ਵਕਾਰ ਵਿਚ ਵਾਧਾ ਹੋਵੇਗਾ ਅਤੇ ਦੋਸ਼ ਲਾਉਣ ਵਾਲਿਆਂ ਦੇ ਮੂੰਹ ਬੰਦ ਹੋ ਜਾਣਗੇ।

ਰਛਪਾਲ ਸਿੰਘ ਨੇ ਇਕ ਸੁਆਲ ਦੇ ਜਵਾਬ ਵਿਚ ਆਖਿਆ ਕਿ ਜੇ ਜੋਧਪੁਰ ਵਿਖੇ ਸਾਢੇ ਤਿੰਨ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਬਿਨਾਂ ਮੁਕੱਦਮਾ ਚਲਾਏ ਨਜ਼ਰਬੰਦ ਰੱਖੇ ਹੋਏ ਵਿਅਕਤੀ ਰਿਹਾਅ ਕਰ ਦਿੱਤੇ ਜਾਣ, ਧਰਮੀ ਫੌਜੀਆਂ ਨੂੰ ਮੁੜ ਵਸਾਉਣ ਦੇ ਪ੍ਰਬੰਧ ਕੀਤੇ ਜਾਣ, ਨਵੰਬਰ '84 ਦੇ ਸਿੱਖ-ਵਿਰੋਧੀ ਫਸਾਦਾਂ ਦੇ ਪੀੜਤਾਂ ਦੀ ਪੂਰੀ ਪੂਰੀ ਸਹਾਇਤਾ ਕੀਤੀ ਜਾਵੇ ਅਤੇ ਝੂਠੇ ਪੁਲੀਸ ਮੁਕਾਬਲਿਆਂ ਦੇ ਜੋ ਦੋਸ਼ ਲਾਏ ਜਾ ਰਹੇ ਹਨ ਉਨ੍ਹਾਂ ਦੀ ਨਿਰਪੱਖ ਜਾਂਚ ਕਰਵਾ ਕੇ ਲੋਕਾਂ ਦੀ ਤਸੱਲੀ ਕਰਵਾਈ ਜਾਵੇ ਤਾਂ ਪੰਜਾਬ ਦੇ ਹਾਲਾਤ ਸੁਧਾਰਨ ਵਿਚ ਕਾਫੀ ਮੱਦਦ ਮਿਲ ਸਕਦੀ ਹੈ। ਉਨ੍ਹਾਂ ਨੇ ਦੱਸਿਆ ਕਿ ਪਾਕਿਸਤਾਨ ਤੋਂ ਜੋ ਖਬਰਾਂ ਆ ਰਹੀਆਂ ਹਨ ਉਨ੍ਹਾਂ ਤੋਂ ਪਤਾ ਚਲਦਾ ਹੈ ਕਿ ਉਥੇ ਸਿੱਖੀ ਸ਼ਕਲ ਸੂਰਤ ਵਿਚ ਫੌਜ ਦਾ ਇਕ ਹਿਸਾ ਤਿਆਰ ਕੀਤਾ ਜਾ ਰਿਹਾ ਹੈ ਜਿਸ ਨੂੰ ਭਾਰਤ ਦੇ ਵਿਰੁਧ ਵਰਤਿਆ ਜਾਏਗਾ। ਇਸ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੇ ਹਾਲਾਤ ਦਾ ਸਾਹਮਣਾ ਕਰਨ ਲਈ ਜ਼ਰੂਰੀ ਹੈ ਕਿ ਪੰਜਾਬ ਸਮੱਸਿਆ ਜਿਤਨੀ ਛੇਤੀ ਹੋ ਸਕੇ ਹੱਲ ਕਰ ਕੇ ਉਥੇ ਆਮ ਵਰਗੇ ਹਾਲਾਤ ਸਥਾਪਤ ਕੀਤੇ ਜਾਣ।

ਰੋਡਵੇਜ਼ ਦੇ ਡਿਪੂ 'ਚ ਲੱਖਾਂ ਦਾ ਗਬਨ

ਚੰਡੀਗੜ੍ਹ — ਪੰਜਾਬ ਰੋਡਵੇਜ਼ ਡਿਪੂ ਵਿਚ ਕਈ ਲੱਖ ਰੁਪਏ ਦਾ ਕਥਿਤ ਗਬਨ ਫੜਿਆ ਗਿਆ ਹੈ। ਜਾਣਕਾਰ ਸੂਤਰਾਂ ਅਨੁਸਾਰ ਉਕਤ ਗਬੜ ਪਿਛਲੇ ਮਹੀਨੇ ਡਿਵੀਜ਼ਨਲ ਕਮਿਸ਼ਨਰ ਵਲੋਂ ਜਾਂਚ ਦੌਰਾਨ ਬੇਨਕਾਬ ਹੋਇਆ, ਪਰ ਗਬਨ ਨਾਲ ਸਬੰਧਤ ਗਰੁੱਪ ਏਨਾ ਤਾਕਤਵਰ ਹੈ ਕਿ ਉਸ ਨੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ, ਵਿਜੀਲੈਂਸ ਸਟਾਫ ਤੇ ਵਿੱਤ ਵਿਭਾਗ ਵਲੋਂ ਡਿਪੂ ਦੇ ਰਿਕਾਰਡ ਦੀ ਛਾਣਬੀਣ ਕਰਨ ਅਤੇ ਨਕਦੀ ਵਾਲੀ ਚੈਸਟ ਕਬਜ਼ੇ ਵਿਚ ਲੈਣ ਦੇ ਸਾਰੇ ਯਤਨ ਨਾਕਾਮ ਬਣਾ ਦਿੱਤੇ ਹਨ। ਇਸੇ ਦੌਰਾਨ ਕੁਝ ਟਰੇਡ ਯੂਨੀਅਨ ਨੇਤਾਵਾਂ ਨੇ ਇਸ ਸਕੈਂਡਲ ਦੀ ਉਚ ਪੱਧਰੀ ਜਾਂਚ ਕਰਵਾਏ ਜਾਣ ਦੀ ਮੰਗ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਗਬਨ ਨਾਲ ਸਬੰਧਤ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਟਰਾਂਸਪੋਰਟ ਵਿਭਾਗ ਦੇ ਕੁਝ ਉਚ ਅਧਿਕਾਰੀਆਂ ਦੀ ਸ਼ਹਿ ਹਾਸਲ ਹੈ।

ਅਮਰਜੀਤ ਹੱਤਿਆ ਕਾਂਡ ਦੀ ਜਾਂਚ ਰਿਪੋਰਟ ਜਾਰੀ ਨਹੀਂ ਕੀਤੀ ਗਈ

ਚੰਡੀਗੜ੍ਹ — 4 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਪੁਲੀਸ ਗੋਲੀ ਨਾਲ ਮਾਰੇ ਗਏ ਇਕ ਨੌਜਵਾਨ ਅਮਰਜੀਤ ਸਿੰਘ ਦੀ ਮੌਤ ਦੇ ਕਾਰਨਾਂ ਦੀ ਜਾਂਚ ਕਰਨ ਲਈ ਨਿਯੁਕਤ ਕੀਤੀ ਕਮੇਟੀ ਨੇ ਭਾਵੇਂ ਆਪਣੀ ਜਾਂਚ 22 ਜਨਵਰੀ ਨੂੰ ਮੁਕੰਮਲ ਕਰ ਲਈ ਹੈ ਪਰ ਅਜੇ ਤੱਕ ਉਸ ਦੀ ਰਿਪੋਰਟ ਬਾਹਰ ਨਾ ਆਉਣ ਕਰਕੇ ਲੋਕਾਂ 'ਚ ਕਈ ਤੌਖਲੇ ਪਾਏ ਜਾ ਰਹੇ ਹਨ। ਪਤਾ ਲੱਗਾ ਹੈ ਕਿ ਇਸ ਕਮੇਟੀ ਦੀਆਂ ਕੁੱਲ 11 ਬੈਠਕਾਂ ਵੱਖ ਵੱਖ ਥਾਵਾਂ ਮੁਹਾਲੀ, ਖਰੜ ਤੇ ਆਨੰਦਪੁਰ ਸਾਹਿਬ ਹੋਈਆਂ ਹਨ। ਇਨ੍ਹਾਂ ਬੈਠਕਾਂ ਵਿਚ ਮ੍ਰਿਤਕ ਦੇ ਪਰਿਵਾਰ ਤੇ ਉਸ ਦੇ ਹੋਰ ਗਵਾਹਾਂ, ਪੁਲੀਸ ਵਾਲਿਆਂ ਦੇ ਬਿਆਨ ਤੇ ਡਾਕਟਰ ਦੇ ਬਿਆਨ ਲਏ ਜਾ ਚੁੱਕੇ ਹਨ। ਜਾਂਚ ਆਨੰਦਪੁਰ ਸਾਹਿਬ ਜ਼ਿਲਾ ਰੋਪੜ ਦੇ ਐਸ ਡੀ ਐਮ ਸ੍ਰੀ ਨਿਰਮਲਜੀਤ ਸਿੰਘ ਕਲਸੀ ਨੇ ਕੀਤੀ।

ਇਸੇ ਦੌਰਾਨ ਪਤਾ ਲੱਗਾ ਹੈ ਕਿ ਮ੍ਰਿਤਕ ਅਮਰਜੀਤ ਸਿੰਘ ਦੀ ਮਾਤਾ ਬਖਸ਼ੀਸ਼ ਕੌਰ ਦੇ ਵਕੀਲ ਨੇ ਮੁਹਾਲੀ ਥਾਣੇ ਦੇ ਐਸ ਐਚ ਓ ਜਗਦੀਸ਼ ਸਿੰਘ ਏ ਐਸ ਆਈ ਮਦਨ ਲਾਲ ਤੇ ਸਿਪਾਹੀ ਬਲਦੇਵ ਸਿੰਘ ਨੂੰ ਚਾਰ ਲੱਖ ਰੁਪਏ ਦੇ ਹਰਜਾਨੇ ਦਾ ਦਾਅਵਾ ਕਰਦਿਆਂ ਨੋਟਿਸ ਜਾਰੀ ਕੀਤਾ ਹੈ। ਮ੍ਰਿਤਕ ਦੇ ਭਰਾ ਹਰਜੀਤ ਸਿੰਘ ਨੇ ਖਰੜ ਦੀ ਹੀ ਅਦਾਲਤ ਵਿਚ ਉਕਤ ਪੁਲੀਸ ਅਫਸਰਾਂ ਦੇ ਖਿਲਾਫ ਧਾਰਾ 302 ਅਧੀਨ ਇਸਤਗਾਸਾ ਵੀ ਦਾਇਰ ਕੀਤਾ ਹੈ ਤੇ ਨਾਲ ਹੀ ਅਦਾਲਤ ਵਿਚ ਦਿੱਤੀ ਅਰਜ਼ੀ ਵਿਚ ਉਕਤ ਪੁਲੀਸ ਅਫਸਰਾਂ ਖਿਲਾਫ ਦੋਸ਼ ਲਾਇਆ ਹੈ ਕਿ ਉਹ ਗਵਾਹਾਂ ਨੂੰ ਡਰਾ ਧਮਕਾ ਰਹੇ ਹਨ।

ਸੰਯੁਕਤ ਅਕਾਲੀ ਦਲ ਜ਼ਿਲਾ ਰੋਪੜ ਦੇ ਪ੍ਰੈਸ ਸਕੱਤਰ ਕਰਨੈਲ ਸਿੰਘ ਮਾਨ (ਮੁਹਾਲੀ) ਨੇ ਜਾਂਚ ਕਮੇਟੀ ਦੀ ਰਿਪੋਰਟ ਜਲਦੀ ਜਾਰੀ ਕਰਨ ਦੇ ਨਾਲ ਨਾਲ ਮੰਗ ਕੀਤੀ ਹੈ ਕਿ ਉਕਤ ਐਸ. ਐਚ. ਓ. ਨੂੰ ਤੁਰੰਤ ਤਬਦੀਲ ਕੀਤਾ ਜਾਵੇ ਤਾਂ ਕਿ ਗਵਾਹਾਂ ਉਪਰ ਦਬਾਅ ਨਾ ਪਾਇਆ ਜਾ ਸਕੇ।

ਤਪਾਸੇ ਦੇ ਪੁੱਤਰ ਦੀ ਗ੍ਰਿਫਤਾਰੀ ਵਿਰੁਧ ਸਟੇਅ

ਚੰਡੀਗੜ੍ਹ — ਹਰਿਆਣਾ ਦੇ ਸਾਬਕਾ ਗਵਰਨਰ ਜੀ. ਡੀ. ਤਪਾਸੇ ਦੇ ਪੁੱਤਰ ਪਰਕਾਸ਼ ਤਪਾਸੇ ਅਤੇ ਹੁਕਮਦੀ ਐਂਟਰ ਪ੍ਰਾਈਜਿਜ਼ ਦੇ ਚਾਰ ਹੋਰ ਡਾਇਰੈਕਟਰਾਂ ਦੀਆਂ ਰਿਟ ਪਟੀਸ਼ਨਾਂ ਹਾਈ ਕੋਰਟ ਵਿਚ ਦਾਖਲ ਹੋ ਗਈਆਂ ਹਨ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਵਿਰੁੱਧ ਸਟੇਅ ਦੇ ਦਿੱਤਾ ਗਿਆ ਹੈ। ਹਰਿਆਣਾ ਫਾਈਨਾਂਸ਼ਲ ਕਾਰਪੋਰੇਸ਼ਨ ਨੇ ਇਨ੍ਹਾਂ ਵਿਰੁਧ ਕਰਜ਼ਾ ਰਿਕਵਰੀ ਦੇ ਕੇਸ ਵਿਚ ਵਾਰੰਟ ਜਾਰੀ ਕਰਵਾਏ ਸਨ।

ਡਰਾਈਵਰ ਲਾਪਤਾ

ਅੰਮ੍ਰਿਤਸਰ — ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕੁਰ ਸਿੰਘ ਦੇ ਡਰਾਈਵਰ ਗੱਜਣ ਸਿੰਘ ਦਾ ਪਤਾ ਨਹੀਂ ਲੱਗ ਰਿਹਾ ਕਿ ਉਹ ਕਿੱਥੇ ਹੈ। ਉਸ ਨੂੰ ਬੁੱਧਵਾਰ ਦੀ ਸ਼ਾਮ ਨੂੰ ਹਰੀਕੇ ਨੇੜੇ ਸੁਰੱਖਿਆ ਦਲਾਂ ਨੇ ਹਿਰਾਸਤ ਵਿਚ ਲਿਆ ਸੀ।

ਸੀਨੀਅਰ ਨੇਤਾਵਾਂ ਦੇ ਸਾਂਝੇ ਦਲ ਦਾ ਸੰਕਟ ਟਲਿਆ

ਕੋਟਕਪੂਰਾ — ਜਿਵੇਂ ਕਿ ਆਸ ਸੀ ਸੰਯੁਕਤ ਅਕਾਲੀ ਦਲ ਦੇ ਪ੍ਰੀਜ਼ੀਡੀਅਮ ਮੈਂਬਰ ਪ੍ਰਕਾਸ਼ ਸਿੰਘ ਬਾਦਲ ਵਲੋਂ ਜ਼ਿਲਾ ਫਰੀਦਕੋਟ ਦੇ ਅਕਾਲੀ ਜਥੇ ਦੀ ਪ੍ਰਧਾਨਗੀ ਬਾਬਾ ਜੋਗਿੰਦਰ ਸਿੰਘ ਦੇ ਧੜੇ ਨੂੰ ਸੌਂਪ ਕੇ ਜਥੇਦਾਰ ਦਰਸ਼ਨ ਸਿੰਘ ਮੰਡਵਾਲਾ ਨੂੰ ਜ਼ਿਲਾ ਪ੍ਰਧਾਨ ਬਣਾਏ ਜਾਣ ਦਾ ਬਾਦਲ ਗਰੁੱਪ ਵਿਚ ਤਿੱਖਾ ਪ੍ਰਤੀਕਰਮ ਹੋਇਆ ਪਰ ਸੀਨੀਅਰ ਆਗੂਆਂ ਵਲੋਂ ਸਮੇਂ ਸਿਰ ਕੀਤੇ ਗਏ ਯਤਨਾਂ ਸਦਕਾ ਹਾਲਾਤ ਕੋਈ ਗੰਭੀਰ ਸ਼ਕਲ ਅਖਤਿਆਰ ਕਰਨੋਂ ਬਚ ਗਏ। ਬਾਦਲ ਦੇ ਜੇਲ੍ਹ ਵਿਚ ਹੁੰਦਿਆਂ ਦਲ ਦੇ ਤਤਕਾਲੀਨ ਐਕਟਿੰਗ ਪ੍ਰਧਾਨ ਜਥੇਦਾਰ ਉਜਾਗਰ ਸਿੰਘ ਸੇਖਵਾਂ ਨੇ ਜਥੇਦਾਰ ਅਜੀਤ ਸਿੰਘ ਅਰਾਈਆਂ ਵਾਲਾ ਨੂੰ ਜ਼ਿਲਾ ਜਥੇਦਾਰ ਨਿਯੁਕਤ ਕੀਤਾ ਸੀ। ਪਰ ਬਾਬਾ ਜੋਗਿੰਦਰ ਸਿੰਘ, ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਮਰਥਕਾਂ ਨੇ ਜਥੇਦਾਰ ਅਰਾਈਆਂਵਾਲਾ ਨੂੰ ਪ੍ਰਧਾਨ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਖੁੱਲ੍ਹੇ ਆਮ ਜਥੇਦਾਰ ਦਰਸ਼ਨ ਸਿੰਘ ਮੰਡਵਾਲਾ ਨੂੰ ਪ੍ਰਧਾਨ ਚੁਣ ਲਿਆ ਸੀ।

ਬਾਦਲ ਦੇ ਜੇਲ੍ਹ ਵਿਚੋਂ ਰਿਹਾ ਹੁੰਦਿਆਂ ਹੀ ਇਹ ਵਿਵਾਦ ਜ਼ੋਰ ਫੜ ਗਿਆ। ਉਦੋਂ ਇਨ੍ਹਾਂ ਕਾਲਮਾਂ ਵਿਚ ਸਥਿਤੀ ਦਾ ਜਾਇਜ਼ਾ ਲੈਂਦਿਆਂ ਲਿਖਿਆ ਸੀ ਬਾਬਾ ਸਮਰਥਕ ਘੱਟੋ ਘੱਟ ਤਿੰਨ ਜ਼ਿਲਿਆਂ ਦੀਆਂ ਜਥੇਦਾਰੀਆਂ ਮੰਗਦੇ ਹਨ ਤੇ ਬੜੀ ਹੀ ਸੰਭਾਵਨਾ ਹੈ ਕਿ ਦਲ ਦੇ ਸਾਰੇ ਸ਼ਕਤੀਸ਼ਾਲੀ ਗੁੱਟਾਂ ਦਾ ਸਮਰਥਨ ਪ੍ਰਾਪਤ ਕਰਨ ਲਈ ਸ੍ਰੀ ਬਾਦਲ ਇਹ ਮੰਗ ਸਵੀਕਾਰ ਕਰ ਲੈਣ ਤੇ ਜ਼ਿਲਾ ਫਰੀਦਕੋਟ ਦੀ ਜਥੇਦਾਰੀ ਬਾਬਾ ਜੋਗਿੰਦਰ ਸਿੰਘ ਨੂੰ ਸੌਂਪ ਦੇਣ। ਸਿਆਸੀ ਹਲਕਿਆਂ ਦਾ ਕਿਆਸ ਸੱਚ ਨਿਕਲਿਆ ਤੇ ਬਾਦਲ ਨੇ ਜਥੇਦਾਰ ਮੰਡਵਾਲਾ ਨੂੰ ਜ਼ਿਲਾ ਪ੍ਰਧਾਨ ਬਣਾ ਦਿੱਤਾ। ਇਸ ਐਲਾਨ ਦੇ ਹੁੰਦਿਆਂ ਹੀ ਫਰੀਦਕੋਟ ਦੇ ਇਕ ਸੀਨੀਅਰ ਅਕਾਲੀ ਨੇ ਇਸ ਫੈਸਲੇ ਵਿਰੁੱਧ ਬਗਾਵਤ ਦਾ ਐਲਾਨ ਕਰ ਦਿੱਤਾ ਤੇ ਫਰੀਦਕੋਟ ਦੇ ਇਕ ਪੱਤਰਕਾਰ ਨੂੰ ਇਸ ਸਬੰਧੀ ਬਿਆਨ ਵੀ ਦੇ ਦਿੱਤਾ।

ਇਕ ਹੋਰ ਸੀਨੀਅਰ ਆਗੂ ਨੇ ਇਸ ਸਬੰਧੀ ਸਖਤ ਗੁੱਸੇ ਅਤੇ ਬੇਚੈਨੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ "ਲੀਡਰ ਲੋਕ ਉਤੇ ਸਮਝੌਤੇ ਕਰ ਲੈਂਦੇ ਹਨ ਤੇ ਸਾਡੀ ਧੌਣ 'ਤੇ ਗੋਡਾ ਰੱਖ ਦਿੰਦੇ ਹਨ।"

ਲੋਕ ਸਭਾ ਵਿਚ ਅਕਾਲੀ ਪਾਰਟੀ ਦੇ ਨੇਤਾ ਭਾਈ ਸ਼ਮਿੰਦਰ ਸਿੰਘ ਅਤੇ ਸੀਨੀਅਰ ਅਕਾਲੀ ਵਿਧਾਇਕ ਗੁਰਦੇਵ ਸਿੰਘ ਬਾਦਲ ਨੇ ਸਥਿਤੀ ਦੀ ਨਾਜ਼ੁਕਤਾ ਨੂੰ ਦੇਖਦਿਆਂ ਬੀਬੀ ਢਿੱਲੋਂ, ਗੁਰਤੇਜਿੰਦਰ ਸਿੰਘ ਗਿੱਲ, ਜਥੇਦਾਰ ਅਰਾਈਆਂਵਾਲਾ ਤੇ ਯੂਥ ਵਿੰਗ ਦੇ ਅਹੁਦੇਦਾਰਾਂ ਨਾਲ ਮੁਲਾਕਾਤਾਂ ਕੀਤੀਆਂ ਤੇ ਹਾਈ ਕਮਾਂਡ ਦੇ ਫੈਸਲੇ 'ਤੇ ਫੁੱਲ ਚੜ੍ਹਾਉਣ ਦੀ ਅਪੀਲ ਕੀਤੀ। ਭਾਈ ਸ਼ਮਿੰਦਰ ਸਿੰਘ ਤੇ ਗੁਰਦੇਵ ਸਿੰਘ ਬਾਦਲ ਨੇ ਫਰੀਦਕੋਟ ਜੇਲ੍ਹ ਵਿਚ ਨਜ਼ਰਬੰਦ ਕੈਪਟਨ ਹਰਚਰਨ ਸਿੰਘ ਨਾਲ ਵੀ ਇਸ ਸਬੰਧੀ ਮੁਲਾਕਾਤ ਕੀਤੀ ਦੱਸੀ ਜਾਂਦੀ ਹੈ। ਸਮੇਂ ਸਿਰ ਕੀਤੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਚੰਗਾ ਨਤੀਜਾ ਨਿਕਲਿਆ ਤੇ ਹਾਲ ਦੀ ਘੜੀ ਜ਼ਿਲਾ ਜਥੇ ਦਾ ਸੰਕਟ ਟਲ ਗਿਆ ਜਾਪਦਾ ਹੈ। ਭਾਈ ਸ਼ਮਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਅਕਾਲੀ ਵਰਕਰਾਂ ਵਿਚ ਪੂਰਨ ਏਕਤਾ ਹੈ।



ਸਿੱਖ ਧਰਮ ਦੀ ਸੈਕੂਲਰ ਨੀਤੀ ਦੀ ਵਿਗਿਆਨਕ ਪ੍ਰਚਾਰ ਦੀ ਲੋੜ — ਮਿਨਹਾਸ

ਨਵੀਂ ਦਿੱਲੀ — "ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਇਸ ਗੱਲ ਦਾ ਪ੍ਰਮਾਣ ਹੈ ਕਿ ਸਿੱਖ ਧਰਮ ਮਾਨਵਵਾਦੀ ਹੈ ਤੇ ਇਸ ਦੀ ਸਿੱਖਿਆ 'ਤੇ ਕਿਸੇ ਵੀ ਜਾਤੀ, ਰੰਗ, ਨਸਲ ਤੇ ਇਲਾਕੇ ਦੇ ਵਸਨੀਕ ਅਮਲ ਕਰ ਸਕਦੇ ਹਨ। ਸਾਨੂੰ ਭਾਰਤ ਵਿਚ ਹੀ ਨਹੀਂ, ਦੁਨੀਆਂ ਵਿਚ ਗੁਰੂ ਗ੍ਰੰਥ ਸਾਹਿਬ ਤੇ ਸਿੱਖ ਧਰਮ ਦੀ ਸੈਕੂਲਰ ਨੀਤੀ ਦਾ ਪ੍ਰਚਾਰ ਵਿਗਿਆਨਕ ਤਰੀਕੇ ਨਾਲ ਕਰਨਾ ਚਾਹੀਦਾ ਹੈ ਕਿਉਂਕਿ ਮਾਨਵਵਾਦੀ ਧਰਮ ਹੀ ਦੁਨੀਆਂ ਅੱਗੋਂ ਅਪਣਾਏਗੀ।" ਇਹ ਸ਼ਬਦ ਪੰਜਾਬ ਦੇ ਸਪੀਕਰ ਸ. ਸੁਰਜੀਤ ਸਿੰਘ ਮਿਨਹਾਸ ਨੇ ਗੰਡਾ ਸਿੰਘ ਟਰਸਟ ਦਿੱਲੀ ਵਲੋਂ ਮਨਾਏ ਗਏ 'ਭਗਤ ਨਾਮਦੇਵ' ਸਾਲਾਨਾ ਸਮਾਗਮ ਵਿਚ ਆਖੇ। ਸ. ਮਿਨਹਾਸ ਨੇ ਇਹ ਵੀ ਆਖਿਆ ਕਿ ਸਿੱਖ ਧਰਮ ਦੀ ਵੱਡੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਸ ਧਰਮ ਨੂੰ ਮੰਨਣ ਵਾਲੇ ਸਮਾਜਕ ਵਿਕਾਸ ਕਾਰਜਾਂ ਤੇ ਦੂਜੇ ਲੋੜਵੰਦਾਂ ਦੀ ਮੱਦਦ ਲਈ ਹਮੇਸ਼ਾਂ ਉਤਸ਼ਾਹ ਨਾਲ ਅਗੇ ਆਉਂਦੇ ਹਨ ਤੇ ਇਸ ਟਾਂਕ ਕਸ਼ਤਰੀ ਬਰਾਬਰੀ ਨੇ ਉਨ੍ਹਾਂ ਰਵਾਇਤਾਂ ਅਨੁਸਾਰ ਹੀ ਲੋੜਵੰਦਾਂ ਵਿਚ ਕਦੇ ਸਿਲਾਈ ਮਸ਼ੀਨਾਂ ਵੰਡੀਆਂ ਤੇ ਕਦੇ ਸਰਦੀਆਂ ਵਿਚ ਕੰਬਲ ਤੇ ਰਜਾਈਆਂ ਦਿੱਤੀਆਂ। ਇਹ ਗੁਰੂ ਸਾਹਿਬਾਨ ਤੇ ਨਾਮਦੇਵ ਵਰਗੇ ਭਗਤਾਂ ਦੀ ਸਿੱਖਿਆ ਨੂੰ ਅਮਲੀ ਰੂਪ ਦੇਣ ਦੀ ਵਧੀਆ ਮਿਸਾਲ ਹੈ।

ਇਸ ਮੌਕੇ 'ਤੇ ਓਂਕਾਰ ਸਿੰਘ ਥਾਪਰ ਪ੍ਰਧਾਨ ਅਕਾਲੀ ਦਲ (ਲ), ਸੰਤੋਖ ਸਿੰਘ ਐਮ ਸੀ ਸਾਬਕਾ ਮੈਂਬਰ ਰਾਜ ਸਭਾ, ਪ੍ਰੋ: ਹਰਮੀਤ ਸਿੰਘ ਤੇ ਦਰਸ਼ਨ ਸਿੰਘ ਭਾਟੀਆ ਪ੍ਰਧਾਨ ਆਲ ਇੰਡੀਆ ਸਿੱਖ ਕਾਨਫਰੰਸ ਨੇ ਭਾਸ਼ਣ ਦਿੱਤੇ ਟਰਸਟ ਵਲੋਂ ਸ. ਸੁਰਜੀਤ ਸਿੰਘ ਮਿਨਹਾਸ ਨੇ ਦੋ ਸੌ ਕੰਬਲ ਗਰੀਬਾਂ ਤੇ ਲੋੜਵੰਦਾਂ ਨੂੰ ਵੰਡੇ। ਇਸ ਸਮਾਗਮ ਵਿਚ ਸਪੀਕਰ ਪੰਜਾਬ ਵਿਧਾਨ ਸਭਾ ਨੇ ਪ੍ਰੋ: ਹਰਮੀਤ ਸਿੰਘ ਦੀ ਸੰਪਾਦਿਤ ਕੀਤੀ ਪੁਸਤਕ 'ਭਗਤ ਨਾਮਦੇਵ' ਵੀ ਰਿਲੀਜ਼ ਕੀਤੀ ਤੇ ਉਸ ਦੀਆਂ ਕਾਪੀਆਂ ਟਰਸਟ ਦੇ ਚੇਅਰਮੈਨ ਸ. ਦਵਿੰਦਰ ਸਿੰਘ ਐਡਵੋਕੇਟ, ਰਣਜੀਤ ਰਾਇ ਸ਼ਰਮਾ ਮੈਂਬਰ ਮੈਟਰੋਪਾਲਿਟਨ ਕੌਂਸਲ, ਗੁਰਬਖਸ਼ ਸਿੰਘ ਘੋਲੀਆ ਤੇ ਲੀਲਾ ਰਾਮ ਚੇਅਰਮੈਨ ਸਦਰ ਜ਼ੋਨ ਮਿਉਂਸਪਲ ਕਾਰਪੋਰੇਸ਼ਨ ਦਿੱਲੀ ਨੂੰ ਭੇਟ ਕੀਤੀਆਂ। ਦਿੱਲੀ ਵਿਚ ਲਗਾਤਾਰ ਦੋ ਹਫਤਿਆਂ ਤੋਂ ਉਨ੍ਹਾਂ ਭਗਤਾਂ ਬਾਰੇ ਸੈਮੀਨਾਰ, ਕੀਰਤਨ ਦਰਬਾਰ ਤੇ ਸਮਾਗਮ ਹੋ ਰਹੇ ਹਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ।

ਪੰਜਾਬ ਤੋਂ ਕਿਸਾਨ ਮੇਰਠ ਪੁੱਜਣਗੇ

ਚੰਡੀਗੜ੍ਹ — ਭਾਰਤੀ ਕਿਸਾਨ ਯੂਨੀਅਨ ਦੀ ਪੰਜਾਬ ਇਕਾਈ ਨੇ ਮੇਰਠ ਵਿਚ ਕਿਸਾਨਾਂ ਵਲੋਂ ਪੇਸ਼ ਕੀਤੀਆਂ ਮੰਗਾਂ ਨੂੰ ਲੈ ਕੇ ਕੀਤੇ ਗਏ ਘਿਰਾਓ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਕਿਸਾਨ ਨੇਤਾ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਕਿ ਦੋ ਤਿੰਨ ਦਿਨਾਂ ਤੱਕ ਪੰਜਾਬ ਤੋਂ ਵੱਡੀ ਗਿਣਤੀ ਵਿਚ ਕਿਸਾਨ ਟਰੱਕਾਂ ਰਾਹੀਂ ਮੇਰਠ ਪਹੁੰਚ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਭੁਪਿੰਦਰ ਸਿੰਘ ਮਾਨ ਪਹਿਲਾਂ ਹੀ ਮੇਰਠ ਵਿਚ ਪੁੱਜੇ ਹੋਏ ਹਨ।

ਰਾਜੇਵਾਲ ਨੇ ਯੂ ਪੀ ਸਰਕਾਰ ਵਲੋਂ ਕਿਸਾਨਾਂ ਪ੍ਰਤੀ ਅਪਣਾਏ ਗਏ ਵਤੀਰੇ ਦੀ ਸਖਤ ਨਿੰਦਾ ਕੀਤੀ ਹੈ ਤੇ ਮੰਗ ਕੀਤੀ ਹੈ ਕਿ ਯੂ ਪੀ ਦੇ ਕਿਸਾਨਾਂ ਦੀਆਂ ਮੰਗਾਂ ਤੁਰੰਤ ਸਵੀਕਾਰ ਕੀਤੀਆਂ ਜਾਣ, ਨਹੀਂ ਤਾਂ ਦੇਸ਼ ਭਰ ਦੇ ਕਿਸਾਨ ਵਹੀਰਾਂ ਘੱਤ ਕੇ ਮੇਰਠ ਪਹੁੰਚਣਗੇ। ਰਾਜੇਵਾਲ ਨੇ ਜੋ ਮੇਰਠ ਦੇ ਘਿਰਾਓ ਦੀ ਤਾਜ਼ਾ ਸਥਿਤੀ ਦੇਖ ਕੇ ਆਏ ਹਨ ਦੱਸਿਆ ਕਿ ਉਥੇ ਕਿਸਾਨਾਂ ਵਿਚ ਭਾਰੀ ਉਤਸ਼ਾਹ ਹੈ।

ਗ੍ਰੰਥੀ ਦੀ ਲੋੜ

ਗੁਰੂਘਰ ਡੰਕਨ, ਬੀ. ਸੀ. ਵਿਖੇ ਗ੍ਰੰਥੀ ਸਾਹਿਬ ਦੀ ਸ਼ੀਘਰ ਲੋੜ ਹੈ। ਇਸ ਉਤਮ ਸੇਵਾ ਲਈ ਚਾਹਵਾਨ ਸਜਣ ਹੇਠ ਲਿਖੇ ਐਡਰੈਸ ਤੇ ਚਿੱਠੀ ਪੱਤਰ ਰਾਹੀਂ ਜਾਂ ਫੋਨ ਤੇ ਗਲਬਾਤ ਰਾਹੀਂ ਤਾਲਮੇਲ ਕਰ ਸਕਦੇ ਹਨ। ਤਨਖਾਹ ਯੋਗਤਾ ਅਨੁਸਾਰ ਦਿੱਤੀ ਜਾਵੇਗੀ। ਚਿੱਠੀ ਵਿਚ ਪੂਰੀ ਪੂਰੀ ਯੋਗਤਾ, ਐਡਰੈਸ ਅਤੇ ਫੋਨ ਜ਼ਰੂਰ ਲਿਖਿਆ ਜਾਵੇ। ਧੰਨਵਾਦ ਸਹਿਤ।

ਸ਼ੁਭਚਿੰਤਕ
ਪ੍ਰਧਾਨ - ਕਰਤਾਰ ਸਿੰਘ ਸੰਘਾ

ਫੋਨ — 746-4868
746-5113

V.I. Cultural Society
Sikh Temple
3210 Sherman Road
Duncan, B.C. V9L 4B4

ਬੰਗਲਾਦੇਸ਼ ਪਾਰਲੀਮੈਂਟ ਲਈ 18 ਉਮੀਦਵਾਰ ਬਿਨਾਂ ਮੁਕਾਬਲਾ ਜੇਤੂ

ਢਾਕਾ — ਬੰਗਲਾਦੇਸ਼ ਦੀ ਪਾਰਲੀਮੈਂਟ ਦੀਆਂ 3 ਮਾਰਚ ਨੂੰ ਹੋਣ ਵਾਲੀਆਂ ਚੋਣਾਂ ਲਈ ਜਨਰਲ ਇਰਸ਼ਾਦ ਦੀ ਸਰਕਾਰ ਦੇ ਚਾਰ ਮੰਤਰੀਆਂ ਸਮੇਤ 18 ਉਮੀਦਵਾਰ ਬਿਨਾਂ ਮੁਕਾਬਲਾ ਚੁਣੇ ਗਏ ਹਨ। ਸਰਕਾਰੀ ਸੂਤਰਾਂ ਅਨੁਸਾਰ ਇਹ ਸਾਰੇ ਉਮੀਦਵਾਰ ਸੱਤਾਧਾਰੀ ਜਾਤੀਆਂ ਪਾਰਟੀ ਦੇ ਹਨ। ਜਿਹੜੇ ਮੰਤਰੀ ਬਿਨਾਂ ਮੁਕਾਬਲਾ ਚੁਣੇ ਗਏ ਹਨ ਉਨ੍ਹਾਂ ਵਿਚ ਜਾਤੀਆ ਪਾਰਟੀ ਦੇ ਸਕੱਤਰ ਜਨਰਲ ਤੇ ਉਪ ਪ੍ਰਧਾਨ ਮੰਤਰੀ ਸ਼ਾਹ ਮੋਆਈਜ਼ੇਮ ਹੁਸੈਨ, ਗ੍ਰਹਿ ਮੰਤਰਾਲੇ ਦੇ ਇੰਚਾਰਜ ਉਪ ਪ੍ਰਧਾਨ ਮੰਤਰੀ ਪ੍ਰੋ. ਐਮ. ਏ. ਮਤੀਨ, ਜਹਾਜ਼ਰਾਨੀ ਤੇ ਇਨਲੈਂਡ ਵਾਟਰ ਟਰਾਂਸਪੋਰਟ ਮੰਤਰੀ ਮਈਦੁਲ ਇਸਲਾਮ ਅਤੇ ਊਰਜਾ ਤੇ ਖਣਿਜ ਸਾਧਨਾਂ ਬਾਰੇ ਮੰਤਰੀ ਮੇਜਰ (ਰਿਟਾਇਰਡ) ਇਕਬਾਲ ਹੁਸੈਨ ਚੌਧਰੀ ਸ਼ਾਮਲ ਹਨ।

300 ਸੀਟਾਂ ਵਾਲੀ ਜਾਤੀਆ ਮੰਗਸਦ (ਕੌਮੀ ਪਾਰਲੀਮੈਂਟ) ਦੀ ਚੋਣ, ਜਿਸ ਲਈ 3 ਮਾਰਚ ਨੂੰ ਵੋਟਾਂ ਪੈਣੀਆਂ ਹਨ, ਲਈ 1146 ਉਮੀਦਵਾਰ ਮੈਦਾਨ ਵਿਚ ਹਨ। ਪਰ ਉਮੀਦਵਾਰਾਂ ਦੀ ਅੰਤਮ ਸੂਚੀ ਚੋਣ ਕਮਿਸ਼ਨ ਨੇ ਅਜੇ ਜਾਰੀ ਕਰਨੀ ਹੈ।

ਬੰਗਲਾਦੇਸ਼ ਦੀਆਂ ਮੁੱਖ ਵਿਰੋਧੀ ਪਾਰਟੀਆਂ ਤੇ ਰਾਜਸੀ ਪਾਰਟੀਆਂ ਦੇ ਗਠਜੋੜਾਂ, ਜਿਨ੍ਹਾਂ ਵਿਚ ਮੁੱਖ ਵਿਰੋਧੀ ਨੇਤਾ ਤੇ ਅਵਾਮੀ ਲੀਗ ਦੀ ਮੁਖੀ ਸ਼ੇਖ ਹਸੀਨਾ ਦੀ ਅਗਵਾਈ ਹੇਠਲਾ 8 ਪਾਰਟੀ ਗੱਠਜੋੜ ਵੀ ਸ਼ਾਮਲ ਹੈ, ਨੇ ਤਿੰਨ ਮਾਰਚ ਦੀਆਂ ਚੋਣਾਂ ਦਾ ਬਾਈਕਾਟ ਕੀਤਾ ਹੋਇਆ ਹੈ ਇਨ੍ਹਾਂ ਦਾ ਕਹਿਣਾ ਹੈ ਕਿ ਜਨਰਲ ਇਰਸ਼ਾਦ ਦੇ ਸੱਤਾ ਵਿਚ ਰਹਿੰਦਿਆਂ ਨਿਰਪੱਖ ਤੇ ਆਜ਼ਾਦ ਚੋਣ ਸੰਭਵ ਨਹੀਂ।

ਬਾਬੇ ਦੀ ਨਜ਼ਰਬੰਦੀ ਦਾ ਮਸਲਾ ਸੰਸਦ ਵਿਚ ਉਠੇਗਾ

ਕੋਟਕਪੂਰਾ — ਸੰਸਦ ਦਾ ਬਜਟ ਸ਼ੁਰੂ ਹੁੰਦਿਆਂ ਹੀ ਯੂਨਾਈਟਿਡ ਦਲ ਦੇ ਮੈਂਬਰ ਇਕ ਧਿਆਨ ਦੁਆਊ ਮਤੇ ਰਾਹੀਂ ਬਾਬਾ ਜੋਗਿੰਦਰ ਸਿੰਘ ਦੀ ਨਜ਼ਰਬੰਦੀ ਦਾ ਮਾਮਲਾ ਪਾਰਲੀਮੈਂਟ ਵਿਚ ਉਠਾਉਣਗੇ। ਇਹ ਐਲਾਨ ਕਰਦਿਆਂ ਸੰਸਦ ਵਿਚ ਅਕਾਲੀ ਪਾਰਟੀ ਦੇ ਨੇਤਾ ਭਾਈ ਸ਼ਮਿੰਦਰ ਸਿੰਘ ਨੇ ਕਿਹਾ ਕਿ ਜਿਸ ਪਰਿਵਾਰ ਨੇ ਪੰਥ ਲਈ ਏਨੀਆਂ ਕੁਰਬਾਨੀਆਂ ਕੀਤੀਆਂ ਹੋਣ ਉਸ ਨੂੰ ਸਰਕਾਰ ਵਲੋਂ ਇਸ ਤਰ੍ਹਾਂ ਤੰਗ-ਪਰੇਸ਼ਾਨ ਕੀਤਾ ਜਾਣਾ ਕਦਾਚਿਤ ਸਹਿਣ ਨਹੀਂ ਕੀਤਾ ਜਾ ਸਕਦਾ। ਇਸੇ ਲਈ ਅਸੀਂ ਫੈਸਲਾ ਕੀਤਾ ਹੈ ਕਿ ਇਸ ਲੜਾਈ ਨੂੰ ਕਾਨੂੰਨੀ ਰੂਪ ਵਿਚ ਲੜਨ ਲਈ ਬਾਬਾ ਜੀ ਦੀ ਨਜ਼ਰਬੰਦੀ ਅਤੇ ਕੈਪਟਨ ਹਰਚਰਨ ਸਿੰਘ ਰੋਡੇ ਦੀ ਗ੍ਰਿਫਤਾਰੀ ਦਾ ਮਾਮਲਾ ਪਾਰਲੀਮੈਂਟ ਵਿਚ ਉਠਾਇਆ ਜਾਵੇ। ਭਾਈ ਸ਼ਮਿੰਦਰ ਸਿੰਘ ਮੁਕਤਸਰ ਵਿਖੇ ਆਪਣੇ ਨਿਵਾਸ ਅਸਥਾਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਚਲੋ ਮੰਨਿਆ ਕਿ ਰਾਤਾਂ ਕਾਲੀਆਂ ਹੁੰਦੀਆਂ ਹੀ ਆਈਆਂ ਨੇ
ਮਗਰ ਸੂਰਜ ਦੀਆਂ ਕਿਰਨਾਂ ਵੀ ਅੱਜ ਕੱਲ ਕਾਲੀਆਂ ਨੇ ਕਿਉਂ?

ਚਲੰਤ ਮਾਮਲੇ

ਗੁਰਨਾਮ ਸਿੰਘ ਸੰਘੇੜਾ

ਵੈਨਕੂਵਰ ਵਿਚ ਸੁਈਟਾਂ ਦਾ ਮਸਲਾ

ਵੈਨਕੂਵਰ ਵਿਚ ਪਰਿਵਾਰਕ, ਸੈਕੰਡਰੀ (ਕਿਰਾਏ ਲਈ) ਸੁਈਟਾਂ ਆਦਿ ਦਾ ਮਸਲਾ ਤਾਂ ਅਸਲ ਵਿਚ ਜੋਨਿੰਗ ਸਿਸਟਮ, ਆਮ ਲੋਕਾਂ ਲਈ ਸਸਤੇ ਅਤੇ ਸਸਤੇ ਕਿਰਾਏ ਵਾਲੇ ਘਰਾਂ ਅਤੇ ਘੱਟ ਆਮਦਨ ਵਾਲੇ ਲੋਕਾਂ ਦਾ ਮਸਲਾ ਹੈ। ਪਰ ਇਸ ਮਸਲੇ ਨੂੰ 1940 ਤੋਂ ਹੀ ਅਮੀਰ ਅਤੇ ਸੱਜੇ ਪੱਖੀ ਸਿਆਸਤਦਾਨ ਆਪਣੇ ਹਿਤਾਂ ਲਈ ਵਰਤਦੇ ਰਹੇ ਹਨ। ਸਮੇਂ ਸਮੇਂ ਨਸਲਵਾਦੀ ਅਤੇ ਲੋਕ ਵਿਰੋਧੀ ਆਪਣੇ ਹਿਤਾਂ ਵਿਚ ਵਰਤਣ ਲਈ ਕੋਸ਼ਿਸ਼ ਕਰਦੇ ਰਹੇ ਹਨ। ਵੈਨਕੂਵਰ ਜਿਸ ਦੀ 70 ਫੀਸਦੀ ਜ਼ਮੀਨ ਸਿੰਗਲ ਪਰਿਵਾਰ ਵਾਲੇ ਜੋਨ ਵਿਚ ਹੈ, ਇਸ ਨੂੰ ਬਦਲਣ ਦੀ ਲੋੜ ਹੈ। ਵੈਨਕੂਵਰ ਵਿਚ ਆਪਣੇ ਪਰਿਵਾਰ ਲਈ (ਦਾਦੇ-ਨਾਨੇ ਤੋਂ ਲੈ ਕੇ ਪੋਤੇ ਤੱਕ) ਤਾਂ ਸੁਈਟਾਂ ਨੂੰ ਸਾਰੇ ਵੈਨਕੂਵਰ ਵਿਚ ਕਾਨੂੰਨੀ ਕਰਨ ਲਈ ਕੌਂਸਲ ਦੀ ਬਹੁ-ਗਿਣਤੀ ਆਖਦੀ ਹੈ (ਅਤੇ ਅਜੇ ਉਹ ਵੈਨਕੂਵਰ ਦੇ ਚਾਰਟਰ ਅਤੇ ਪਰਿਵਾਰ ਪਰਿਭਾਸ਼ਾ ਵਾਰੇ ਹੋਰ ਵਿਚਾਰ ਕਰ ਰਹੀ ਹੈ) ਪਰ ਨਵੇਂ ਘਰਾਂ ਦੇ ਆਕਾਰ (ਸਾਈਜ਼) ਅਤੇ ਡੀਜ਼ਾਈਨ ਵਾਰੇ ਲੋਕ ਵਿਰੋਧ ਸਟੈਂਡ ਲੈਂਦੀ ਜਾਪ ਰਹੀ ਹੈ। ਇਸ ਮਸਲੇ ਤੇ ਛੇਤੀ ਹੀ ਪਬਲਿਕ ਮੀਟਿੰਗ ਹੋਵੇਗੀ ਜਿਥੇ ਘਰਾਂ ਦੇ ਆਕਾਰ ਤੇ ਡੀਜ਼ਾਈਨ ਆਦਿ ਬਾਰੇ ਬਹਿਸ ਹੋਣੀ ਹੈ ਅਤੇ ਨਸਲਵਾਦੀ ਭੀ ਉਸ ਲਈ ਕਮਰਕੱਸੇ ਕਰ ਰਹੇ ਹਨ। ਸੋ ਇਸ ਮੀਟਿੰਗ ਵਿਚ ਜਾਣਾ ਜ਼ਰੂਰੀ ਹੈ। ਆਪਣੇ ਲੋਕ ਉਵੇਂ ਤਾਂ ਅਖਬਾਰ ਵਿਚ ਪੜ੍ਹ ਕੇ ਬੜੇ ਔਖੇ ਭਾਰੇ ਹੁੰਦੇ ਹਨ ਤੇ ਟੈਲੀਫੂਨ ਤੇ ਫਿਕਰਮੰਦ ਭੀ। ਪਰ ਜਦੋਂ ਮੌਕੇ ਤੇ ਪੁੱਜਣ ਅਤੇ ਪੱਖ ਪੇਸ਼ ਕਰਨ ਦੀ ਲੋੜ ਹੁੰਦੀ ਹੈ ਤਾਂ ਜਾਂਦੇ ਨਹੀਂ। ਪਰ ਲੋੜ ਤਾਂ ਆਪਣੇ ਆਪ ਪੁੱਜਣ ਅਤੇ ਰਾਏ ਦੇਣ ਦੀ ਹੁੰਦੀ ਹੈ। ਸੋ ਅਜੇ ਮੌਕਾ ਹੈ।

ਦੂਜਾ ਮਸਲਾ ਕਿਰਾਏ ਤੇ ਦੇਣ ਲਈ ਸੈਕੰਡਰੀ ਸੁਈਟਾਂ ਦਾ ਅਤੇ ਪਰਿਵਾਰਕ ਸੁਈਟਾਂ ਜਾਂ ਕਾਨੂੰਨੀ ਸੈਕੰਡਰੀ ਸੁਈਟਾਂ ਦੇ ਸਾਈਜ਼ ਅਤੇ ਰੂਲਾਂ ਆਦਿ ਬਾਰੇ ਨਿਯਮਾਂ ਦੀ ਹੈ। ਪਰਿਵਾਰਕ ਸੁਈਟਾਂ ਬਾਰੇ ਸਿਟੀ ਕੌਂਸਲ ਦੀ ਕਮੇਟੀ ਪਹਿਲੀ ਅਕਤੂਬਰ 1987 ਨੂੰ ਸਿਫਾਰਸ਼ ਕਰ ਚੁਕੀ ਹੈ। ਇਹਨਾਂ ਸਭ ਮਸਲਿਆਂ ਬਾਰੇ ਸਤੰਬਰ ਤੇ ਅਕਤੂਬਰ ਦੇ 'ਕੈਨੇਡਾ ਦਰਪਣ' ਦੇ ਕਈ ਅੰਕਾਂ ਵਿਚ ਅਤੇ 'ਲੋਕਤਾ' ਮਾਹਵਾਰੀ ਦੇ ਅੰਕਾਂ ਵਿਚ ਵਿਸਥਾਰ ਆ ਚੁੱਕੇ ਹਨ। ਪਰਿਵਾਰਕ ਸੁਈਟਾਂ ਬਾਰੇ ਉਪ ਨਿਯਮਾਂ ਅਤੇ ਵਿਆਖਿਆ ਬਾਰੇ ਨਵੰਬਰ ਦੀ 'ਲੋਕਤਾ' ਅਤੇ 16 ਅਕਤੂਬਰ 1987 ਦੇ 'ਕੈਨੇਡਾ ਦਰਪਣ' ਵਿਚ ਆ ਚੁੱਕੀ ਹੈ। ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਤਾਂ ਅਸੀਂ ਪੂਰੀ ਸਰਗਰਮੀ ਕੀਤੀ ਹੈ ਤੇ ਕਰ ਰਹੇ ਹਨ। ਪਰ ਲੋੜ ਹੈ ਕਿ ਲੋਕ ਭੀ ਸਮੇਂ ਸਿਰ ਸਰਗਰਮ ਹੋਣ। "ਸਨਸੈਟ ਕਮਿਊਨਿਟੀ ਸੈਂਟਰ ਦੀ ਸੀਨੀਅਰ ਸਿਟੀਜ਼ਨਜ਼ ਕਮੇਟੀ" ਤੇ ਮੈਂਬਰਾਂ ਨੇ ਬਹੁਤ ਸਾਥ ਦਿਤਾ ਹੈ।

ਅਕਤੂਬਰ 1986 ਵਿਚ ਸਿਟੀ ਕੌਂਸਲ ਨੇ ਨਵੇਂ ਘਰਾਂ ਵਿਚ ਦੂਜੇ ਕਿਚਨ ਤੇ ਪਾਬੰਦੀ ਅਤੇ ਸੈਕੰਡਰੀ ਸੁਈਟਾਂ ਬਣਾਉਣ ਤੇ ਪਾਬੰਦੀ ਲਾ ਦਿੱਤੀ ਗਈ। ਅੱਠ ਨੁਕਾਤੀ ਪ੍ਰੋਗਰਾਮ ਰਾਹੀਂ ਸੈਕੰਡਰੀ ਸੁਈਟਾਂ ਅਤੇ ਮਾੜੀਆਂ ਤੇ ਸੇਹਤ ਲਈ ਜਾਂ ਜਾਨ ਲਈ ਖਤਰੇ ਵਾਲੀਆਂ ਬਾਰੇ ਰੋਕਾਂ ਲਾਉਣ ਜਾਂ ਬੰਦ ਕਰਾਉਣ ਅਤੇ ਜਾਂ ਜੇ ਕੋਈ ਗੈਰ-ਕਾਨੂੰਨੀ ਸੁਈਟਾਂ ਬਾਰੇ ਸ਼ਕਾਇਤ ਹੋ ਜਾਏ ਤਾਂ ਉਸ ਦੀ ਪੜਤਾਲ ਦਾ ਪਰੋਗਰਾਮ ਉਲੀਕਿਆ ਗਿਆ।

14 ਅਪ੍ਰੈਲ 1987 ਸਿਟੀ ਕੌਂਸਲ ਨੇ ਇਨਫੋਰਸਮੈਂਟ (ਕਈ ਨਿਯਮ ਲਾਗੂ ਕਰਨ) ਪਰੋਗਰਾਮ ਬਣਾਇਆ ਗਿਆ। ਇਹ ਆਰਜ਼ੀ ਪਰੋਗਰਾਮ ਸੀ ਅਤੇ ਨਾਲ ਚੁਗਿਰਦੇ (ਏਰੀਆਂ ਜਾਂ ਇਲਾਕਾ) ਵਿਚ ਲੋਕ ਰਾਏ ਰਾਹੀਂ ਸੁਈਟਾਂ ਦੇ ਮਸਲੇ ਨੂੰ ਹਲ ਕਰਨ ਦਾ ਮਤਾ ਪਾਸ ਕੀਤਾ ਗਿਆ। ਸਭ ਤੋਂ ਪਹਿਲੀ ਕਮੇਟੀ ਤੇ ਸ਼ੁਰੂ ਜੁਆਇਸ ਏਰੀਏ ਵਿਚ ਕੀਤਾ ਗਿਆ। ਇਲਾਕੇ ਦੀ ਨੁਮਾਇੰਦਾ ਕਮੇਟੀ ਬਣਾਈ ਗਈ ਅਤੇ ਇਸ ਤੇ ਈਸਟ ਇੰਡੀਅਨ ਵਰਕਰਜ਼ ਨੇ ਸਰਗਰਮ ਰੋਲ ਅਦਾ ਕੀਤਾ। ਹਰ ਹਫਤੇ (ਲਗਾਤਾਰ ਤਿੰਨ ਮਹੀਨੇ) ਮੀਟਿੰਗਾਂ ਹੁੰਦੀਆਂ ਰਹੀਆਂ। ਇਸ ਇਲਾਕੇ ਵਿਚ ਦੋ ਵੱਡੀਆਂ ਪਬਲਿਕ ਮੀਟਿੰਗਾਂ ਅਤੇ ਦੋ ਸਰਵੇ ਕੀਤੇ ਗਏ। ਇਲਾਕੇ ਦੇ ਹਰ ਘਰ ਦੇ ਮਾਲਕ ਤੇ ਕਿਰਾਏਦਾਰ ਨੂੰ ਪੰਜਾਬ, ਚੀਨ (ਮੈਂਡਰੀਨ, ਕੈਂਟਨੀਜ਼) ਅਤੇ ਅੰਗਰੇਜ਼ੀ ਵਿਚ ਸਰਵੇ ਪੱਤਰ ਤੇ ਰਾਏ ਪੱਤਰ ਦਿਤੇ ਗਏ ਤਾਂ ਕਿ ਲੋਕ ਆਪਣੀ ਰਾਏ ਨੂੰ ਸਿੱਧੇ ਤੌਰ ਤੇ ਸਿਟੀ ਹਾਲ ਲਿਖ ਭੇਜਣ। ਲੋਕਾਂ ਨੇ ਆਪਣੀ ਰਾਏ ਭੇਜੀ। ਇਸ ਦੇ ਜੋ ਨਤੀਜੇ ਨਿਕਲੇ ਉਹ ਅਖਬਾਰਾਂ ਵਿਚ ਦਿਤੇ ਗਏ। ਜੁਆਇਸ ਏਰੀਏ ਦੇ ਤਕਰੀਬਨ ਅੱਧ ਤੋਂ ਵੱਧ ਏਰੀਏ ਨੇ ਭਾਰੀ ਬਹੁ ਗਿਣਤੀ ਨਾਲ ਕਿਰਾਏ ਲਈ ਸੁਈਟਾਂ ਦੇ ਹੱਕ ਵਿਚ ਰਾਏ ਦਿੱਤੀ ਅਤੇ ਅੱਧ ਤੋਂ ਘੱਟ ਇਲਾਕੇ ਦੇ ਤਕਰੀਬਨ ਪੰਜਾਹ ਫੀ ਸਦੀ ਨੇ ਸੁਈਟਾਂ ਦੇ ਹੱਕ ਵਿਚ ਤੇ ਪੰਜਾਹ ਫੀ ਸਦੀ ਨੇ ਵਿਰੁਧ ਰਾਏ ਦਿਤੀ। ਸੋ ਇਹ ਹੀ ਕਾਰਨ ਹੋਇਆ ਕਿ ਜੁਆਇਸ ਏਰੀਆ ਦਾ ਅੱਧ ਤਾਂ ਸੈਕੰਡਰੀ ਸੁਈਟਾਂ ਨੂੰ ਕਿਰਾਏ ਲਈ ਕਾਨੂੰਨੀ ਕਰਨ ਲਈ ਪਾਸ ਹੋਇਆ।

15 ਜਨਵਰੀ 1988 ਨੂੰ ਜੁਆਇਸ ਸਟਰੀਟ ਦੇ ਸੇਂਟ ਮੇਰੀਜ਼ ਸਕੂਲ ਵਿਚ ਸਿਟੀ ਕੌਂਸਲ ਨੇ ਪਹਿਲੇ ਸਰਵੇ ਦੇ ਆਧਾਰ ਤੇ ਅੱਧ ਏਰੀਆ ਦੀਆਂ ਸੁਈਟਾਂ ਨੂੰ ਕਿਰਾਏ ਲਈ ਕਾਨੂੰਨ ਕਰਨ ਲਈ ਲੋਕਾਂ ਦੀ ਪਬਲਿਕ ਮੀਟਿੰਗ ਬੁਲਾਈ। ਇਥੇ ਸਾਰੀ ਕੌਂਸਲ ਸੀ। ਈਸਟ ਇੰਡੀਅਨ ਵਰਕਰਜ਼ ਤੇ ਹੋਰ ਬੰਦੇ ਭੀ ਤੇ ਆਮ ਲੋਕ ਸਨ। ਇਸ ਮੀਟਿੰਗ ਵਿਚ ਗੁਰਨਾਮ ਸਿੰਘ ਸੰਘੇੜਾ ਨੇ ਕਿਰਾਏ ਤੇ ਦੇਣ ਲਈ ਸੈਕੰਡਰੀ ਸੁਈਟਾਂ ਨੂੰ ਕਾਨੂੰਨੀ ਕਰਨ ਦੀ ਸਿਫਾਰਸ਼ ਨੂੰ ਕਾਨੂੰਨੀ ਕਰਨ ਲਈ ਆਖਿਆ ਅਤੇ ਨਾਲ ਕੌਂਸਲ ਨੂੰ ਆਖਿਆ ਕਿ ਤੁਹਾਡੇ ਸੈਕੰਡਰੀ ਸੁਈਟਾਂ ਲਈ ਨਿਯਮ ਤੇ ਖਾਸ ਕਰ ਜੁਰਮਾਨੇ ਦੀ ਮੱਦਦ ਬਹੁਤ ਸਖਤ ਤੇ ਗਲਤ ਹੈ। ਅਤੇ ਇਹ ਭੀ ਆਖਿਆ ਕਿ ਪਰਿਵਾਰਕ ਸੁਈਟਾਂ ਨੂੰ ਸਾਰੇ ਵੈਨਕੂਵਰ ਵਿਚ ਛੇਤੀ ਤੋਂ ਛੇਤੀ ਕਾਨੂੰਨੀ ਕੀਤਾ ਜਾਵੇ। ਪਿਛੋਂ 'ਲੋਕਤਾ' ਦੇ ਮੈਨੇਜਰ ਅਤੇ ਈਸਟ ਇੰਡੀਅਨ ਵਰਕਰਜ਼ ਐਸੋ: ਦੇ ਮੈਂਬਰ ਸਾਥੀ ਕੇਵਲ ਸਿੰਘ ਧਾਲੀਵਾਲ ਨੇ ਬੜੇ ਸੁਚੱਜੇ ਢੰਗ ਨਾਲ ਕਿਰਾਏ ਲਈ ਅਤੇ ਪਰਿਵਾਰ ਲਈ ਸੁਈਟਾਂ ਨੂੰ ਕਾਨੂੰਨੀ ਕਰਨ ਲਈ ਆਖਿਆ। ਆਖਰ ਇਸ ਮੀਟਿੰਗ ਵਿਚ ਇਸ ਜੁਆਇਸ ਇਲਾਕੇ ਵਿਚ ਅੱਧ ਤੋਂ ਵੱਧ ਵਿਚ ਕਿਰਾਏ ਲਈ ਸੈਕੰਡਰੀ ਸੁਈਟਾਂ ਨੂੰ ਕਾਨੂੰਨੀ ਕੀਤਾ ਗਿਆ ਅਤੇ ਸਿਟੀ ਕੌਂਸਲ ਨੇ ਸਰਬ ਸੰਮਤੀ ਨਾਲ ਰਾਏ ਦਿੱਤੀ।

ਮੀਟਿੰਗ ਦੀ ਪ੍ਰਧਾਨਗੀ ਵੈਨਕੂਵਰ ਦੇ ਮੇਅਰ ਨੇ ਕੀਤੀ। ਉਸ ਨੇ ਅਤੇ ਕੌਂਸਲ ਨੇ ਇਹ ਭੀ ਆਖਿਆ ਕਿ ਉਹ ਇਲਾਕਾ ਜਿਸ ਵਿਚ ਸੈਕੰਡਰੀ ਸੁਈਟਾਂ ਦੀ ਇਜਾਜ਼ਤ ਨਹੀਂ ਮਿਲੀ। ਜੇਕਰ ਉਹ ਲੋਕ ਜਾਂ ਸ਼ਹਿਰ ਦੇ ਹੋਰ ਕਿਸੇ ਭੀ ਇਲਾਕੇ ਦੇ ਲੋਕ ਆਪਣੇ ਏਰੀਏ ਵਿਚ ਕਿਰਾਏ ਲਈ ਸੈਕੰਡਰੀ ਸੁਈਟਾਂ ਨੂੰ ਕਾਨੂੰਨੀ ਕਰਨਾ ਚਾਹੁੰਦੇ ਹਨ ਤਾਂ ਉਹ ਲੋਕ ਉਸ ਏਰੀਏ ਦੇ ਲੋਕਾਂ ਦੇ ਅਰਜ਼ੀ ਤੇ ਦਸਤਖਤ ਕਰਾ ਕੇ ਸਿਟੀ ਕੌਂਸਲ ਨੂੰ ਭੇਜਣ। ਫਿਰ ਸਿਟੀ ਕੌਂਸਲ ਸਰਵੇ ਕਰਵਾਏਗੀ। ਅਤੇ ਜੇ ਬਹੁ ਗਿਣਤੀ ਨੇ ਸਰਵੇ ਵਿਚ ਹਾਂ ਕੀਤੀ ਤਾਂ ਫਿਰ ਲੋਕਾਂ ਦੀ ਪਬਲਿਕ ਮੀਟਿੰਗ ਰਾਹੀਂ ਲੋਕ ਰਾਏ ਲਈ ਜਾਵੇਗੀ। ਜੇ ਪਬਲਿਕ ਸੁਣਵਾਈ ਵਿਚ ਹਾਂ ਹੋ ਜਾਏ ਤਾਂ ਕਾਨੂੰਨ ਕੀਤੀਆਂ ਜਾ ਸਕਦੀਆਂ ਹਨ। ਸੋ ਇਧਰ ਉਧਰ ਦੀਆਂ ਮਾਰਨ ਨਾਲੋਂ ਅਤੇ ਸਮੇਂ ਤੋਂ ਪਿਛੋਂ ਰੌਲਾ ਪਾਉਣ ਦੀ ਥਾਂ ਜੇ ਕਿਸੇ ਭੀ ਇਲਾਕੇ ਵਿਚ ਜੋਨ ਬਦਲੀ ਚਾਹੁੰਦੇ ਹੋ ਤਾਂ ਉਸ ਇਲਾਕੇ ਵਿਚ ਰਹਿੰਦੇ ਲੋਕਾਂ ਦੀ ਬਹੁ-ਗਿਣਤੀ ਦੇ ਦਸਤਖਤ ਕਰਵਾਉ ਤੇ ਫਿਰ ਸੁਣਵਾਈ ਵਿਚ ਪਾਸ ਕਰਾਉ। ਸੋ ਮਸਲੇ ਆਪਣੇ ਹੱਥ ਵਿਚ ਲਵੋ। ਨਾ ਕਿ ਕਿਸੇ ਹੋਰ ਨੂੰ ਉਲਾਂਭਾ ਦਿਉ।

(ਚਲਦਾ)

ਸਰੀ-ਡੈਲਟਾ ਵਿਚ ਸਿਟੀਜ਼ਨ-ਸ਼ਿਪ ਬਾਰੇ ਕਲਾਸਾਂ

ਸਰੀ — ਸਰੀ-ਡੈਲਟਾ ਇਮੀਗਰੈਂਟ ਸਰਵਿਸਿਜ਼ ਸੁਸਾਇਟੀ ਵਲੋਂ ਪੰਜਾਬੀ, ਹਿੰਦੀ, ਜਾਂ ਉਰਦੂ ਬੋਲਦੇ ਇਮੀਗਰੈਂਟਾਂ ਨੂੰ ਸਿਟੀਜ਼ਨਸ਼ਿਪ ਲੈਣ ਦੀ ਤਿਆਰੀ ਕਰਵਾਉਣ ਲਈ ਜਮਾਤਾਂ ਅਪ੍ਰੈਲ 1988 ਵਿਚ ਲਾਈਆਂ ਜਾਣਗੀਆਂ। ਉਨ੍ਹਾਂ ਨੂੰ ਕੈਨੇਡਾ ਦੇ ਇਤਿਹਾਸ, ਜੁਗਰਾਫ਼ੀਏ, ਸਿਆਸੀ ਬਣਤਰ, ਹੱਕ ਅਤੇ ਜ਼ਿਮੇਂਵਾਰੀਆਂ ਬਾਰੇ ਦੱਸਿਆ ਜਾਵੇਗਾ।

ਇਹ ਜਮਾਤਾਂ ਹਫ਼ਤੇ ਵਿਚ ਦੋ ਵਾਰ ਸ਼ਾਮ ਨੂੰ ਲੱਗਣਗੀਆਂ ਤੇ ਸਮਾਂ 7 ਵਜੇ ਤੋਂ 9 ਵਜੇ ਸ਼ਾਮ ਹੋਵੇਗਾ। ਫੀਸ ਪੰਜ ਸੈਸ਼ਨਾਂ ਲਈ ਦਸ ਡਾਲਰ ਹੋਵੇਗੀ।

ਰਜਿਸਟਰੇਸ਼ਨ ਪਹਿਲਾਂ ਕਰਾਉਣੀ ਜ਼ਰੂਰੀ ਹੈ। ਹੋਰ ਜਾਣਕਾਰੀ ਲਈ ਫੋਨ ਕਰੋ : 585-2933


ਸਰੀ-ਡੈਲਟਾ ਇਮੀਗਰੈਂਟ ਸਰਵਿਸਿਜ਼ ਸੁਸਾਇਟੀ ਦਾ ਦਫਤਰ ਦਾ ਪਤਾ ਇਹ ਹੈ C—214—9801 King George HWY. Surrey, B.C.

ਕੁਦਰਤੀ ਗੈਸ ਦੇ ਵੱਡੇ ਭੰਡਾਰਾਂ ਦਾ ਪਤਾ ਲਗਾਇਆ ਗਿਆ

ਨਵੀਂ ਦਿੱਲੀ — ਬੰਬਈ ਤੇ ਤੱਟਵਰਤੀ ਇਲਾਕਿਆਂ, ਤ੍ਰਿਪੁਰਾ, [illegible], ਗੋਦਾਵਰੀ, ਰਾਜਸਥਾਨ ਅਤੇ ਅੰਡੇਮਾਨ ਦੇ ਇਲਾਕਿਆਂ ਅੰਦਰ ਵੱਡੀ ਮਾਤਰਾ ਵਿਚ ਗੈਸ ਦੇ ਭੰਡਾਰਾਂ ਦਾ ਪਤਾ ਲਗਾਇਆ ਗਿਆ ਹੈ ਅਤੇ ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਅੰਦਰ ਅਜਿਹੇ ਜ਼ਖੀਰਿਆਂ ਦੀ ਸੰਭਾਵਨਾ ਵੀ ਦੱਸੀ ਗਈ ਹੈ। ਇਸ ਗੱਲ ਦਾ ਪ੍ਰਗਟਾਵਾ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਤੇਲ ਅਤੇ ਕੁਦਰਤੀ ਗੈਸ ਕਮਿਸ਼ਨ ਦੇ ਚੇਅਰਮੈਨ ਕਰਨਲ ਐਸ ਪੀ ਵਾਹੀ ਵਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪਿਛਲੇ ਦਸ ਸਾਲਾਂ ਦੌਰਾਨ ਭਾਰਤ ਅੰਦਰ ਗੈਸ ਦੇ ਭੰਡਾਰਾਂ ਵਿਚ ਪੰਜ ਗੁਣਾਂ ਤੋਂ ਵੀ ਵਧੇਰੇ ਵਾਧਾ ਹੋਇਆ ਹੈ। ਇਕ ਮੋਟੇ ਜਿਹੇ ਅੰਦਾਜ਼ੇ ਅਨੁਸਾਰ ਇਸ ਸਮੇਂ ਭਾਰਤ ਵਿਚ ਗੈਸ ਦੇ ਭੰਡਾਰ 1005 ਖਰਬ ਘਣ ਮੀਟਰ ਹਨ ਅਤੇ 7ਵੀਂ 5 ਸਾਲਾ ਯੋਜਨਾ ਦੇ ਅੰਤ ਤੇ ਇਸ ਦੇ 1231 ਖਰਬ ਘਣ ਮੀਟਰ ਤੱਕ ਪਹੁੰਚ ਜਾਣ ਦੀ ਸੰਭਾਵਨਾ ਹੈ।

ਬੀ. ਸੀ. ਕੈਂਸਰ ਸੁਸਾਇਟੀ ਦੀ ਜਨਰਲ ਮੀਟਿੰਗ

ਸੁੱਚਾ ਸਿੰਘ ਕਲੇਰ (ਸ਼ਾਨ ਸਾੜ੍ਹੀਜ਼)



ਕਨੇਡੀਅਨ ਕੈਂਸਰ ਸੋਸਾਇਟੀ ਇਸ ਦੇਸ਼ ਅੰਦਰ ਸੂਬਿਆਂ, ਜਿਲ੍ਹਿਆਂ ਅਤੇ ਛੋਟੀਆਂ ਇਕਾਈਆਂ ਵਿਚ ਵੰਡੀ ਹੋਈ ਹੈ। ਬੀ.ਸੀ. ਅਤੇ ਯੂਕਾਨ ਬਰਾਂਚ ਦਾ ਮੁੱਖ ਦਫਤਰ ਇਥੇ ਵੈਨਕੂਵਰ ਵਿਚ ਸਥਾਪਤ ਹੈ। ਜਨਵਰੀ 29, ਦਿਨ ਸ਼ੁਕਰਵਾਰ ਨੂੰ ਇਸ ਬਰਾਂਚ ਦੀ ਛਤਾਲੀਵੀ ਸਾਲਾਨਾ ਜਨਰਲ ਮੀਟਿੰਗ ਇਸਦੇ ਮੁੱਖ ਦਫਤਰ 565 ਵੈਸਟ ਦਸ ਐਵਨਿਊ ਤੇ ਬੁਲਾਈ ਗਈ ਸੀ। ਇਕ ਖਾਸ ਸੱਦੇ-ਪੱਤਰ ਰਾਹੀਂ ਲੇਖਕ ਵੀ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਗਈ ਸੀ।

ਮੀਟਿੰਗ ਹਾਲ ਵਿਚ ਦਾਖਲ ਹੋਣ ਵਾਲਿਆਂ ਨੂੰ ਏਜੰਡੇ, ਆਰਥਿਕ ਅਤੇ ਹੋਰ ਸਬੰਧਤ ਕਾਰਵਾਈ ਦੀਆਂ ਕਾਪੀਆਂ ਵੰਡੀਆਂ ਗਈਆਂ ਸਨ। ਨਿਸ਼ਚਿਤ ਸਮੇਂ ਮੁਤਾਬਕ ਮੀਟਿੰਗ ਠੀਕ ਸਾਢੇ ਛੇ ਵਜੇ ਸ਼ੁਰੂ ਹੋਈ। ਬੀ.ਸੀ. ਅਤੇ ਯੂਕਾਨ ਸੋਸਾਇਟੀ ਦੇ ਪ੍ਰਧਾਨ ਮਿ: ਫਿਲਪ ਟੂੱਲਕ ਨੇ ਮੀਟਿੰਗ ਦੀ ਪ੍ਰਧਾਨਗੀ ਸੰਭਾਲੀ। ਪ੍ਰਤੀਨਿਧਾਂ ਨੂੰ ਜੀ ਆਇਆਂ ਕਹਿਣ ਦੇ ਨਾਲ ਨਾਲ ਉਹਨਾਂ ਨੇ ਮੀਟਿੰਗ ਬਾਰੇ ਸਾਰੇ ਏਜੰਡੇ ਉਤੇ ਰੋਸ਼ਨੀ ਪਾਈ, ਪੰਦਰਾਂ ਕੁ ਮਿਟ ਦੇ ਭਾਸ਼ਨ ਤੋਂ ਬਾਅਦ ਉਨਾਂ ਨੇ ਨਾਲ ਦੇ ਹਾਲ ਵਿਚ ਸ਼ਾਮ ਦੇ ਖਾਣੇ ਦੇ ਪ੍ਰਬੰਧ ਦਾ ਜ਼ਿਕਰ ਕਰਦਿਆਂ ਸਭ ਮੈਂਬਰਾਂ ਨੂੰ ਖਾਣਾ ਖਾਣ ਦੀ ਬੇਨਤੀ ਕੀਤੀ। ਚੌਲ, ਚਿਕਨ, ਮੱਛੀ, ਸਲਾਦ, ਕੇਕ ਅਤੇ ਚਾਹ-ਕਾਫੀ ਦਾ ਸੁਆਦ ਮਾਣਦਿਆਂ ਸ਼ਾਮ ਦੇ ਅੱਠ ਵਜ ਗਏ ਸਨ। ਸਟੇਜ ਤੋਂ ਪ੍ਰਧਾਨ ਨੇ ਫਿਰ ਮੀਟਿੰਗ ਸ਼ੁਰੂ ਕਰਨ ਦਾ ਸੰਕੇਤ ਦਿੱਤਾ। ਸਭ ਤੋਂ ਪਹਿਲਾਂ ਪ੍ਰਧਾਨ ਨੇ ਸਾਲ 1987 ਦੀਆਂ ਪ੍ਰਾਪਤੀਆਂ ਅਤੇ ਭਵਿਖ ਦੇ ਆਸ਼ਿਆਂ ਉਤੇ ਰੋਸ਼ਨੀ ਪਾਈ। ਉਸ ਤੋਂ ਪਿਛੋਂ ਬਿਲਡਿੰਗ ਆਰਥਿਕ, ਦਾਨ-ਉਗਰਾਹੀ, ਮਰੀਜ਼ ਸੇਵਾ, ਜਨਤਕ-ਸਿਖਿਆਵਾਂ ਆਦਿ ਵਿਸ਼ਿਆਂ ਉਤੇ ਸਬੰਧਤ ਅਧਿਕਾਰੀਆਂ ਨੇ ਰਿਪੋਰਟਾ ਪੜ੍ਹੀਆਂ।

ਦਾਨ-ਉਗਰਾਹੀ ਪ੍ਰਧਾਨ, ਮਿਸਟਰ ਰੇ ਸਪੇਕਮੇਨ ਨੇ ਦੱਸਿਆ ਕਿ ਸਾਲ 1987 ਵਿਚ 3,737,370 ਡਾਲਰ ਇਕੱਠੇ ਕਰ ਕੇ ਸਾਲ 1986 ਨਾਲੋਂ 16 ਪ੍ਰਤੀਸ਼ਤ ਵੱਧ ਦਾਨ ਇਕੱਠਾ ਕੀਤਾ ਹੈ। ਉਸ ਨੇ ਕਿਹਾ ਕਿ ਸਾਲ 1987 ਵਿਚ ਜ਼ਿਆਦਾ ਦਾਨ ਇਕੱਠਾ ਕਰਨ ਦਾ ਸਿਹਰਾ ਵੈਨਕੂਵਰ ਬਰਾਂਚ ਦੇ ਦਾਨ ਉਗਰਾਹੀ ਪ੍ਰਧਾਨ, ਮਿਸਟਰ ਸਿਮਸਨ ਦੇ ਸਿਰ ਹੈ ਕਿਉਂਕਿ ਉਸਦੀਆਂ ਕੋਸ਼ਿਸ਼ਾਂ ਨਾਲ ਵੈਨਕੂਵਰ ਬਰਾਂਚ ਨੇ 1986 ਦੇ ਮੁਕਾਬਲੇ ਦੇ 1987 ਵਿਚ 93 ਪ੍ਰਤੀਸ਼ਤ ਵੱਧ ਦਾਨ ਇਕੱਠਾ ਕੀਤਾ ਹੈ। ਇਸ ਰਿਪੋਰਟ ਵਿਚ ਇੰਡੋ-ਕਨੇਡੀਅਨ ਕਮਿਊਨਿਟੀ ਵੱਲੋਂ ਦਿੱਤੇ ਦਾਨ ਦੀ ਲਿਖਤੀ ਤੌਰ ਤੇ ਸ਼ਲਾਘਾ ਕੀਤੀ ਗਈ ਹੈ।

ਮਰੀਜ਼-ਸੇਵਾਵਾਂ ਦੀ ਰਿਪੋਰਟ ਦੇ ਵਰਣਨ ਵਿਚ ਦੱਸਿਆ ਗਿਆ ਕਿ ਕੈਂਸਰ ਦੇ ਜੋ ਰੋਗੀ ਇਲਾਜ ਦੇ ਖਰਚ ਲਈ ਅਸਮਰੱਥ ਹਨ, ਉਹਨਾਂ ਨੂੰ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ। ਮਰੀਜ਼ਾਂ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਂਦਾ ਹੈ; ਮਰੀਜ਼ਾਂ ਨੂੰ ਘਰ ਤੋਂ ਲੈ ਆਉਣ ਅਤੇ ਵਾਪਸ ਘਰ ਪਹੁੰਚਾਉਣ ਦੇ ਪ੍ਰਬੰਧ ਕੀਤੇ ਜਾਂਦੇ ਹਨ। ਕੈਂਸਰ ਦੇ ਰੋਗੀਆਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਮਨੋਵਿਗਿਆਨੀ ਸਲਾਹਕਾਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਐਜੂਕੇਸ਼ਨ ਰਿਪੋਰਟ ਅੰਦਰ ਦੱਸਿਆ ਕਿ ਕੈਂਸਰ ਦੇ ਰੋਗ ਨੂੰ ਸ਼ੁਰੂ ਵਿਚ ਲੱਭਣਾ ਅਤੀ ਜ਼ਰੂਰੀ ਹੈ। ਅਮਰੀਕਨ ਕੈਂਸਰ ਸੋਸਾਇਟੀ ਮੁਤਾਬਕ ਜੇ ਅੱਜ ਤਕ ਕੈਂਸਰ ਬਾਰੇ ਪਰਖੇ ਗਏ ਪਰਹੇਜ਼ਾਂ ਦੀ ਵਰਤੋਂ ਕੀਤੀ ਜਾਣ ਲਗ ਪਏ ਤਾਂ ਅਗਲੇ ਦਸ ਸਾਲਾਂ ਵਿਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਅੱਧੀ ਹੋ ਜਾਵੇਗੀ। 1986 ਦੇ ਕਨੇਡੀਅਨ ਅੰਕੜੇ ਦਸਦੇ ਹਨ ਕਿ ਸਾਲ 1986 ਵਿਚ 47 ਹਜ਼ਾਰ ਮੌਤਾਂ ਦਾ ਕਾਰਨ ਕੈਂਸਰ ਸੀ। ਕੈਂਸਰ ਰੋਗ ਦੀਆਂ ਨਿਸ਼ਾਨੀਆਂ ਕੀ ਹਨ ਅਤੇ ਇਸ ਨੂੰ ਕਿਵੇਂ ਨਾਪਿਆ ਜਾ ਸਕਦਾ ਹੈ? ਇਸ ਬਾਰੇ ਕੈਂਸਰ ਸੋਸਾਇਟੀਆਂ ਦੇ ਦਫਤਰਾਂ ਤੋਂ ਜਾਣਕਾਰੀ ਵਾਲੇ ਕਿਤਾਬਚੇ ਮੁਫਤ ਮਿਲਦੇ ਹਨ। ਆਵਾਸੀਆਂ ਦੀ ਸਹੂਲਤ ਲਈ ਉਹਨਾਂ ਦੀਆਂ ਆਪਣੀਆਂ ਬੋਲੀਆਂ ਵਿਚ ਵੀ ਕਿਤਾਬਚੇ ਛਪ ਚੁੱਕੇ ਹਨ। ਪੰਜਾਬੀ ਵਿਚ ਛਾਤੀ ਦਾ ਮੁਆਇਨਾ ਆਪ ਕਰੋ ਅਤੇ ਪੇਪ ਟੈਸਟ ਨਾਮ ਦੇ ਪੈਂਫਲਿਟ ਛਪ ਚੁੱਕੇ ਹਨ ਜੋ ਸੋਸਾਇਟੀ ਦੇ ਦਫਤਰਾਂ ਗੁਰਦਵਾਰਿਆਂ, ਮੰਦਰ, ਇਮੀਗਰੇਸ਼ਨ ਸਰਵਿਸ ਸੈਂਟਰ, ਡਾਕਟਰਾਂ ਦੇ ਦਫਤਰਾਂ ਅਤੇ ਹੋਰ ਪਬਲਿਕ ਸਥਾਨਾਂ ਤੋਂ ਵੀ ਮਿਲ ਸਕਦੇ ਹਨ।

ਐਜੂਕੇਸ਼ਨ ਰਿਪੋਰਟ ਤੋਂ ਪਿਛੋਂ ਜਿਲ੍ਹਾਂ ਦਫਤਰਾਂ ਜਿਵੇਂ ਕਿ ਫਰੇਜ਼ਰ ਵੈਲੀ, ਕੂਟਨੀ ਵੈਨਕੂਵਰ, ਆਈਲੈਂਡ, ਯੂਕਾਨ, ਮੱਧ ਅਤੇ ਉਤਰੀ ਇਲਾਕਿਆਂ ਦੇ ਅਧਿਕਾਰੀਆਂ ਨੇ ਆਪੋ ਆਪਣੇ ਸਾਲ ਭਰ ਦੇ ਕਾਰਜਾਂ ਦੀਆਂ ਰਿਪੋਰਟਾਂ ਪੜ੍ਹੀਆਂ ਆਖੀਰ ਵਿਚ ਸਾਲ 1987 ਦੀ ਸਾਲਾਨਾ ਆਰਥਿਕ ਰਿਪੋਰਟ ਪੇਸ਼ ਕੀਤੀ ਗਈ ਜਿਸ ਵਿਚ 70 ਲੱਖ ਡਾਲਰ ਦੀ ਆਮਦਨ ਅਤੇ ਖਰਚ ਦਾ ਵੇਰਵਾ ਦੱਸਿਆ ਗਿਆ। ਕੈਂਸਰ ਸੋਸਾਇਟੀ ਦੀ ਆਮਦਨ ਦਾ ਸੋਮਾ ਦਾਨ ਹੈ ਅਤੇ ਕੈਂਸਰ ਰੋਗ ਨੂੰ ਭਾਂਜ ਦੇਣ ਲਈ ਖ਼ਰਚ ਕੀਤਾ ਜਾਂਦਾ ਹੈ। ਹੇਠ ਦਿੱਤਾ ਖਾਕਾ ਖਰਚ-ਸੋਮਿਆਂ ਦਾ ਵੇਰਵਾ ਦੱਸਦਾ ਹੈ।

ਆਰਥਿਕ ਰਿਪੋਰਟ ਤੋਂ ਪਿਛੋਂ ਕੈਂਸਰ ਸੋਸਾਇਟੀ ਵਿਚ ਲੰਮੇ ਸਮੇਂ ਤੋਂ ਸੇਵਾ ਕਰ ਰਹੇ ਸੇਵਾਦਾਰਾਂ ਨੂੰ ਮਾਨ ਪੱਤਰ ਦਿੱਤੇ ਗਏ ਜਿਹਨਾਂ ਵਿਚ ਇਕ 86 ਸਾਲ ਦੀ ਉਮਰ ਦੀ ਔਰਤ ਨੂੰ ਸੋਸਾਇਟੀ ਵਿਚ ਪੰਜਾਹ ਸਾਲ ਕੰਮ ਕਰਨ ਲਈ ਮਾਨ ਪੱਤਰ ਦਿੱਤਾ ਗਿਆ। ਮੀਟਿੰਗ ਤੋਂ ਪਹਿਲਾਂ ਲੇਖਕ ਨਾਲ ਗੱਲਬਾਤ ਕਰਦੇ ਸਮੇਂ ਉਹ ਸੱਠ ਸਾਲਾਂ ਦੀ ਵੀ ਨਹੀਂ ਲੱਗੀ ਸੀ। ਸ਼ਾਇਦ ਮਿਠਾ ਬੋਲਣਾ, ਖੁਸ਼ ਰਹਿਣਾ ਅਤੇ ਦੂਜਿਆਂ ਦਾ ਭਲਾ ਕਰਨਾ ਹੀ ਉਸਦੀ ਚੰਗੀ ਸਿਹਤ ਅਤੇ ਲੰਮੀ ਉਮਰ ਦਾ ਭੇਤ ਹੋਵੇ। ਏਜੰਡੇ ਦਾ ਆਖਰੀ ਵਿਸ਼ਾ ਸਾਲ 1988 ਲਈ ਬੀ.ਸੀ. ਅਤੇ ਯੂਕਾਨ ਡਵੀਜ਼ਨ ਲਈ ਐਗਜੈਕਟਿਵ ਅਤੇ ਡਾਇਰੈਕਟਰਜ਼ ਕਮੇਟੀ ਦੀ ਚੋਣ ਸੀ। ਵਿਧਾਨ ਮੁਤਾਬਕ ਸਾਲ 1987 ਵਾਲੀ ਕਮੇਟੀ ਭੰਗ ਕੀਤੀ ਗਈ। ਸਭ ਤੋਂ ਪਹਿਲਾਂ ਡਾਇਰੈਕਟਰਜ਼ ਦਾ ਬੋਰਡ ਚੁਣਿਆ ਗਿਆ ਜਿਹਨਾਂ ਵਿਚ ਇਸ ਰਿਪੋਰਟ ਦੇ ਲੇਖਕ ਨੂੰ ਵੀ ਨਿਯੁਕਤ ਕੀਤਾ ਗਿਆ ਹੈ ਅਤੇ ਫਿਰ ਐਗਜੈਕਟਿਵ ਕਮੇਟੀ ਅਤੇ ਪ੍ਰਧਾਨ ਦੀ ਚੋਣ ਹੋਈ। ਇਸ ਸਮੇਂ ਰਾਤ ਦੇ 11.15 ਵਜ ਚੁੱਕੇ ਸਨ। ਮੀਟਿੰਗ ਸ਼ਾਂਤ ਚਲ ਰਹੀ ਸੀ ਕਿਸੇ ਪਾਸੇ ਖੁਸਰ-ਮੁਸਰ ਨਹੀਂ ਸੀ। ਸ਼ਰਾਬ ਦੀ ਬੋ ਨਹੀਂ ਸੀ। ਉਹ ਕਿਵੇਂ ਹੋਇਆ ਇਹ ਕਿਵੇਂ ਹੋਇਆ ਦਾ ਝਗੜਾ ਨਹੀਂ ਸੀ। ਤੂੰ ਬਹਿ ਜਾਂ ਤੂੰ ਉਠ ਖੜ੍ਹ ਦਾ ਰੌਲਾ ਨਹੀਂ ਸੀ। ਉਹ ਨਹੀਂ, ਇਹ ਚਾਹੀਦਾ ਹੈ, ਦਾ ਲਲਕਾਰਾ ਨਹੀਂ ਸੀ। ਵੋਟਾਂ ਪਾਓ ਦਾ ਨਾਅਰਾ ਨਹੀਂ ਸੀ। ਇਥੇ ਨਹੀਂ ਤੈਨੂੰ ਬਾਹਰ ਦੇਖਾਂਗੇ, ਦਾ ਡਰਾਵਾ ਨਹੀਂ ਸੀ। ਮੈਨੂੰ ਪਿਛਲੇ 30 ਸਾਲਾਂ ਵਿਚ ਸੈਂਕੜੇ ਹੀ ਰਾਜਸੀ, ਧਾਰਮਿਕ, ਸਮਾਜਿਕ, ਅਤੇ ਲੋਕ ਭਲਾਈ ਦੀਆਂ ਇਕੱਤਰਤਾਵਾਂ ਵਿਚ ਜਾਣ ਜਾਂ ਵਿਸਥਾਰ ਪੜ੍ਹਨ ਦਾ ਮੌਕਾ ਮਿਲਿਆ ਹੈ ਪਰ ਇਹ ਲੱਖਾਂ ਡਾਲਰਾਂ ਦਾ ਲੈਣ ਦੇਣ ਕਰਨ ਵਾਲੀ ਸੋਸਾਇਟੀ ਦੀ ਮੀਟਿੰਗ ਵਿਚ ਜਾਣ ਦਾ ਇਹ ਪਹਿਲਾ ਮੌਕਾ ਸੀ ਜਿਸ ਵਿਚ ਨਿਮਰਤਾ ਅਤੇ ਸਹਿਮਤੀ ਦੀ ਚੜ੍ਹਤ ਸੀ।

ਕੈਂਸਰ ਸੋਸਾਇਟੀ ਦੀ ਜਿੰਦ ਜਾਨ ਦਾਨੀ ਸੱਜਣ ਹਨ ਅਤੇ ਇਸ ਦਾ ਕਰਤੱਵ ਕੈਂਸਰ ਦੀ ਭੈੜੀ ਬਿਮਾਰੀ ਨੂੰ ਨੱਥ ਪਾਉਣਾ ਹੈ। ਕੈਂਸਰ ਬਾਰੇ ਹੋਰ ਜਾਣਕਾਰੀ ਜਾਂ ਦਾਨ ਦੇਣ ਲਈ ਤੁਸੀਂ ਸ਼ਾਨ ਸਾੜ੍ਹੀ ਸਟੋਰ ਤੇ ਫੂਨ ਕਰ ਸਕਦੇ ਹੋਂ ਜਿਸਦਾ ਫੂਨ ਨੰਬਰ (604)321-1955 ਹੈ ਜਾਂ ਕੈਂਸਰ ਸੋਸਾਇਟੀ ਵੈਨਕੂਵਰ ਨਾਲ ਸੰਪਰਕ ਜੋੜ ਸਕਦੇ ਹਨ ਜਿਸ ਦਾ ਫੂਨ ਨੰਬਰ (604)872-4400 ਜਾਂ 1-800-663-4242 ਹੈ।

ਮੈਂ ਉਹਨਾਂ ਦਾਨੀ ਸੱਜਣਾਂ ਦਾ ਅਤਿ ਧੰਨਵਾਦੀ ਹਾਂ ਜੋ ਸਾਡੇ ਦਫਤਰ ਆ ਕੇ ਕੈਂਸਰ ਫੰਡ ਲਈ ਦਾਨ ਦੇ ਕੇ ਜਾਂਦੇ ਹਨ ਅਤੇ ਮੈਨੂੰ ਪੂਰਨ ਭਰੋਸਾ ਹੈ ਕਿ ਤੁਹਾਡੀ ਕਮਾਈ ਦਾ ਦਾਨ ਜ਼ਰੂਰ ਕਿਸੇ ਦੇ ਦੁੱਖ ਕੱਟਣ ਵਿਚ ਸਹਾਰਾ ਬਣਦਾ ਹੈ।

ਇਤਿਹਾਸਕਾਰ ਡਾ. ਗੰਡਾ ਸਿੰਘ ਦੀ ਵਿਧਵਾ ਨੂੰਹ ਦੇ ਡਾਕਟਰੀ ਮੁਆਇਨੇ ਦਾ ਹੁਕਮ

ਪਟਿਆਲਾ — ਜੁਡੀਸ਼ਲ ਮੈਜਿਸਟਰੇਟ ਦਰਜਾ ਅੱਵਲ ਐਨ. ਆਈ. ਐਸ ਧਾਲੀਵਾਲ ਨੇ ਇਤਿਹਾਸਕਾਰ ਡਾ. ਗੰਡਾ ਸਿੰਘ ਦੀ ਵਿਧਵਾ ਨੂੰਹ ਸਤਵੰਤ ਕੌਰ, ਪੋਤਰੀ ਅਤੇ ਪ੍ਰੀਤ ਨਗਰ ਮੁਹੱਲਾ ਕਮੇਟੀ ਦੀ ਪ੍ਰਧਾਨ ਸਤਿਆ ਵਾਲੀਆ ਦੀ ਡਾਕਟਰੀ ਜਾਂਚ ਕਰਾਉਣ ਦਾ ਹੁਕਮ ਦਿੱਤਾ ਹੈ। ਸ੍ਰੀਮਤੀ ਸਤਵੰਤ ਕੌਰ ਨੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਦੀ ਦੇਵਰਾਣੀ ਨੇ ਕੁਝ ਬੰਦਿਆਂ ਨੂੰ ਨਾਲ ਲੈ ਕੇ ਉਨ੍ਹਾਂ ਦੇ ਘਰ 'ਤੇ ਧਾਵਾ ਬੋਲ ਦਿੱਤਾ ਅਤੇ ਡਾ. ਗੰਡਾ ਸਿੰਘ ਲਾਇਬਰੇਰੀ ਦਾ ਕੀਮਤੀ ਸਾਮਾਨ ਚੁੱਕ ਕੇ ਲੈ ਗਈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਉਨ੍ਹਾਂ ਦੀ ਬੇਟੀ ਨੂੰ ਅਤੇ ਉਨ੍ਹਾਂ ਨੂੰ ਬਚਾਉਣ ਆਈ ਮੁਹੱਲਾ ਕਮੇਟੀ ਦੀ ਪ੍ਰਧਾਨ ਨੂੰ ਇਨ੍ਹਾਂ ਫੱਟੜ ਕਰ ਦਿੱਤਾ।

ਸ੍ਰੀਮਤੀ ਸਤਵੰਤ ਕੌਰ ਅਨੁਸਾਰ ਡਾ. ਗੰਡਾ ਸਿੰਘ ਨੇ ਕੁਝ ਵਰ੍ਹੇ ਪਹਿਲਾਂ ਵਸੀਅਤ ਕਰਕੇ ਸਾਰੀ ਜਾਇਦਾਦ ਆਪਣੇ ਛੋਟੇ ਪੁੱਤਰ ਦੇ ਨਾਮ ਕਰ ਦਿੱਤੀ ਸੀ। ਪ੍ਰੰਤੂ ਸਤੰਬਰ 1987 ਵਿਚ ਉਨ੍ਹਾਂ ਆਪਣੀ ਵਸੀਅਤ ਬਦਲ ਦਿੱਤੀ ਅਤੇ ਦੋਵਾਂ ਪੁੱਤਰਾਂ ਦੇ ਨਾਮ ਅੱਧੋ ਅੱਧ ਜਾਇਦਾਦ ਕਰ ਦਿੱਤੀ।

ਉਨ੍ਹਾਂ ਦੋਸ਼ ਲਾਇਆ ਕਿ 30 ਜਨਵਰੀ ਨੂੰ ਉਨ੍ਹਾਂ ਦੀ ਦੇਵਰਾਣੀ ਰੁਪਿੰਦਰ ਕੌਰ ਕੁਝ ਬੰਦਿਆਂ ਨੂੰ ਨਾਲ ਲੈ ਕੇ ਆਈ ਅਤੇ ਉਨ੍ਹਾਂ ਦੇ ਘਰ 'ਤੇ ਧਾਵਾ ਬੋਲ ਦਿੱਤਾ। ਇਸ ਹਮਲੇ 'ਚ ਸ੍ਰੀਮਤੀ ਸਤਵੰਤ ਕੌਰ ਬੁਰੀ ਤਰ੍ਹਾਂ ਫੱਟੜ ਹੋ ਗਈ। ਬਾਅਦ ਵਿਚ ਇਸ ਵਿਧਵਾ ਨੂੰਹ ਨੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਇਸ ਦੀ ਸ਼ਿਕਾਇਤ ਕੀਤੀ। ਡਿਪਟੀ ਕਮਿਸ਼ਨਰ ਨੇ ਸਿਵਲ ਲਾਈਨਜ਼ ਪੁਲੀਸ ਨੂੰ ਕਾਰਵਾਈ ਕਰਨ ਦੀ ਹਦਾਇਤ ਕੀਤੀ। ਪ੍ਰੰਤੂ ਸ੍ਰੀਮਤੀ ਸਤਵੰਤ ਕੌਰ ਅਨੁਸਾਰ ਪੁਲੀਸ ਨੇ ਬੜੀ ਬੇਰੁਖੀ ਦਾ ਰਵੱਈਆ ਅਖਤਿਆਰ ਕਰਦੇ ਹੋਏ ਕੇਵਲ ਡੀ ਡੀ ਆਰ ਕੱਟ ਕੇ ਕੰਮ ਸਾਰ ਲਿਆ। ਇਸ 'ਤੇ ਮਜਬੂਰ ਹੋ ਕੇ ਸ੍ਰੀਮਤੀ ਸਤਵੰਤ ਕੌਰ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ।

ਅਦਾਲਤ ਵਿਚ ਦਾਇਰ ਅਰਜ਼ੀ ਵਿਚ ਕਿਹਾ ਗਿਆ ਹੈ ਕਿ ਸ੍ਰੀਮਤੀ ਸਤਵੰਤ ਕੌਰ ਤ਼ੇ ਉਨ੍ਹਾਂ ਦੇ ਸਾਥੀ ਡਾ. ਗੰਡਾ ਸਿੰਘ ਦੀ ਲਾਇਬਰੇਰੀ 'ਚੋਂ ਸੁਨਹਿਰੀ ਅੱਖਰਾਂ 'ਚ ਲਿਖੀ ਕੁਰਾਨ ਸ਼ਰੀਫ, ਮਹਾਰਾਨੀ ਜਿੰਦਾ ਦੀ ਅੰਗੂਠੀ ਅਤੇ ਡਾ. ਗੰਡਾ ਸਿੰਘ ਦੀਆਂ ਫਿਕਸਡ ਡਿਪਾਜ਼ਿਟ ਰਸੀਦਾਂ ਦੇ ਕਾਗਜ਼ ਲੈ ਗਏ ਹਨ।

ਮੰਤਰੀ ਦੇ ਰਿਸ਼ਤੇਦਾਰਾਂ ਦੇ ਕਬਜ਼ੇ 'ਚੋਂ ਜ਼ਮੀਨ ਛੁਡਾ ਕੇ ਅਬਾਦਕਾਰਾਂ ਨੂੰ

ਚੰਡੀਗੜ੍ਹ — ਬਲਾਚੌਰ ਨੇੜੇ ਇਕ ਸਾਬਕਾ ਮੰਤਰੀ ਦੇ ਨੇੜਲੇ ਸਹਿਯੋਗੀਆਂ ਵਲੋਂ ਨਜਾਇਜ਼ ਕਬਜ਼ੇ ਵਾਲੀ ਲਗਪਗ 150 ਏਕੜ ਜ਼ਮੀਨ ਮੁੜ ਕੇ ਮੁਜਾਰਿਆਂ ਨੂੰ ਮਿਲ ਗਈ ਹੈ। ਇਹ ਜਾਣਕਾਰੀ ਵਿੱਤ ਕਮਿਸ਼ਨਰ (ਮਾਲੀਆ) ਤੇਜਿੰਦਰ ਖੰਨਾ ਨੇ ਦਿੱਤੀ ਹੈ। ਵਰਨਣਯੋਗ ਹੈ ਕਿ ਬਰਨਾਲਾ ਸਰਕਾਰ ਸਮੇਂ ਇਕ ਕੈਬਨਿਟ ਮੰਤਰੀ ਦੇ ਨੇੜਲੇ ਰਿਸ਼ਤੇਦਾਰਾਂ ਅਤੇ ਉਸ ਦੇ ਸਹਿਯੋਗੀਆਂ ਨੇ ਇਸ ਜ਼ਮੀਨ ਉਤੇ ਕਬਜ਼ਾ ਕਰ ਲਿਆ ਸੀ ਅਤੇ ਗਰੀਬ ਅਬਾਦਕਾਰਾਂ ਨੂੰ ਜ਼ਬਰਦਸਤੀ ਉਜਾੜ ਦਿੱਤਾ ਸੀ। ਸਰਕਾਰ ਟੁੱਟਣ ਪਿਛੋਂ ਰਾਸ਼ਟਰਪਤੀ ਰਾਜ ਦੌਰਾਨ ਜ਼ਮੀਨ ਦੇ ਅਬਾਦਕਾਰਾਂ ਨੇ ਸਰਕਾਰ ਕੋਲ ਪਹੁੰਚ ਕੀਤੀ ਅਤੇ ਇਸ ਮਾਮਲੇ ਦੀ ਬਾਕਾਇਦਾ ਜਾਂਚ ਹੋਈ।

ਸ੍ਰੀ ਖੰਨਾ ਨੇ ਦੱਸਿਆ ਕਿ ਐਸ ਡੀ ਓ (ਸਿਵਲ) ਨੇ ਗਲਤ ਗਿਰਦਵਾਰੀਆਂ ਰੱਦ ਕਰਕੇ ਮੁਜਾਰਿਆਂ ਦੇ ਨਾਂ ਮੁੜ ਗਿਰਦਵਾਰੀਆਂ ਚਾੜ੍ਹ ਦਿੱਤੀਆਂ ਹਨ। ਸਰਕਾਰ ਵਲੋਂ ਐਲਾਨੀ ਮਾਲਕੀ ਦੀ ਨਵੀਂ ਨੀਤੀ ਅਨੁਸਾਰ ਇਸ ਜ਼ਮੀਨ ਦੇ ਮੁਜਾਰੇ ਵੀ ਪੈਸੇ ਭਰ ਕੇ ਮਾਲਕ ਬਣ ਸਕਦੇ ਹਨ। ਇਸ ਜ਼ਮੀਨ ਵਿਚੋਂ ਲਗਪਗ 30 ਏਕੜ ਦਾ ਮਾਮੂਲੀ ਝਗੜਾ ਰਹਿੰਦਾ ਹੈ। ਇਸ ਜ਼ਮੀਨ ਉਤੇ ਕਬਜ਼ਾ ਕਰਨ ਵਾਲਿਆਂ ਨੇ ਟਿਊਬਵੈੱਲ ਲਾ ਲਏ ਸਨ ਅਤੇ ਹੋਰ ਖਰਚਾ ਵੀ ਕੀਤਾ ਸੀ। ਉਨ੍ਹਾਂ ਵਲੋਂ ਹੁਣ ਮੁਆਵਜ਼ੇ ਦੀ ਮੰਗ ਕੀਤੀ ਜਾ ਰਹੀ ਹੈ।

ਸੰਸਾਰ ਦੀ ਵਸੋਂ ਦੇ ਪੰਜਵੇਂ ਹਿੱਸੇ ਕੋਲ ਰਹਿਣ ਲਈ ਕੋਈ ਘਰ ਨਹੀਂ

ਵੈਟੀਕਨ ਸਿਟੀ — ਵੈਟੀਕਨ ਨੇ ਬੇਘਰਿਆਂ ਬਾਰੇ ਜਾਰੀ ਇਕ ਅਹਿਮ ਦਸਤਾਵੇਜ਼ ਵਿਚ ਕਿਹਾ ਹੈ ਕਿ ਅਮੀਰ ਤੇ ਗਰੀਬ ਮੁਲਕਾਂ ਵਿਚ ਘਰ ਬਣਾਉਣ ਦੀ ਸਮੱਸਿਆ ਇਕ ਸਕੈਂਡਲ ਹੀ ਬਣ ਗਿਆ ਹੈ ਅਤੇ ਇਹ ਕਹਿਣਾ ਗਲਤ ਹੈ ਕਿ ਘਰ ਦਾ ਬਣਨਾ ਤਾਂ ਵਿਅਕਤੀ ਦੀ ਕਿਸਮਤ ਉਤੇ ਹੀ ਨਿਰਭਰ ਹੈ। ਨਿਆਂ ਅਤੇ ਅਮਨ ਬਾਰੇ ਵੈਟੀਕਨ ਕਮਿਸ਼ਨ ਵਲੋਂ ਤਿਆਰ ਕੀਤੀ ਤੀਹ ਪੰਨਿਆਂ ਦੀ ਇਸ ਰਿਪੋਰਟ ਦੀ ਭੂਮਿਕਾ ਪੋਪ ਜਾਹਨ ਪਾਲ ਨੇ ਲਿਖੀ ਹੈ ਜਿਸ ਵਿਚ ਉਨ੍ਹਾਂ ਨੇ ਬੇਘਰਿਆਂ ਨੂੰ "ਗਰੀਬਾਂ ਤੋਂ ਗਰੀਬ" ਦਸਿਆ ਹੈ। ਇਸ ਵਿਚ ਸਵਾਲ ਕੀਤਾ ਗਿਆ ਹੈ ਕਿ ਭਲਾ ਦੱਸੋ ਤੁਸਾਂ ਬੇਘਰੇ ਭਰਾਵਾਂ ਲਈ ਕੀ ਕੀਤਾ ਹੈ। ਦਸਤਾਵੇਜ਼ ਸੰਯੁਕਤ ਰਾਸ਼ਟਰ ਨੂੰ ਵੀ ਭੇਜੀ ਗਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਅੱਜ ਸੰਸਾਰ ਦੀ ਵਸੋਂ ਦੇ ਪੰਜਵੇਂ ਹਿੱਸੇ ਕੋਲ ਰਹਿਣ ਲਈ ਘਰ ਨਹੀਂ। ਇਹ ਲੋਕ ਖੁੱਲ੍ਹੇ ਆਕਾਸ਼ ਹੇਠ ਜੰਮੇਬ ਜੀਵੇ ਤੇ ਮਰ ਗਏ।

ਪੰਜਾਬ ਮਸਲਾ : ਦੇਸ਼-ਵਿਆਪੀ ਸਰਾਪ ਦਾ ਹਿੱਸਾ

—ਹਰਚਰਨ ਬੈਂਸ—

ਪੰਜਾਬ ਦੇ ਮਸਲੇ ਨੂੰ ਕੁਝ ਲੋਕਾਂ ਨੇ ਕੁਝ ਇਸ ਤਰ੍ਹਾਂ ਇਸਤੇਮਾਲ ਕੀਤਾ ਹੈ ਕਿ ਇਸ ਨੇ ਦੇਸ਼ ਦੀਆਂ ਉਨ੍ਹਾਂ ਸਾਰੀਆਂ ਸਮੱਸਿਆਵਾਂ ਤੋਂ ਲੋਕਾਂ ਦਾ ਧਿਆਨ ਹਟਾ ਦਿੱਤਾ ਹੈ ਜਿਹੜੀਆਂ ਇਸ ਨੂੰ ਦਰਪੇਸ਼ ਹਨ। ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਢੰਡੋਰਾ ਪਿਟ ਕੇ ਮੁਲਕ ਦੀ ਗਰੀਬ ਜਨਤਾ ਦੀ ਮਾਸੂਮੀਅਤ ਦਾ ਬਲਾਤਕਾਰ ਕੀਤਾ ਗਿਆ ਹੈ। ਕੌਣ ਪੁਛਦੈ ਕਿ ਬਿਹਾਰ, ਯੂ ਪੀ, ਮੱਧ ਪ੍ਰਦੇਸ਼, ਰਾਜਸਥਾਨ ਵਗੈਰਾ ਵਿਚ ਲਗਪਗ 20 ਕਰੋੜ ਲੋਕ ਗਰੀਬੀ ਦੀ ਜ਼ਿੱਲਤ ਬਰਦਾਸ਼ਤ ਕਰ ਰਹੇ ਹਨ, ਕੀ ਫਰਕ ਪੈਂਦੈ ਜੇ ਦੇਸ਼ ਦੀਆਂ ਕਰੋੜਾਂ ਮਾਵਾਂ ਦੀਆਂ ਸੁੰਨਸਾਨ ਨਜ਼ਰਾਂ ਵਿਚ ਆਪਣੇ ਬੱਚਿਆਂ ਵਾਸਤੇ ਅਗਲੇ ਪਹਿਰ ਦੇ ਖਾਣੇ ਦਾ ਸਵਾਲ ਕਿਸੇ ਖਲਾਅ ਵਾਂਗ ਖੜ੍ਹਾ ਹੈ ?

ਸ਼ਰਮਨਾਕ ਵਰਤਮਾਨ

ਗਰੀਬੀ ਹੀ ਸਿਰਫ ਐਸੀ ਸਮੱਸਿਆ ਨਹੀਂ ਜਿਸ ਨੂੰ ਪੰਜਾਬ ਸਮੱਸਿਆ ਦੇ ਸਹਾਰੇ ਤੱਪੜ ਹੇਠ ਛੁਪਾ ਦਿੱਤਾ ਗਿਆ ਹੈ ਦੇਸ਼ ਵਿਚ ਤੇਜ਼ੀ ਨਾਲ ਡਿੱਗਦੇ ਹੋਏ ਇਖਲਾਕ ਦਾ ਮਿਆਰ, ਜਿਸ ਦਾ ਕਿ ਵਧੀਆ ਨਮੂਨਾ ਕਦੇ ਦੇਸ਼ ਦੀ ਪਾਰਲੀਮੈਂਟ ਅਤੇ ਕਦੇ ਪੰਜਾਬ ਵਿਧਾਨ ਸਭਾ ਵਿਚ ਉਡਦੀਆਂ ਹੋਈਆਂ ਵਿਧਾਨਕਾਰਾਂ ਦੀਆਂ ਪੱਗਾਂ ਜਾਂ ਫਿਰ ਤਾਮਿਲਨਾਡੂ ਅਸੈਂਬਲੀ ਵਿਚ ਹੋਏ ਬੇਸ਼ਰਮੀ ਵਾਲੇ ਤਾਂਡਵ ਨਾਚ ਤੋਂ ਲਗਾਇਆ ਜਾ ਸਕਦਾ ਹੈ। ਇਹ ਸਭ ਤੋਂ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਦੇਸ਼ ਦੇ ਮਹਾਨ ਵਿਰਸੇ ਦੀਆਂ ਗੱਲਾਂ ਸਿਰਫ ਸ਼ਰਮਨਾਕ ਵਰਤਮਾਨ ਨੂੰ ਛੁਪਾਉਣ ਦੀਆਂ ਕੋਸ਼ਿਸ਼ਾਂ ਹੀ ਹਨ।

ਅੱਜ ਪੰਜਾਬ ਵਿਚ ਚਲ ਰਹੇ ਦੋਪਾਸੜ ਪਾਗਲਪਣ ਵਿਚ ਕੋਈ ਵੀ ਇਹ ਸੋਚਣ ਲਈ ਤਿਆਰ ਨਹੀਂ ਲਗਦਾ ਕਿ ਪੰਜਾਬ ਦਾ ਅਸਲੀ ਮਸਲਾ ਹੈ ਕੀ ? ਇਕ ਧਿਰ ਬਸ ਇਹ ਗੱਲ ਕਹਿ ਕੇ ਬਹਿਸ ਖਤਮ ਕਰ ਦਿੰਦੀ ਹੈ ਕਿ ਪੰਜਾਬ ਨਾਲ ਧੱਕਾ ਸਿਰਫ ਇਸ ਕਰਕੇ ਹੀ ਹੋ ਰਿਹਾ ਹੈ ਕਿਉਂਕਿ ਇਹ ਪ੍ਰਮੁੱਖ ਤੌਰ 'ਤੇ ਇਕ ਸਿੱਖ ਹੈ ਅਤੇ ਪੰਜਾਬ ਦੀਆਂ ਬਹੁਤੀਆਂ ਮੰਗਾਂ ਸਿਰਫ ਸਿੱਖ ਸੂਬਾ ਮੰਗਾਂ ਹੀ ਹਨ। ਇਸ ਵਿਚਾਰਧਾਰਾ ਦੇ ਹੱਕ ਵਿਚ ਕਾਫੀ ਸਬੂਤ ਦਿੱਤੇ ਜਾ ਸਕਦੇ ਹਨ ਅਤੇ ਉਪਰੋਂ ਉਪਰੋਂ ਤਾਂ ਇਹ ਗੱਲ ਬਿਲਕੁਲ ਠੀਕ ਹੀ ਲਗਦੀ ਹੈ। ਪਰ ਜੇ ਅਸੀਂ ਕੇਂਦਰੀ ਸਿਆਸਤਦਾਨਾਂ ਦੇ ਕਿਰਦਾਰ ਨੂੰ ਸਮਝੀਏ ਪਰਖੀਏ ਤਾਂ ਸਾਨੂੰ ਇਹ ਗੱਲ ਸਮਝਣ ਵਿਚ ਬਹੁਤੀ ਕਠਿਨਾਈ ਨਹੀਂ ਹੋਵੇਗੀ ਕਿ ਜੋ ਕੁਝ ਅੱਜ ਪੰਜਾਬ ਵਿਚ ਹੋ ਰਿਹਾ ਹੈ, ਉਹ ਇਕ ਦੇਸ਼-ਵਿਆਪੀ ਸਰਾਪ ਦਾ ਹੀ ਹਿੱਸਾ ਹੈ।

ਕੁਝ ਵਰ੍ਹੇ ਪਹਿਲਾਂ ਅਸਾਮ ਵਿਚ ਰਾਜ ਦੇ ਹਿਤਾਂ ਨੂੰ ਸੁਰੱਖਿਅਤ ਕਰਨ ਲਈ ਉਥੋਂ ਦੇ ਵਿਦਿਆਰਥੀਆਂ ਨੇ ਇਕ ਅੰਦੋਲਨ ਸ਼ੁਰੂ ਕੀਤਾ ਸੀ ਪਹਿਲਾਂ ਤਾਂ ਇਸ ਅੰਦੋਲਨ ਨੂੰ ਹਾਸੋ-ਹੀਣਾ ਕਰਾਰ ਦਿੱਤਾ ਗਿਆ। ਫਿਰ ਇਸ ਵਿਚ ਬਾਹਰੀ ਹਿੰਸਾ ਦਾ ਪ੍ਰਵੇਸ਼ ਕਰ ਕੇ ਇਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਅਖੀਰ ਵਿਚ ਜੋ ਗੱਲ ਤਾਕਤ ਨਾਲ ਨਾ ਹੋ ਸਕੀ, ਉਸ ਨੂੰ ਇਕ ਸਮਝੌਤੇ ਰਾਹੀਂ ਵਕਤੀ ਤੌਰ ਉਤੇ ਟਾਲ ਦਿੱਤਾ ਗਿਆ। ਕੁਝ ਅਜਿਹਾ ਹੀ ਪੰਜਾਬ ਵਿਚ ਵੀ ਹੋਇਆ। ਯਾਦ ਰੱਖਣਾ ਹੋਏਗਾ ਕਿ ਆਸਾਮ ਦੇ ਅੰਦੋਲਨ ਵਿਚ ਜੋ ਜ਼ਿਆਦਤੀ ਕੀਤੀ ਗਈ ਅਤੇ ਅਸਾਮ ਦੇ ਵਕਾਰ ਨੂੰ ਜਿਸ ਤਰ੍ਹਾਂ ਤਹਿਸ-ਨਹਿਸ ਕਰਨ ਦੀ ਕੋਸ਼ਿਸ਼ ਕੀਤੀ ਗਈ, ਉਸ ਦੀ ਮਿਸਾਲ ਦੇਸ਼ ਦੇ ਕਿਸੇ ਹੋਰ ਹਿੱਸੇ ਵਿਚ ਨਹੀਂ ਮਿਲਦੀ। ਪੰਜਾਬ ਵਿਚ ਵੀ ਨਹੀਂ। ਅਤੇ ਜੇ ਗੌਰ ਨਾਲ ਸੋਚਿਆ ਜਾਏ ਤਾਂ ਆਧੁਨਿਕ ਯੁੱਗ ਵਿਚ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਇਸ ਤੋਂ ਵੱਧ ਸ਼ਰਮਨਾਕ ਜਬਰ ਬੰਗਲਾ ਦੇਸ਼ ਦੀ ਆਜ਼ਾਦੀ ਦੇ ਦਿਨਾਂ ਤੋਂ ਸਿਵਾ ਕਿਤੇ ਹੋਇਆ ਹੀ ਨਹੀਂ ਜਾਂ ਫਿਰ ਜੋ ਬਿਜਲੀ ਸ੍ਰੀਲੰਕਾ ਦੇ ਤਾਮਿਲਾਂ ਦੇ ਸਿਰਾਂ ਉਤੇ ਗਿਰੀ ਹੈ, ਉਹ ਹੀ ਆਸਾਮ ਦੇ ਦੁਖਾਂਤ ਨਾਲ ਮੇਲ ਖਾਂਦੀ ਇਕੋ ਇਕ ਮਿਸਾਲ ਹੈ।

ਮਤਲਬ

ਇਨ੍ਹਾਂ ਗੱਲਾਂ ਦਾ ਮਤਲਬ ਸਿਰਫ ਪੰਜਾਬ ਦੇ ਦੁਖਾਂਤ ਦਾ ਸਿਰਲੇਖ ਬਦਲਣ ਦੀ ਕੋਸ਼ਿਸ਼ ਕਰਨਾ ਹੀ ਹੈ। ਅਸਾਮ ਵਿਚ ਸਿੱਖ ਨਹੀਂ ਵਸਦੇ, ਤਾਮਿਲਨਾਡੂ, ਮਿਜ਼ੋਰਮ, ਦਾਰਜੀਲਿੰਗ, ਮਨੀਪੁਰ, ਤ੍ਰਿਪੁਰਾ ਅਤੇ ਇਨ੍ਹਾਂ ਤੋਂ ਪਹਿਲਾਂ ਆਂਧਰਾ ਪ੍ਰਦੇਸ਼ ਜਿਥੇ ਕਿ ਸੱਠਵਿਆਂ ਵਿਚ ਅਤਿਅੰਤ ਜਬਰ ਹੋਇਆ — ਇਨ੍ਹਾਂ ਸਾਰਿਆਂ ਮਸਲਿਆਂ ਦਾ ਸਿੱਖਾਂ ਨਾਲ ਸਿਧਾ ਕੋਈ ਸਬੰਧ ਨਹੀਂ। ਪੰਜਾਬ ਨਾਲ ਧੱਕਾ ਇਸ ਕਰਕੇ ਨਹੀਂ ਹੋ ਰਿਹਾ ਕਿ ਇਥੇ ਸਿੱਖ ਵਸਦੇ ਹਨ, ਬਲਕਿ ਸਿੱਖਾਂ ਨਾਲ ਜੋ ਧੱਕਾ ਹੋਇਆ ਹੈ ਉਹ ਇਸ ਲਈ ਕਿ ਉਹ ਪੰਜਾਬ ਵਿਚ ਵਸਦੇ ਹਨ। ਇਸ ਧੱਕੇ ਨੂੰ ਜਨਮ ਦੇਣ ਵਾਲਾ ਹਿੰਦੂਵਾਦ ਨਹੀਂ ਬਲਕਿ ਦੇਸ਼ ਦੀ ਅਤਿਅੰਤ ਗਿਰੀ ਹੋਈ ਸਿਆਸਤ ਹੈ ਜਿਸ ਨੇ ਹਿੰਦੂਵਾਦ ਦਾ ਸਹਾਰਾ ਲਿਆ ਹੈ। ਇਕ ਤਰ੍ਹਾਂ ਵੇਖਿਆ ਜਾਏ ਤਾਂ ਸਾਡੇ ਕੌਮੀ ਰਹਿਨੁਮਾਵਾਂ ਨੇ ਹਿੰਦੂਆਂ ਨੂੰ ਬੜੀ ਚਤੁਰਾਈ ਨਾਲ ਸਿੱਖਾਂ ਵਿਰੁਧ ਖੜ੍ਹਾ ਕੀਤਾ ਅਤੇ ਫਿਰ ਸਿੱਖਾਂ ਨੂੰ ਹਊਆ ਬਣਾ ਕੇ ਹਿੰਦੂ ਵੋਟਾਂ ਬਟੋਰੀਆਂ ਹਨ।

ਕੇਵਲ ਅਤੇ ਕੇਵਲ ਇਸ ਸੰਦਰਭ ਵਿਜ ਹੀ ਪੰਜਾਬ ਸਮੱਸਿਆ ਨੂੰ ਅਸੀਂ ਇਕ ਕੌਮੀ ਸਮੱਸਿਆ ਕਹਿ ਸਕਦੇ ਹਾਂ। ਇਹ ਬਿਲਕੁਲ ਅਲੱਗ ਗੱਲ ਹੈ ਕਿ ਸਿੱਖ ਕੌਮ ਦੇ ਲੀਡਰ, ਜੋ ਬਹੁਤ ਵੱਡੀਆਂ ਵੱਡੀਆਂ ਡੀਂਗਾਂ ਮਾਰ ਕੇ ਕੌਮ ਨੂੰ ਸੁਪਨੇ ਦਿਖਾਉਂਦੇ ਰਹੇ, ਉਹ ਵੀ ਇਸ ਦੁਖਾਂਤ ਵਿਚ ਇਲਜ਼ਾਮ ਤੋਂ ਮੁਕਤ ਨਹੀਂ ਹਨ। ਜੇ ਦੇਸ਼ ਦੀ ਮੌਕਾਪ੍ਰਸਤ ਸਿਆਸੀ ਜਮਾਤ ਸਿੱਖ ਸਮੱਸਿਆ ਨੂੰ ਬੇਦਰਦੀ ਨਾਲ ਇਸਤੇਮਾਲ ਕਰ ਕੇ ਆਪਣੀ ਸਿਆਸੀ ਦੁਕਾਨਦਾਰੀ ਚਲਾ ਰਹੀ ਹੈ ਤਾਂ ਸਿੱਖ ਲੀਡਰ ਵੀ ਉਨ੍ਹਾਂ ਦੀ ਇਸ ਚਾਲਬਾਜ਼ੀ ਤੋਂ ਨਾ ਤਾਂ ਕੌਮ ਨੂੰ ਸੁਚੇਤ ਹੀ ਕਰ ਸਕੇ ਹਨ ਅਤੇ ਨਾ ਹੀ ਆਪਣੀ ਬਹਾਦਰੀ ਅਤੇ ਸੂਝਬੂਝ ਨਾਲ ਦੁਸ਼ਮਣ ਦਾ ਟਾਕਰਾ ਹੀ ਕਰ ਸਕੇ ਹਨ। ਬਸ ਇਹ ਆਪਣੀਆਂ ਹੀ ਡੀਂਗਾਂ ਦੇ ਕੈਦੀ ਬਣ ਕੇ ਰਹਿ ਗਏ ਹਨ।

ਫਿਰਕਾਪ੍ਰਸਤੀ

ਇਕ ਗੱਲ ਚੰਗੀ ਤਰ੍ਹਾਂ ਨਾਲ ਸਮਝ ਲੈਣੀ ਚਾਹੀਦੀ ਹੈ ਕਿ ਫਿਰਕਾਪ੍ਰਸਤੀ ਦਾ ਫਾਇਦਾ ਸਿਰਫ ਬਹੁਗਿਣਤੀ ਜਮਾਤ ਦੇ ਉਨ੍ਹਾਂ ਲੀਡਰਾਂ ਨੂੰ ਹੀ ਹੁੰਦਾ ਹੈ ਜੋ ਫਿਰਕੂ ਬਹੁ-ਗਿਣਤੀ ਦੇ ਸਹਾਰੇ ਆਪਣੀ ਸਿਆਸਤ ਚਲਾਉਂਦੇ ਹਨ। ਘੱਟ ਗਿਣਤੀਆਂ ਨੂੰ ਫਿਰਕੂ ਮਾਹੌਲ ਦਾ ਕਦੇ ਕੋਈ ਫਾਇਦਾ ਨਹੀਂ ਹੋ ਸਕਦਾ ਅਤੇ ਨਾ ਹੀ ਦੇਸ਼ ਵਿਚ ਵਧਦੇ ਹੋਏ ਫਿਰਕੂ ਰੁਝਾਨ ਦਾ ਸਿੱਖਾਂ ਨੂੰ ਕੋਈ ਫਾਇਦਾ ਹੋਇਆ ਹੈ। ਇਸ ਦੀ ਵਜ੍ਹਾ ਇਹ ਹੈ ਕਿ ਜਦੋਂ ਲੋਕ ਰਾਜ ਵਿਚ ਲੋਕ ਫੈਸਲੇ ਠੋਸ ਆਰਥਿਕ ਨੈਤਿਕ

⟶


ਅਤੇ ਵਿਚਾਰਧਾਰਕ ਮਸਲਿਆਂ ਤੋਂ ਪਰੇ ਹਟ ਕੇ ਲਏ ਜਾਂਦੇ ਹਨ ਅਤੇ ਉਨ੍ਹਾਂ ਦਾ ਆਧਾਰ ਸਿਰਫ ਫਿਰਕੂ ਜਜ਼ਬਾਤ ਨੂੰ ਹੀ ਬਣਾਇਆ ਜਾਂਦਾ ਹੈ, ਉਦੋਂ ਸਿਰਫ ਬਹੁ-ਗਿਣਤੀ ਦਾ ਵੱਡਾ ਘੇਰਾ ਬਾਕੀ ਸਾਰੀਆਂ ਗੱਲਾਂ ਨੂੰ ਕੁਚਲ ਮਸਲ ਕੇ ਰੱਖ ਦਿੰਦਾ ਹੈ । ਇਕ ਸੈਕੂਲਰ ਫਿਜ਼ਾ ਹਮੇਸ਼ਾ ਘੱਟ ਗਿਣਤੀਆਂ ਦੇ ਫਾਇਦੇ ਵਿਚ ਰਹਿੰਦੀ ਹੈ ਕਿਉਂਕਿ ਜੇ ਦੇਸ਼ ਫਿਰਕਿਆਂ ਵਿਚ ਵੰਡਿਆ ਜਾਏ ਤਾਂ ਜ਼ਾਹਿਰ ਹੈ ਕਿ ਵੱਡੇ ਫਿਰਕੇ ਦਾ ਹੀ ਬੋਲਬਾਲਾ ਰਹੇਗਾ ।

ਅਸਲੀ ਮਸਲਾ ਸਿਖ ਬਨਾਮ ਹਿੰਦੂ ਨਹੀਂ ਹੈ । ਅਸਲੀ ਮਸਲਾ ਜਨਤਾ ਨੂੰ ਇਸ ਨਰਕ ਵਿਚੋਂ ਕੱਢਣਾ ਹੈ ਜਿਸ ਵਿਚ ਸਾਡੇ ਦੇਸ਼ ਦੇ ਨੇਤਾਵਾਂ ਨੇ ਸਾਨੂੰ ਧਕੇਲ ਦਿੱਤਾ ਹੈ । ਇਸ ਨਰਕ ਵਿਚ ਬਹੁਤ ਖੌਫਨਾਕ ਦੈਂਤ ਮੰਡਰਾਉਂਦੇ ਹਨ, ਜਿਨ੍ਹਾਂ ਨਾਲ ਲੜਨ ਤੋਂ ਸਾਡੇ ਦੇਸ਼ ਦੇ ਨੇਤਾ ਅਸਮਰਥ ਹਨ । ਇਸੇ ਲਈ ਉਨ੍ਹਾਂ ਨੇ ਇਕ ਨਕਲੀ ਦੈਂਤ ਖੜ੍ਹਾ ਕੀਤਾ ਹੈ, ਜਿਸ ਦਾ ਨਾਂ ਉਨ੍ਹਾਂ ਨੇ ਸਿਖ 'ਕੱਟੜਵਾਦ' ਰੱਖਿਆ ਹੈ । ਸ਼ਾਇਦ ਕਿਸੇ ਨੂੰ ਇਹ ਲਗਦਾ ਹੋਵੇ ਕਿ ਇਸ ਹਊਏ ਨਾਲ ਸਿੱਖਾਂ ਉਤੇ ਜਬਰ ਕਰਨ ਦਾ ਬਹਾਨਾ ਮਿਲ ਜਾਏ ਪਰ ਅੰਤ ਵਿਚ ਮਸਲਾ ਦੈਂਤ ਦਾ ਨਹੀਂ ਬਲਕਿ ਉਸ ਬੋਤਲ ਦਾ ਹੈ ਜਿਸ ਵਿਚੋਂ ਨਵੇਂ ਨਵੇਂ ਦੈਂਤ ਛੱਡੇ ਜਾਂਦੇ ਰਹਿਣਗੇ ਅਤੇ ਦੇਸ਼ ਦੀ ਭੋਲੀ ਭਾਲੀ ਜਨਤਾ ਦਾ ਅਧਿਆਤਮਕ ਬਲਾਤਕਾਰ ਜਾਰੀ ਰਹੇਗਾ । ਇਹ ਬੋਤਲ ਹੈ ਸਾਡੀ ਕੌਮੀ ਰਾਜਨੀਤੀ । ਇਸ ਬੋਤਲ ਨੂੰ ਤੋੜਨ ਦੀ ਜ਼ਰੂਰਤ ਹੈ ਅਤੇ ਇਸ ਵਿਚ ਬੰਦ ਪ੍ਰੇਤ ਆਤਮਾ ਨੂੰ ਸਦਾ ਲਈ ਇਸ ਦੇਸ਼ ਵਿਚੋਂ ਭਜਾਉਣ ਦੀ । ਇਸ ਕੰਮ ਵਿਚ ਸਿਖਾਂ ਨੂੰ ਚਾਹੀਦਾ ਹੈ ਕਿ ਦੁਸ਼ਮਣ ਦੀ ਚਾਲ ਨੂੰ ਨੰਗਿਆਂ ਕਰਨ, ਨਾ ਕਿ ਖੁਦ ਚਾਲ ਦਾ ਸ਼ਿਕਾਰ ਬਣ ਜਾਣ । ਸਿਖਾਂ ਦਾ ਵੱਡਾਪਣ ਉਨ੍ਹਾਂ ਦੇ ਡੌਲਿਆਂ ਤਕ ਹੀ ਸੀਮਤ ਨਹੀਂ ਹੈ ਅਤੇ ਨਾ ਹੀ ਰਹਿਣਾ ਚਾਹੀਦਾ ਹੈ । ਦੂਰ-ਅੰਦੇਸ਼ੀ, ਅਧਿਆਤਮਕ ਸੂਖਮਤਾ ਅਤੇ ਭਲੇ ਬੁਰੇ ਦੀ ਪਛਾਣ ਕਰਨ ਦੀ ਸਮਰੱਥਾ ਸਮੇਂ ਦੀ ਜ਼ਰੂਰਤ ਹਨ । ਸੁਰਜੀਤ ਪਾਤਰ ਦੀਆਂ ਸਤਰਾਂ ਹਨ :

"ਮੈਂ ਕਦ ਕਹਿੰਦਾਂ ਇਨਸਾਫ ਨਾ ਮੰਗ
ਜਾਂ ਇਹ ਕਿ ਹੱਕ ਲਈ ਛੇੜ ਨਾ ਜੰਗ
ਪਰ ਦੁਸ਼ਮਣ ਦੀ ਪਹਿਚਾਣ ਤਾਂ ਕਰ
ਐਵੇਂ ਨਾ ਵੱਢ ਆਪਣੇ ਹੀ ਖੰਭ ...

ਦੁੱਖਾਂ ਦੇ ਖਿਲਾਫ ਅਜੇ ਲੜਨਾ
ਭੁੱਖਾਂ ਦੇ ਖਿਲਾਫ ਅਜੇ ਲੜਨਾ
ਛਾਵਾਂ ਦੇ ਬਹਾਨੇ ਖਾਂ ਜਾਂਦੇ
ਰੁੱਖਾਂ ਦੇ ਖਿਲਾਫ ਅਜੇ ਲੜਨਾ ।
ਤੇਰੀ ਤੇਗ ਦੀ ਧਾਰ ਤੋਂ ਮੈਂ ਸਦਕੇ
ਤੇਰੀ ਤੇਗ ਤੋਂ ਕੌਣ ਇਨਕਾਰੀ ਏ ।"

ਮੰਗਾਂ ਮੰਨੇ ਬਿਨਾਂ ਸਮਝੌਤਾ ਨਹੀਂ — ਬਾਦਲ



ਚੰਡੀਗੜ੍ਹ — ਸੰਯੁਕਤ ਅਕਾਲੀ ਦਲ ਦੇ ਨੇਤਾ ਅਤੇ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਥੇ ਕਿਹਾ ਕਿ ਕੇਂਦਰ ਨੇ ਪੰਜਾਬ ਸਮਝੌਤਾ ਸਿਰਫ ਸਤਲੁਜ-ਯਮਨਾ ਲਿੰਕ ਨਹਿਰ ਤਿਆਰ ਕਰਨ ਲਈ ਹੀ ਕੀਤਾ ਅਤੇ ਉਸ ਦਾ ਸਿੱਖਾਂ ਦੀਆਂ ਮੰਗਾਂ ਮੰਨਣ ਦਾ ਕੋਈ ਇਰਾਦਾ ਨਹੀਂ ਸੀ । ਉਨ੍ਹਾਂ ਕਿਹਾ ਕਿ ਸਿੱਖਾਂ ਨਾਲ ਦੇਸ਼ ਦੀ ਸਰਕਾਰ ਨੇ ਵੱਡਾ ਧੱਕਾ ਕੀਤਾ ਹੈ ਜੋ ਕੁਝ ਆਜ਼ਾਦੀ ਤੋਂ ਪਹਿਲਾਂ ਮਹਾਤਮਾ ਗਾਂਧੀ ਤੇ ਪੰਡਤ ਨਹਿਰੂ ਨੇ ਸਾਡੇ ਨਾਲ ਵਾਅਦੇ ਕੀਤੇ, ਇਹ ਸਾਰੇ ਵਾਅਦਿਆਂ ਤੋਂ ਦੇਸ਼ ਦੀ ਆਜ਼ਾਦੀ ਤੋਂ ਕੇਵਲ ਇਕ ਸਾਲ ਬਾਅਦ ਹੀ ਕੇਂਦਰੀ ਸਰਕਾਰ ਮੁਕਰ ਗਈ । ਸਮਝੌਤੇ ਵੇਲੇ ਮੈਂ (ਬਾਦਲ) ਸੰਤ ਲੌਂਗੋਵਾਲ ਨੂੰ ਕਿਹਾ ਕਿ ਸਮਝੌਤਾ ਕਰਨ ਤੋਂ ਪਹਿਲਾਂ ਮੰਗਾਂ ਮੰਨਵਾ ਲਵੋ, ਨਹੀਂ ਤਾਂ ਕੇਂਦਰ ਸਰਕਾਰ ਵਾਅਦਿਆਂ ਤੋਂ ਮੁੱਕਰ ਜਾਵੇਗੀ ।

ਉਹ ਸਾਰੀ ਭਵਿੱਖਬਾਣੀ ਠੀਕ ਨਿਕਲੀ । ਅਸੀਂ ਮਸਲੇ ਦੇ ਹੱਲ ਲਈ ਸੰਘਰਸ਼ ਕਰ ਰਹੇ ਹਾਂ । ਸੰਯੁਕਤ ਅਕਾਲੀ ਦਲ ਕੇਵਲ ਕੁਰਸੀ ਲਈ ਨਹੀਂ ਲੜ ਰਿਹਾ । ਅਕਾਲੀ ਦਲ ਲੋਕਾਂ ਦੇ ਸਹਿਯੋਗ ਨਾਲ ਲੜਾਈ ਜ਼ਰੂਰ ਜਿੱਤੇਗਾ । ਹਾਲਾਤ ਅਜਿਹੇ ਜ਼ਰੂਰ ਬਣਨਗੇ ਜਿਸ ਨਾਲ ਸਾਡੀ ਜਿੱਤ ਹੋਵੇਗੀ । ਪੰਜਾਬ ਦਾ ਮਸਲਾ ਕੇਂਦਰ ਸਰਕਾਰ ਨੇ ਹੱਲ ਕਰਨਾ ਹੈ । ਪਰ ਕੇਂਦਰ ਸਰਕਾਰ ਪੰਜਾਬ ਮਸਲੇ ਨੂੰ ਹੱਲ ਕਰਨ ਲਈ ਬਿਲਕੁਲ ਸੁਹਿਰਦ ਨਹੀਂ । ਉਨ੍ਹਾਂ ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ ਜ਼ਿਲਿਆਂ ਵਿਚ ਪੁਲੀਸ ਵਲੋਂ ਝੂਠੇ ਮੁਕਾਬਲਿਆਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ । ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਪੁਲੀਸ ਵਲੋਂ ਰੋਜ਼ ਕੀਤੇ ਜਾ ਰਹੇ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਆਪਣੇ ਵਲੋਂ ਪੜਤਾਲ ਕਮੇਟੀ ਬਣਾ ਦਿੱਤੀ ਹੈ ।

ਸਾਬਕਾ ਵਿਦਿਆ ਮੰਤਰੀ ਸੁਖਜਿੰਦਰ ਸਿੰਘ ਨੇ ਕਿਹਾ ਕਿ ਦੇਸ਼ ਦੀ ਵੰਡ ਵੇਲੇ ਸਿਖ ਕੌਮ ਨੇ ਫੈਸਲਾ ਕੀਤਾ ਕਿ ਉਹ ਆਪਣੇ ਵੱਡੇ ਭਰਾ (ਹਿੰਦੂ) ਨਾਲ ਰਹਿਣਗੇ, ਦੇਸ਼ ਤੋਂ ਵੱਖ ਹੋਣਾ ਪਸੰਦ ਨਹੀਂ ਕੀਤਾ । ਪਰ ਕੇਂਦਰ ਵਿਚ ਰਾਜ ਕਰਦੇ ਕੱਟੜ ਹਿੰਦੂ ਨੇਤਾ ਫਿਰਕਾਪ੍ਰਸਤ ਆਜ਼ਾਦੀ ਤੋਂ ਬਾਅਦ ਸਿੱਖਾਂ ਨਾਲ ਕੀਤੇ ਵਾਅਦਿਆਂ ਤੋਂ ਮੁਕਰ ਗਏ । ਪਹਿਲਾਂ ਪੰਜਾਬੀ ਬੋਲੀ ਦੇ ਆਧਾਰ ਉਤੇ ਵੱਖਰਾ ਸੂਬਾ ਦੇਣ ਤੋਂ ਕੇਂਦਰ ਨੇ ਇਨਕਾਰ ਕੀਤਾ । ਪੰਜਾਬੀ ਸੂਬਾ ਬਣਾਉਣ ਸਮੇਂ ਵੀ ਸਿੱਖਾਂ ਨਾਲ ਬੇਇਨਸਾਫੀ ਕੀਤੀ ।

ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇਸ਼ ਦਾ ਸਭ ਤੋਂ ਵੱਡਾ ਕੁਰਪਟ ਹੈ । ਸਾਰਾ ਦੇਸ਼ ਰਾਜੀਵ ਵਿਰੁਧ ਹੈ ਪਰ ਕੇਵਲ 400 ਮੈਂਬਰ ਲੋਕ ਸਭਾ ਦੱਬੀ ਜ਼ਬਾਨ ਵਿਚ ਇਸ ਦੇ ਹੱਕ ਵਿਚ ਹਨ । ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਿਉਂ ਜਿਉਂ ਸਾਡੇ ਉਤੇ ਤਸ਼ੱਦਦ ਵਧਦਾ ਜਾ ਰਿਹਾ ਹੈ ਤਿਉਂ ਤਿਉਂ ਸਾਡੀਆਂ ਮੰਗਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ । ਅੱਜ ਦਿੱਲੀ ਦੀ ਸਰਕਾਰ ਦੀਆਂ ਅੱਖਾਂ ਬੰਦ ਹਨ, ਤੇ ਕੰਨਾਂ ਤੋਂ ਸੁਣਦਾ ਨਹੀਂ, ਇਹੀ ਕਾਰਨ ਹੈ ਕਿ ਅਜੇ ਤੱਕ ਕੇਂਦਰ ਸਰਕਾਰ ਪੰਜਾਬ ਦੇ ਮਸਲੇ ਨੂੰ ਸੁਲਝਾ ਨਹੀਂ ਸਕੀ ।

ਗੰਧਲਾ ਅਕਸ

ਪੰਜਾਬ ਦੇ ਗੰਧਲੇ ਅਕਸ ਤੋਂ ਦਿੱਲੀ ਵਿਚ ਬੈਠੇ ਮੌਕਾਪ੍ਰਸਤ ਜਿਸ ਤਰ੍ਹਾਂ ਫਾਇਦਾ ਉਠਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਇਸ ਮਨਸੂਬੇ ਵਿਚ ਕਾਮਯਾਬ ਹੋ ਲੈਣ ਦੇਣਾ ਸਿੱਖਾਂ ਦੀ ਵੀ ਹਾਰ ਹੋਵੇਗੀ ਅਤੇ ਦੇਸ਼ ਦੀ ਵੀ ।


ਅਤੇ ਵਿਚਾਰਧਾਰਕ ਮਸਲਿਆਂ ਤੋਂ ਪਰੇ ਹਟ ਕੇ ਲਏ ਜਾਂਦੇ ਹਨ ਅਤੇ ਉਨ੍ਹਾਂ ਦਾ ਆਧਾਰ ਸਿਰਫ ਫਿਰਕੂ ਜਜ਼ਬਾਤ ਨੂੰ ਹੀ ਬਣਾਇਆ ਜਾਂਦਾ ਹੈ, ਉਦੋਂ ਸਿਰਫ ਬਹੁ-ਗਿਣਤੀ ਦਾ ਵੱਡਾ ਘੇਰਾ ਬਾਕੀ ਸਾਰੀਆਂ ਗੱਲਾਂ ਨੂੰ ਕੁਚਲ ਮਸਲ ਕੇ ਰੱਖ ਦਿੰਦਾ ਹੈ। ਇਕ ਸੈਕੂਲਰ ਫਿਜ਼ਾ ਹਮੇਸ਼ਾ ਘੱਟ ਗਿਣਤੀਆਂ ਦੇ ਫਾਇਦੇ ਵਿਚ ਰਹਿੰਦੀ ਹੈ ਕਿਉਂਕਿ ਜੇ ਦੇਸ਼ ਫਿਰਕਿਆਂ ਵਿਚ ਵੰਡਿਆ ਜਾਏ ਤਾਂ ਜ਼ਾਹਿਰ ਹੈ ਕਿ ਵੱਡੇ ਫਿਰਕੇ ਦਾ ਹੀ ਬੋਲਬਾਲਾ ਰਹੇਗਾ।

ਅਸਲੀ ਮਸਲਾ ਸਿੱਖ ਬਨਾਮ ਹਿੰਦੂ ਨਹੀਂ ਹੈ। ਅਸਲੀ ਮਸਲਾ ਜਨਤਾ ਨੂੰ ਇਸ ਨਰਕ ਵਿਚੋਂ ਕੱਢਣਾ ਹੈ ਜਿਸ ਵਿਚ ਸਾਡੇ ਦੇਸ਼ ਦੇ ਨੇਤਾਵਾਂ ਨੇ ਸਾਨੂੰ ਧਕੇਲ ਦਿੱਤਾ ਹੈ। ਇਸ ਨਰਕ ਵਿਚ ਬਹੁਤ ਖੌਫਨਾਕ ਦੈਂਤ ਮੰਡਰਾਉਂਦੇ ਹਨ, ਜਿਨ੍ਹਾਂ ਨਾਲ ਲੜਨ ਤੋਂ ਸਾਡੇ ਦੇਸ਼ ਦੇ ਨੇਤਾ ਅਸਮਰਥ ਹਨ। ਇਸੇ ਲਈ ਉਨ੍ਹਾਂ ਨੇ ਇਕ ਨਕਲੀ ਦੈਂਤ ਖੜ੍ਹਾ ਕੀਤਾ ਹੈ, ਜਿਸ ਦਾ ਨਾਂ ਉਨ੍ਹਾਂ ਨੇ ਸਿੱਖ 'ਕੱਟੜਵਾਦ' ਰੱਖਿਆ ਹੈ। ਸ਼ਾਇਦ ਕਿਸੇ ਨੂੰ ਇਹ ਲਗਦਾ ਹੋਵੇ ਕਿ ਇਸ ਹਊਏ ਨਾਲ ਸਿੱਖਾਂ ਉਤੇ ਜਬਰ ਕਰਨ ਦਾ ਬਹਾਨਾ ਮਿਲ ਜਾਏ ਪਰ ਅੰਤ ਵਿਚ ਮਸਲਾ ਦੈਂਤ ਦਾ ਨਹੀਂ ਬਲਕਿ ਉਸ ਬੋਤਲ ਦਾ ਹੈ ਜਿਸ ਵਿਚੋਂ ਨਵੇਂ ਨਵੇਂ ਦੈਂਤ ਛੱਡੇ ਜਾਂਦੇ ਰਹਿਣਗੇ ਅਤੇ ਦੇਸ਼ ਦੀ ਭੋਲੀ ਭਾਲੀ ਜਨਤਾ ਦਾ ਅਧਿਆਤਮਕ ਬਲਾਤਕਾਰ ਜਾਰੀ ਰਹੇਗਾ। ਇਹ ਬੋਤਲ ਹੈ ਸਾਡੀ ਕੌਮੀ ਰਾਜਨੀਤੀ। ਇਸ ਬੋਤਲ ਨੂੰ ਤੋੜਨ ਦੀ ਜ਼ਰੂਰਤ ਹੈ ਅਤੇ ਇਸ ਵਿਚ ਬੰਦ ਪ੍ਰੇਤ ਆਤਮਾ ਨੂੰ ਸਦਾ ਲਈ ਇਸ ਦੇਸ਼ ਵਿਚੋਂ ਭਜਾਉਣ ਦੀ। ਇਸ ਕੰਮ ਵਿਚ ਸਿੱਖਾਂ ਨੂੰ ਚਾਹੀਦਾ ਹੈ ਕਿ ਦੁਸ਼ਮਣ ਦੀ ਚਾਲ ਨੂੰ ਨੰਗਿਆਂ ਕਰਨ, ਨਾ ਕਿ ਖੁਦ ਚਾਲ ਦਾ ਸ਼ਿਕਾਰ ਬਣ ਜਾਣ। ਸਿੱਖਾਂ ਦਾ ਵੱਡਾਪਣ ਉਨ੍ਹਾਂ ਦੇ ਡੌਲਿਆਂ ਤਕ ਹੀ ਸੀਮਤ ਨਹੀਂ ਹੈ ਅਤੇ ਨਾ ਹੀ ਰਹਿਣਾ ਚਾਹੀਦਾ ਹੈ। ਦੂਰ-ਅੰਦੇਸ਼ੀ, ਅਧਿਆਤਮਕ ਸੂਖਮਤਾ ਅਤੇ ਭਲੇ ਬੁਰੇ ਦੀ ਪਛਾਣ ਕਰਨ ਦੀ ਸਮਰੱਥਾ ਸਮੇਂ ਦੀ ਜ਼ਰੂਰਤ ਹਨ। ਸੁਰਜੀਤ ਪਾਤਰ ਦੀਆਂ ਸਤਰਾਂ ਹਨ :

"ਮੈਂ ਕਦ ਕਹਿੰਦਾਂ ਇਨਸਾਫ ਨਾ ਮੰਗ
ਜਾਂ ਇਹ ਕਿ ਹੱਕ ਲਈ ਛੇੜ ਨਾ ਜੰਗ
ਪਰ ਦੁਸ਼ਮਣ ਦੀ ਪਹਿਚਾਣ ਤਾਂ ਕਰ
ਐਵੇਂ ਨਾ ਵੱਢ ਆਪਣੇ ਹੀ ਖੰਭ ...

ਦੁੱਖਾਂ ਦੇ ਖਿਲਾਫ ਅਜੇ ਲੜਨਾ
ਭੁੱਖਾਂ ਦੇ ਖਿਲਾਫ ਅਜੇ ਲੜਨਾ
ਛਾਵਾਂ ਦੇ ਬਹਾਨੇ ਖਾਂ ਜਾਂਦੇ
ਰੁੱਖਾਂ ਦੇ ਖਿਲਾਫ ਅਜੇ ਲੜਨਾ।
ਤੇਰੀ ਤੇਗ ਦੀ ਧਾਰ ਤੋਂ ਮੈਂ ਸਦਕੇ
ਤੇਰੀ ਤੇਗ ਤੋਂ ਕੌਣ ਇਨਕਾਰੀ ਏ।"

ਮੰਗਾਂ ਮੰਨੇ ਬਿਨਾਂ ਸਮਝੌਤਾ ਨਹੀਂ — ਬਾਦਲ



ਚੰਡੀਗੜ੍ਹ — ਸੰਯੁਕਤ ਅਕਾਲੀ ਦਲ ਦੇ ਨੇਤਾ ਅਤੇ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਥੇ ਕਿਹਾ ਕਿ ਕੇਂਦਰ ਨੇ ਪੰਜਾਬ ਸਮਝੌਤਾ ਸਿਰਫ ਸਤਲੁਜ-ਯਮਨਾ ਲਿੰਕ ਨਹਿਰ ਤਿਆਰ ਕਰਨ ਲਈ ਹੀ ਕੀਤਾ ਅਤੇ ਉਸ ਦਾ ਸਿੱਖਾਂ ਦੀਆਂ ਮੰਗਾਂ ਮੰਨਣ ਦਾ ਕੋਈ ਇਰਾਦਾ ਨਹੀਂ ਸੀ। ਉਨ੍ਹਾਂ ਕਿਹਾ ਕਿ ਸਿੱਖਾਂ ਨਾਲ ਦੇਸ਼ ਦੀ ਸਰਕਾਰ ਨੇ ਵੱਡਾ ਧੱਕਾ ਕੀਤਾ ਹੈ ਜੋ ਕੁਝ ਆਜ਼ਾਦੀ ਤੋਂ ਪਹਿਲਾਂ ਮਹਾਤਮਾ ਗਾਂਧੀ ਤੇ ਪੰਡਤ ਨਹਿਰੂ ਨੇ ਸਾਡੇ ਨਾਲ ਵਾਅਦੇ ਕੀਤੇ, ਇਹ ਸਾਰੇ ਵਾਅਦਿਆਂ ਤੋਂ ਦੇਸ਼ ਦੀ ਆਜ਼ਾਦੀ ਤੋਂ ਕੇਵਲ ਇਕ ਸਾਲ ਬਾਅਦ ਹੀ ਕੇਂਦਰੀ ਸਰਕਾਰ ਮੁਕਰ ਗਈ। ਸਮਝੌਤੇ ਵੇਲੇ ਮੈਂ (ਬਾਦਲ) ਸੰਤ ਲੌਂਗੋਵਾਲ ਨੂੰ ਕਿਹਾ ਕਿ ਸਮਝੌਤਾ ਕਰਨ ਤੋਂ ਪਹਿਲਾਂ ਮੰਗਾਂ ਮੰਨਵਾ ਲਵੋ, ਨਹੀਂ ਤਾਂ ਕੇਂਦਰ ਸਰਕਾਰ ਵਾਅਦਿਆਂ ਤੋਂ ਮੁੱਕਰ ਜਾਵੇਗੀ।

ਉਹ ਸਾਰੀ ਭਵਿੱਖਬਾਣੀ ਠੀਕ ਨਿਕਲੀ। ਅਸੀਂ ਮਸਲੇ ਦੇ ਹੱਲ ਲਈ ਸੰਘਰਸ਼ ਕਰ ਰਹੇ ਹਾਂ। ਸੰਯੁਕਤ ਅਕਾਲੀ ਦਲ ਕੇਵਲ ਕੁਰਸੀ ਲਈ ਨਹੀਂ ਲੜ ਰਿਹਾ। ਅਕਾਲੀ ਦਲ ਲੋਕਾਂ ਦੇ ਸਹਿਯੋਗ ਨਾਲ ਲੜਾਈ ਜ਼ਰੂਰ ਜਿੱਤੇਗਾ। ਹਾਲਾਤ ਅਜਿਹੇ ਜ਼ਰੂਰ ਬਣਨਗੇ ਜਿਸ ਨਾਲ ਸਾਡੀ ਜਿੱਤ ਹੋਵੇਗੀ। ਪੰਜਾਬ ਦਾ ਮਸਲਾ ਕੇਂਦਰ ਸਰਕਾਰ ਨੇ ਹੱਲ ਕਰਨਾ ਹੈ। ਪਰ ਕੇਂਦਰ ਸਰਕਾਰ ਪੰਜਾਬ ਮਸਲੇ ਨੂੰ ਹੱਲ ਕਰਨ ਲਈ ਬਿਲਕੁਲ ਸੁਹਿਰਦ ਨਹੀਂ। ਉਨ੍ਹਾਂ ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ ਜ਼ਿਲਿਆਂ ਵਿਚ ਪੁਲੀਸ ਵਲੋਂ ਝੂਠੇ ਮੁਕਾਬਲਿਆਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਪੁਲੀਸ ਵਲੋਂ ਰੋਜ਼ ਕੀਤੇ ਜਾ ਰਹੇ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਆਪਣੇ ਵਲੋਂ ਪੜਤਾਲ ਕਮੇਟੀ ਬਣਾ ਦਿੱਤੀ ਹੈ।

ਸਾਬਕਾ ਵਿਦਿਆ ਮੰਤਰੀ ਸੁਖਜਿੰਦਰ ਸਿੰਘ ਨੇ ਕਿਹਾ ਕਿ ਦੇਸ਼ ਦੀ ਵੰਡ ਵੇਲੇ ਸਿੱਖ ਕੌਮ ਨੇ ਫੈਸਲਾ ਕੀਤਾ ਕਿ ਉਹ ਆਪਣੇ ਵੱਡੇ ਭਰਾ (ਹਿੰਦੂ) ਨਾਲ ਰਹਿਣਗੇ, ਦੇਸ਼ ਤੋਂ ਵੱਖ ਹੋਣਾ ਪਸੰਦ ਨਹੀਂ ਕੀਤਾ। ਪਰ ਕੇਂਦਰ ਵਿਚ ਰਾਜ ਕਰਦੇ ਕੱਟੜ ਹਿੰਦੂ ਨੇਤਾ ਫਿਰਕਾਪ੍ਰਸਤ ਆਜ਼ਾਦੀ ਤੋਂ ਬਾਅਦ ਸਿੱਖਾਂ ਨਾਲ ਕੀਤੇ ਵਾਅਦਿਆਂ ਤੋਂ ਮੁਕਰ ਗਏ। ਪਹਿਲਾਂ ਪੰਜਾਬੀ ਬੋਲੀ ਦੇ ਆਧਾਰ ਉਤੇ ਵੱਖਰਾ ਸੂਬਾ ਦੇਣ ਤੋਂ ਕੇਂਦਰ ਨੇ ਇਨਕਾਰ ਕੀਤਾ। ਪੰਜਾਬੀ ਸੂਬਾ ਬਣਾਉਣ ਸਮੇਂ ਵੀ ਸਿੱਖਾਂ ਨਾਲ ਬੇਇਨਸਾਫੀ ਕੀਤੀ।

ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇਸ਼ ਦਾ ਸਭ ਤੋਂ ਵੱਡਾ ਕੁਰਪਟ ਹੈ। ਸਾਰਾ ਦੇਸ਼ ਰਾਜੀਵ ਵਿਰੁਧ ਹੈ ਪਰ ਕੇਵਲ 400 ਮੈਂਬਰ ਲੋਕ ਸਭਾ ਦੱਬੀ ਜ਼ਬਾਨ ਵਿਚ ਇਸ ਦੇ ਹੱਕ ਵਿਚ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਿਉਂ ਜਿਉਂ ਸਾਡੇ ਉਤੇ ਤਸ਼ੱਦਦ ਵਧਦਾ ਜਾ ਰਿਹਾ ਹੈ ਤਿਉਂ ਤਿਉਂ ਸਾਡੀਆਂ ਮੰਗਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ। ਅੱਜ ਦਿੱਲੀ ਦੀ ਸਰਕਾਰ ਦੀਆਂ ਅੱਖਾਂ ਬੰਦ ਹਨ, ਤੇ ਕੰਨਾਂ ਤੋਂ ਸੁਣਦਾ ਨਹੀਂ, ਇਹੀ ਕਾਰਨ ਹੈ ਕਿ ਅਜੇ ਤੱਕ ਕੇਂਦਰ ਸਰਕਾਰ ਪੰਜਾਬ ਦੇ ਮਸਲੇ ਨੂੰ ਸੁਲਝਾ ਨਹੀਂ ਸਕੀ।

ਗੰਧਲਾ ਅਕਸ

ਪੰਜਾਬ ਦੇ ਗੰਧਲੇ ਅਕਸ ਤੋਂ ਦਿੱਲੀ ਵਿਚ ਬੈਠੇ ਮੌਕਾਪ੍ਰਸਤ ਜਿਸ ਤਰ੍ਹਾਂ ਫਾਇਦਾ ਉਠਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਇਸ ਮਨਸੂਬੇ ਵਿਚ ਕਾਮਯਾਬ ਹੋ ਲੈਣ ਦੇਣਾ ਸਿੱਖਾਂ ਦੀ ਵੀ ਹਾਰ ਹੋਵੇਗੀ ਅਤੇ ਦੇਸ਼ ਦੀ ਵੀ।

The Manitoba Mirror

ਮੈਨੀਟੋਬਾ ਦਰਪਣ

BRAR NATURAL FLOOR MILLS

—ਸ਼ੇਰੇ-ਪੰਜਾਬ ਡਰਮ ਕਣਕ ਦਾ ਆਟਾ—

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ

Ph. 775-6989

830 - NOTRE DAME AVE. WINNIPEG, MAN.

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph. Off: (204) 694-5000

Res: 694-3198

Pager 942-7788 #02284



Sales Representative

REMAX REALTY

10 - 2230 McPhillps St., Winnipeg, MB R2V 3C8




ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ







ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

Kohinoor Jewellers & Fabric Centre

953 Notre Dame. Ave. WINNIPEG, MAN. R3E 0M8

Ph. Bus. 772-3937

Res. 633-6567

REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ




ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੇਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.



ਸਾਹਿਤ ਤੇ ਕਲਾ



ਕਹਾਣੀ
ਕਿਸੇ ਮਿੱਠੀ ਹਵਾ ਦਾ ਬੁੱਲਾ

ਜਗਜੀਤ

ਬੜੇ ਵਰ੍ਹੇ ਹੋ ਗਏ, ਸ਼ੈਂਤ ਦੋ ਉਤੇ ਦਸ ਵਰ੍ਹੇ ਜਦ ਤੈਨੂੰ ਲਿਖਿਆ ਸੀ, ਹਾਲ ਚਾਲ ਆਪਣੇ ਪਿੰਡ ਦਾ, ਜਦੋਂ ਉਹ ਲਗਦਾ ਸੀ ਉਥੇ ਹੀ ਖੜ੍ਹਾ ਹੈ ਸਦੀਆਂ ਤੋਂ — ਉਸ ਬੁੱਢੀ ਦਾਬ ਦੇ ਕੰਢੇ ਤੇ, ਜਿਸ ਦੇ ਕੰਢਿਆਂ ਦੀਆਂ ਕੰਧਾਂ ਕਦੇ ਪੱਕੀਆਂ ਬਣ ਜਾਂਦੀਆਂ ਤੇ ਕਦੇ ਫਿਰ ਮੀਹਾਂ ਨਾ ਢਹਿ ਜਾਂਦੀਆਂ। ਥੋੜ੍ਹੇ ਥੋੜ੍ਹੇ ਕੰਢੇ ਹੋਰ ਖੁਰ ਜਾਂਦੇ ਤੇ ਫਿਰ ਉਗਿਆ ਘਾਹ ਤੇ ਕਾਸ਼ਣੀ ਫੁੱਲਾਂ ਵਾਲੇ ਪਹਾੜੀ ਅੱਕ ਉਹਨੂੰ ਹੋਰ ਖੁਰਨੋਂ ਰੋਕ ਲੈਂਦੇ ਨੇ।

ਇਹ ਤਾਂ ਓਦੋਂ ਦੀਆਂ ਗੱਲਾਂ ਜਦੋਂ ਹਾਲੇ ਨਮੇਂ ਬੀ ਤੇ ਯੂਰੀਏ ਆਏ ਆਏ ਸੀ। ਤੇ ਟਰੈਕਟਰ ਕੱਲੇ ਸਰਦਾਰ ਕੋਲ ਹੀ ਸੀ। ਉਦੋਂ ਮਾੜੇ ਜੱਟ ਦਾ ਇਕ ਬੌਲਦ ਮਰ ਜਾਂਦਾ ਸੀ ਤਾਂ ਵਾਹੀ ਛੱਡਣੀ ਪੈ ਜਾਂਦੀ ਸੀ। ਕੁੜੀ ਦੇ ਹੱਥ ਪੀਲੇ ਕਰਨੇ ਹੁੰਦੇ ਤਾਂ ਜ਼ਮੀਨ ਗਹਿਣੇ ਪੈ ਜਾਂਦੀ। ਓਦੋਂ ਈ ਤੈਨੂੰ ਦੱਸਿਆ ਸੀ ਨਾ ਢਾਈ ਕਿੱਲਿਆਂ ਵਾਲੇ ਗੁਰਦਿੱਤੇ ਨੇ ਧੀ ਦੇ ਵਿਆਹ ਤੇ ਕਿੱਲਾ ਗਹਿਣੇ ਰਖ ਕੇ ਵਾਹੀ ਛੱਡਤੀ ਸੀ। ਅੱਜ ਤੱਕ ਉਹ ਨਾ ਤਾਂ ਗਹਿਣੇ ਰੱਖਿਆ ਕਿੱਲਾ ਛੁਡਾ ਸਕਿਆ ਤੇ ਨਾ ਹੀ ਮੁੜ ਵਾਹੀ ਕਰ ਸਕਿਆ। ਇਹ ਤਾਂ ਖੈਰ ਓਦੋਂ ਦੀਆਂ ਗੱਲਾਂ ਐ, ਹੁਣ ਉਹ ਗੱਲ ਨਹੀਂ ਰਹੀ ਪਰ ਸਮਝੇਂ ਤਾਂ ਗੱਲ ਬਦਲੀ ਵੀ ਕੋਈ ਨਹੀਂ। ਟਰੈਕਟਰ ਘਰ ਘਰ ਆ ਗਏ। ਜ਼ਮੀਨਾਂ ਸ਼ਾਹੂਕਾਰਾਂ ਜਾਂ ਤਕੜੇ ਜੱਟਾਂ ਦੀ ਥਾਂ ਬੈਂਕਾਂ ਕੋਲ ਗਹਿਣੇ ਹੋਗੀਆਂ, ਸੁਸੈਟੀਆਂ ਵਾਲਿਆਂ ਨੇ ਘਰ ਘਰ ਨੂੰ ਕਰਜ਼ਾਈ ਕਰਤਾ। ਕੋਈ ਸੌ 'ਚੋਂ ਇਕ ਮਾਈ ਦਾ ਲਾਲ ਹੋਊ ਜਿਹਦੀਆਂ ਬੂਦਾਂ ਕਰਜ਼ੇ 'ਚ ਨਾ ਅੜੀਆਂ ਹੋਣ। ਜਿੱਦਣ ਸੁਸੈਟੀ ਵਾਲਿਆਂ ਨੇ ਆਉਣਾ ਹੁੰਦਾ, ਜੱਟ ਪਿਛਲੇ ਪਾਸਿਉਂ ਕੰਧਾਂ ਟੱਪਦੇ ਤੇ ਵੀਹਾਂ 'ਚ ਦਗੜ ਦਗੜ ਕਰਦੇ ਦੇਖਣ ਆਲੇ ਹੁੰਦੇ ਐ। ਉਂ ਭਾਮੇਂ ਸਾਰਾ ਦਿਨ ਚੌਕੜੀਆਂ ਤੇ ਇਕ ਦੂਜੇ ਦੀ ਵੱਢਵੀਂ ਕਰਨ ਪਰ ਏਸ ਬਿਪਤਾ ਵੇਲੇ ਕੱਠੇ ਹੁੰਦੇ ਐ। ਆਪਣੇ ਵੇਲੇ, ਜਦੋਂ ਆਪਾਂ ਨਿਆਣੇ ਹੁੰਦੇ ਸੀ। ਆਹਣ ਆਉਣੀ ਹੁੰਦੀ ਸੀ ਨਾ। ਤੇ ਸਾਰੇ ਪਿੰਡ 'ਚ ਹੋਕਾ ਫਿਰ ਜਾਂਦਾ ਸੀ, ਆਹਣ ਮੁੱਲਾਂਪੁਰ ਆ ਗਈ। ਟੁੱਟੀਆਂ ਟਿੰਡਾਂ ਤੇ ਖਾਲੀ ਪੀਪੇ ਖੜਕਾਉਂਦੇ ਖੇਤੀ ਪਹੁੰਚ ਜਾਂਦੇ ਸੀ। ਤੇ ਐਂ ਈ ਘਰੋ ਘਰ ਗੱਲ ਘੁਕ ਜਾਂਦੀ ਐ ਬਈ ਸੁਸੈਟੀ ਆਲੇ ਗੁਰਦੁਆਰੇ ਆ ਗਏ। ਤੇ ਵਾਹਿਗੁਰੂ ਝੂਠ ਨਾ ਬੁਲਾਵੇ, ਅੱਧੇ ਪਿੰਡ ਦੇ ਜੱਟ ਰੇਲ ਦੀ ਲੀਹ 'ਤੇ ਕਾਰਾਂ 'ਚ ਲੁਕੇ ਹੁੰਦੇ ਐ। ਜਾਂ ਆਪੋ ਆਪਣੀਆਂ ਬੰਬੀਆਂ ਤੇ।

ਖੈਰ ਹੁਣ ਤਾਂ ਆਪਣੇ ਅਲੀਂ ਕਪਾਹਾਂ ਬੀਜਣੋ ਹੀ ਹਟਗੇ। ਪੂਰੇ ਪਿੰਡ 'ਚੋਂ ਛੱਲੀ ਚੱਬਣ ਨੂੰ ਨੀਂ ਲਭਦੀ। ਮੱਕੀ ਕੋਈ ਬੀਜਦਾ ਈ ਨੀ, ਜੇ ਭੁਲਿਆ ਚੁਕਿਆ ਬੀਜ ਬੈਂਹਦਾ ਤਾਂ ਕਾਂ ਤੋਤੇ ਨੀ ਛਡਦੇ। ਗੰਨੇ ਚੂਪਣਾ, ਘਲਾੜੀ ਤੇ ਰਹੁ ਪੀਣਾ ਜਾਂ ਮੂੰਗਫਲੀ ਖਾ ਕੇ ਤੱਤਾ ਗੁੜ ਖਾਣਾ ਤਾਂ ਹੁਣ ਲੋਕ ਉਂਈਂ ਭੁੱਲਗੇ। ਸਗੋਂ ਸ਼ਹਿਰਾਂ 'ਚ ਰਹੁ ਮਿਲ ਜਾਂਦੈ ਪਰ ਹੁੰਦਾ ਜੀਕੂੰ ਛੱਪੜ ਦੇ ਪਾਣੀ 'ਚ ਖੰਡ ਘੋਲੀ। ਮੱਖੀਆਂ ਕਾਲੀਆਂ ਮਿਰਚਾਂ ਆਂਗੂੰ ਤਰਦੀਆਂ ਹੁੰਦੀਆਂ। ਹੁਣ ਤਾਂ ਲੋਕ ਝੋਨਾ ਬੀਜਦੇ ਐ। ਪਿੱਛੇ ਜਹੇ ਇਕ ਪਾਕਿਸਤਾਨੀ ਕਹਿੰਦਾ ਬਈ ਅਸੀਂ ਤਾਂ ਉਥੇ ਮੰਨੀਏ ਈ ਨਾ ਕਿ ਲੁਧਿਆਣਾ ਦੇ ਟਿੱਬਿਆਂ ਤੇ ਝੋਨਾ ਹੁੰਦਾ ਹੋਊ, ਪਰ ਹਿੰਮਤੀ ਜੱਟਾਂ ਨੇ ਉਨ੍ਹਾਂ ਟਿੱਬਿਆਂ ਤੇ ਪਾਣੀ ਚੜ੍ਹਾਤੇ, ਬਿਜਲੀ ਦੀਆਂ ਮੋਟਰਾਂ ਗੱਡਤੀਆਂ। ਜਿਥੇ ਪਹਿਲਾਂ ਬੇਜੜ੍ਹ ਵੀ ਨਹ ਸੀ ਹੁੰਦੀ, ਪੂਰੇ ਪਿੰਡ 'ਚ ਓਰਾ ਥਾਂ ਨੀ ਖਾਲੀ ਰਹਿਣ ਦਿੱਤੀ ਬੀਜਣ ਖੁਣੋ। ਉਹ ਤਾਂ ਤੈਨੂੰ ਪਤਾ ਇਹ ਕੌਮ ਕਿੰਨੀ ਹਿੰਮਤੀ ਐ। ਏਹਨਾਂ ਨੂੰ ਰੋਕ ਨਾ ਹੋਵੇ, ਤਾਂ ਯੂ. ਪੀ., ਸੀ. ਪੀ. ਸਾਰੀ ਬੀਜ ਛੱਡੇ, ਹੁਣ ਵੇਖਲਾ ਰੇਤਾ ਪਸ਼ੂਆਂ ਥੱਲੇ ਸਿੱਟਣ ਨੂੰ, ਪੰਜਾਹ ਪਿੰਡਾਂ ਦੀਆਂ ਜੂਹਾਂ ਲੰਘ ਕੇ ਵੀ ਨੀ ਲਭਦਾ।

ਉਂ ਰੇਤਾ ਕਰਨਾ ਵੀ ਕੀ ਐ, ਬੋਤਿਆਂ-ਬਲ੍ਹਦਾਂ ਦੀ ਖੇਤੀ ਤਾਂ ਕਦੋਂ ਦੀ ਹਟਗੀ — ਮਰੀਕਣ ਗਾਈਆਂ ਧੂੰਨਲ ਜੇ ਵੱਡੇ ਜ਼ਰੂਰ ਪੱਠੇ ਨੂੰ ਰੱਖੇ ਵੇ

ਤੇਰਾਂ ਚੌਦਾਂ ਸਾਲ ਪਹਿਲਾਂ ਪੰਜਾਬੀ ਕਹਾਣੀ ਵਿਚ ਇਕ ਨਾਮ ਆਇਆ ਸੀ--ਜਗਜੀਤ। ਇਸ ਨਾਮ ਦੇ ਨਾਲ ਕੁਝ ਦੇਰ ਉਸ ਦੇ ਪਿੰਡ ਦਾ ਨਾਂ ਚੂਹੜਚੱਕ ਵੀ ਲੱਗਾ ਰਿਹਾ ਪਰ ਬਾਅਦ ਵਿਚ ਸਿਰਫ਼ ਜਗਜੀਤ ਹੀ ਰਹਿ ਗਿਆ। ਜਗਜੀਤ ਨੇ 'ਸੰਮਾਂ ਵਾਲੀ ਡਾਂਗ' ਵਰਗੀ ਚਰਚਿਤ ਕਹਾਣੀ ਲਿਖੀ ਤੇ ਉਹ ਪੰਜਾਬੀ ਕਹਾਣੀ ਦਾ ਜ਼ਿਕਰ ਯੋਗ ਨਾਂ ਬਣ ਗਿਆ। ਪੰਜਾਬ ਰਹਿੰਦਾ ਉਹ ਰੰਗ ਮੰਚ ਨਾਲ ਵੀ ਜੁੜਿਆ ਰਿਹਾ ਤੇ ਕਈ ਚੰਗੇ ਨਾਟਕਾਂ ਵਿਚ ਸੁਹਣਾ ਕੰਮ ਕੀਤਾ। ਬਾਅਦ ਵਿਚ ਜਗਜੀਤ ਬੰਬਈ ਚਲਾ ਗਿਆ ਤੇ ਉਥੇ ਰਹਿੰਦਿਆਂ, ਸੰਘਰਸ਼ ਕਰਦਿਆਂ ਆਪਣੀ ਫਿਲਮ 'ਮਾਹੀ ਮੁੰਡਾ' ਬਣਾਈ। ਫੇਰ ਲੰਮੀ ਚੁੱਪ ਤੋਂ ਬਾਅਦ ਉਸ ਦੀ ਫ਼ਿਲਮ ਆਈ 'ਪੁੱਤ ਜੱਟਾਂ ਦੇ' ਇਸ ਫਿਲਮ ਨੇ ਜਗਜੀਤ ਨੂੰ ਇਕ ਡਾਇਰੈਕਟਰ ਵਜੋਂ ਬੜੀ ਮਾਨਤਾ ਦਵਾਈ। ਵਿਚ ਵਿਚਕਾਰ ਹੋਰ ਫਿਲਮਾਂ ਤੋਂ ਇਲਾਵਾ ਪਿਛੇ ਜਿਹੇ ਉਸ ਦੀਆਂ ਫ਼ਿਲਮਾਂ 'ਕੀ ਬਣੂ ਦੁਨੀਆਂ ਦਾ' ਤੇ 'ਗੱਭਰੂ ਪੰਜਾਬ ਦਾ' ਆਈਆਂ ਤੇ ਹੁਣ 'ਪਟੋਲਾ' ਆ ਰਹੀ ਹੈ। ਇਕ ਮੁੱਦਤ ਬਾਦ ਜਗਜੀਤ ਫੇਰ ਸਾਹਿਤ ਵੱਲ ਆਇਆ ਹੈ। ਪੇਸ਼ ਹੈ ਉਸਦੀ ਨਵੀਂ ਕਹਾਣੀ—

ਆ, ਤੇ ਚਮਿਆਰਾਂ ਦੇ ਪਸ਼ੂ ਢੋਣ ਵਾਲੀਆਂ ਗੱਡੀਆਂ ਵਰਗੀਆਂ ਗੱਡੀਆਂ, ਬੋਤਾ ਤਾਂ ਆਪਣੇ ਪੂਰੇ ਪਿੰਡ 'ਚ ਕੱਲੇ ਬਾਜ਼ੀਗਰਾਂ ਕੋਲ ਇਕ ਐ। ਤੇ ਉਹ ਭੀ ਲੱਤੋਂ ਲੰਙਾ ਕੰਨਾ ਉਚੜਿਆ ਵਾ। ਲਾਂਗਾ ਢੋਣ ਨੂੰ ਰਖਿਐ। ਸ਼ੈਂਤ ਬਹੁਤੇ ਜੁਆਕ ਤਾਂ ਚਿੜੀਆਂ ਘਰ 'ਚ ਵੇਖਦੇ ਹੋਣ ਤੇ ਸੋਚਦੇ ਹੋਣ ਕਿ ਇਹ ਭੀ ਸ਼ੇਰ ਆਂਗੂ ਕੋਈ ਤਕੜਾ ਤੇ ਸ਼ਿਕਾਰੀ ਟੈਮ ਦਾ ਜਾਨਵਰ ਹੁੰਦਾ ਹੋਊ—ਉਹ ਆਪਣੇ ਟੈਮ ਦੀ ਬਲਦਾਂ ਦੀ ਟੱਲੀਆਂ ਤੇ ਘੁੰਗਰਾਲਾਂ ਨਾਲ ਸ਼ਿੰਗਾਰੀ ਤੜਕ ਸਾਰ ਦੀ ਸਵੇਰ ਹੁਣ ਨੀ ਰਹੀ। ਤੇ ਨਾ ਟਿੰਡਾਂ ਵਾਲੇ ਖੂਹਾਂ ਦੀ ਟੁਣਕਾਰ ਤੇ ਟਿਕੀ ਰਾਤ 'ਚ ਖੂਹ ਦੇ ਕੁੱਤੇ ਦੀ ਟੱਕ ਟੱਕ। ਹੁਣ ਤਾਂ ਚੌਂਹ ਚੌਂਹ ਕਿੱਲਿਆਂ ਤੇ ਬਿਜਲੀ ਨਾਲ ਸ਼ੂਕਦੀਆਂ ਮੋਟਰਾਂ ਨ੍ਹੇਰੀ ਰਾਤ ਨੂੰ ਦਵਾਲੀ ਬਣਾਈ ਰਖਦੀਆਂ ਦਵਾਲੀ। ਪਰ ਹਾਲਤ ਜੱਟ ਦੀ ਓਦੂੰ ਬੀ ਗਈ — ਆਪਣੇ ਪਿੰਡਾਂ ਦੇ ਚਹੌਤਰ ਜੱਟਾਂ ਦੇ ਘਰਾਂ ਕੋਲ ਤਾਂ ਸਿਰਫ ਜੱਟਪੁਣੇ ਦੀ ਆਕੜ ਰਹਿ ਗਈ, ਜ਼ਮੀਨ ਓਰਾ ਨੀ ਰਹੀ। ਉਨ੍ਹਾਂ ਦੇ ਮੁੰਡੇ ਬੈਂਕਾਂ ਜਾਂ ਸ਼ੈਲਰਾਂ ਮੂਹਰੇ ਰਫਲ ਫੜੀ ਚੌਂਕੀਦਾਰੀ ਕਰਦੇ ਐ ਜਾਂ ਜਿਹੜੇ ਮਾੜੇ ਮੋਟੇ ਪੜ੍ਹਗੇ ਕਿਤੇ ਭਲੇ ਵੇਲੀਂ ਮਾਸਟਰ ਲਾਗੇ। ਕਈ ਦੂਜੇ ਪਿੰਡ ਸੀਰੀ ਲਾਗੇ ਤੇ ਕਈ ਲੁਕੋ ਛਿਪੀ ਦਿਹਾੜੀ ਬੀ ਲਾ ਆਉਂਦੇ ਐ। ਜਿੰਨਾ ਕੋਲ ਦੋ ਦੋ ਤਿੰਨ ਕਿੱਲੇ ਰਹਿਗੇ, ਉਹ ਟਰੈਕਟਰਾਂ ਆਲਿਆਂ ਤੋਂ ਵਿਹਾ ਬਿਜਾ ਕੇ ਚਾਰ ਮਣ ਦਾਣੇ ਕਰ ਲੈਂਦੇ ਐ ਤੇ ਮੱਝਾਂ ਦਾ ਦੁੱਧ ਪਾ ਕੇ, ਲੰਡੀ ਜੀ ਕਬੀਲਦਾਰੀ ਦੱਬੀ ਫਿਰਦੇ ਐ। ਸੱਚ ਯਾਦ ਆਇਆ

ਜ਼ਮੀਨ ਆਂਗੂ ਇਹ ਮੱਝਾਂ ਭੀ ਡੇਹਰੀ ਆਲਿਆਂ ਕੋਲ ਗਹਿਣੇ ਹੁੰਦੀਆਂ। ਜੇ ਜੱਟਾਂ ਦੇ ਇਸ ਬੋੜੇ ਖੂਹ 'ਚ ਝਾਕੀਏ ਤਾਂ ਕੋਲ ਆਪਣੇ ਸਿਰਫ ਇਹ ਪੱਕੀਆਂ ਇੱਟਾਂ ਨਾਲ ਬਣੇ ਛੋਟੇ ਛੋਟੇ ਘਰ ਈ ਰਹਿਗੇ। ਬਾਕੀ ਤਾਂ ਸਭ ਬੈਂਕਾਂ, ਡੇਰੀਆਂ ਸੁਸੈਟੀਆਂ ਤੇ ਸਰਕਾਰ ਦੇ ਕਾਗਤਾਂ 'ਚ ਲਿਖਿਆ ਪਿਆ ਹੈ। ਜਿੰਨਾ ਘਰਾਂ ਦੇ ਮੁੰਡੇ ਸੁਖ ਨਾਲ ਸੋਡੇ ਆਂਗੂ ਬਾਹਰਲੇ ਮੁਲਕੀਂ ਨਿਕਲਗੇ, ਜਾਂ ਫਿਰ ਚਾਰ ਸਿਆੜ ਪਹਿਲਾਂ ਈ ਚੰਗੇ ਸੀ, ਉਹ ਜ਼ਰੂਰ ਧੋਤੇ ਲੀੜੇ ਪਾ ਲੈਂਦੇ ਨੇ। ਬਾਕੀ ਤਾਂ ਸਾਰੇ ਨਰਕ ਬਾਸੀ ਈ ਐ। ਪਰ ਮਾਂ ਦਿਆਂ ਪੁੱਤਾਂ ਨੇ ਆਕੜ ਨੀ ਛੱਡੀ। ਵਿਆਹਾਂ ਤੇ ਖਰਚੇ ਦਸ ਗੁਣੇ ਕਰਤੇ। ਸ਼ਾਮ ਨੂੰ ਠੇਕੇ ਮੂਹਰ ਦੀ ਲੰਘ ਕੇ ਵੇਖੋ, ਜੋਗੀ ਪੀਰ ਦਾ ਮੇਲਾ ਲਗਿਆ ਹੁੰਦਾ। ਹੁਣ ਤਾਂ ਸੁਖ ਨਾ ਦੋ ਗੁਲਗੁਲਿਆਂ ਦੀਆਂ ਰੇੜ੍ਹੀਆਂ ਭੀ ਲਗਦੀਆਂ, ਲੋਹਟਬਧੀ ਤਾਂ ਮੱਛੀ ਆਲੇ ਗੁਲਗੁਲੇ ਭੀ ਬਣਦੇ ਆ।

ਹਾਂ, ਪਿੱਛੇ ਜੇ ਜ਼ਰੂਰ ਠੋਕਾ ਠਾਕੀ ਆਲਿਆਂ ਦੀ ਠਾਹ ਠੂਹ ਤੋਂ ਡਰਦੇ ਠੇਕੇ ਬੰਦ ਰਹਿਣ ਲਗੇ ਸੀ। ਵੱਧ ਜੰਨਾਂ ਵਾਲਿਆਂ ਤੇ ਲੋਹੜੇ ਦਾ ਦੇਣ ਲੈਣ ਆਲਿਆਂ ਨੂੰ ਭੀ ਉਨ੍ਹਾਂ ਨੇ ਖੱਜਲ ਕੀਤਾ ਸੀ। ਕਈ ਪਿੰਡਾਂ ਤੋਂ ਜੰਨਾਂ ਬਰੰਗ ਮੋੜੀਆਂ, ਪਰ ਹੁਣ ਫੇਰ ਓਮੇ ਹੀ ਹੋ ਗਿਆ। ਕਈ ਲੋਕੀਂ ਤਾਂ ਉਨ੍ਹਾਂ ਦੇ ਇੰਨਾਂ ਕੰਮਾਂ ਤੋਂ ਖੁਸ਼ ਭੀ ਸੀ ਪਰ ਬਹੁਤੇ ਏਨੂੰ ਧੱਕਾ ਹੀ ਕਹਿੰਦੇ। ਜਦੋਂ ਉਹ ਨਾਈਆਂ ਛੀਂਬਿਆਂ ਅਲੀਂ ਹੋਏ, ਫਿਰ ਤਾਂ ਸਾਰੇ ਈ ਗਲਤ ਕਹਿਣ ਲਾਗੇ ਪਰ ਕਹਿੰਦੇ ਅੰਦਰੀਂ ਵੜ ਵੜ ਕੇ ਈ। ਬਾਹਰ ਤਾਂ ਭਰਾਵਾ ਉਨ੍ਹਾਂ ਦੇ ਖਿਲਾਫ ਪੱਤਾ ਨੀ ਹਿੱਲਦਾ। ਰਾਤੀਂ ਤਾਂ ਰਾਜ ਈ ਓਨਾ ਦਾ ਹੁੰਦਾ ਬੰਦਾ ਮਾਰਨਾ ਜਾਂ ਕੁੱਤਾ ਬਿੱਲਾ—ਹੁਣ ਕੋਈ ਬਹੁਤਾ ਫਰਕ ਨੀ ਰਿਹਾ। ਪੂਰੇ ਦਾ ਪੂਰਾ ਟੱਬਰ ਜਿਮੇਂ ਫਿਲਮਾਂ 'ਚ ਦਖੌਂਦੇ ਹੁੰਦੇ ਐ—ਬਈ ਇਕ ਅੱਧ ਜੁਆਕ ਮੰਜੇ ਥੱਲੇ ਲੁਕਿਆ ਬਚ ਗਿਆ ਤੇ ਬਾਕੀ ਸਾਰੇ ਦੇ ਸਾਰੇ ਮਾਰ ਦਿੰਦੇ ਆ। ਇਹ ਕੌਣ ਕਰਦਾ ਤੇ ਕੌਣ ਕਰੌਂਦਾ, ਸੱਚੀ ਪੁੱਛੇਂ ਤਾਂ ਭਰਾਵਾ ਕਿਸੇ ਨੂੰ ਇਲਮ ਨੀਂ। ਬੱਸ 'ਚ ਬੈਠੇ ਪੂਰੇ ਦੇ ਪੂਰੇ ਵਾਲ ਕਟਿਆਂ ਆਲਿਆਂ ਨੂੰ ਲੈਣ 'ਚ ਲਾ ਲੈਂਦੇ ਆ। ਨਾ ਕਿਸੇ ਦੀ ਉਨ੍ਹਾਂ ਦੇ ਮੂਹਰੇ ਅੜਣ ਦੀ ਹਿੰਮਤ ਹੁੰਦੀ ਐ ਤਾਂ ਨਾ ਈ ਉਹ ਕਿਸੇ ਦੀ ਹਾਲ ਪਾਰਿਆ ਸੁਣਦੇ ਐ। ਹਥਿਆਰ ਭੀ ਪਤਾ ਨੀ ਪਤੰਦਰ ਕਿਥੋਂ ਲਿਆਉਂਦੇ ਐ, ਆਪਣੀ ਫੌਜ ਤੋਂ ਵੀ ਵਧੀਆ ਹੁੰਦੇ ਐ। ਕੋਈ ਤਾਂ ਕਹਿੰਦਾ ਐ ਬਈ ਇਹ ਪਾਕਿਸਤਾਨੀ ਕਰੌਂਦੇ ਨੇ ਜਾਂ ਆਹ ਥੋੜੇ ਮੁਲਕਾਂ ਆਲਿਆਂ ਦੀ ਉਂਗਲ ਐ। ਤੇ ਕੋਈ ਕਹਿੰਦੇ ਬਈ ਇਹ ਕੰਮ ਈ ਫੇਰੇ ਦੇਣੀ ਸਰਕਾਰ ਦਾ। ਕੁਰਸੀਆਂ ਦੇ ਝਗੜੇ ਨੇ ਵੋਟਾਂ ਦਾ ਸਾਰਾ ਰੌਲਾ ਐ। ਕਹਿੰਦੇ ਜੇਹੜੇ ਵੋਟਾਂ ਤੇ ਕੁਰਸੀਆਂ ਪਿੱਛੇ ਢੂਈ ਮਰਾਉਣ ਤਾਈਂ ਜਾਂਦੇ ਐ। ਸੌ ਪੰਜਾਹ ਬੰਦੇ ਮਰਾਉਣੇ ਕੀ ਮਾਹਣੇ ਰੱਖਦੇ ਐ ਉਨ੍ਹਾਂ ਲਈ। ਏਸ ਮੁਲਕ ਦੇ ਲੀਡਰਾਂ ਨੂੰ ਤਾਂ ਥੋੜੇ ਖੂਹ 'ਚ ਸਿੱਟ ਕੇ ਪਟਰੌਲ ਪਾ ਕੇ ਸਾੜ ਦੇਵੇ। ਜਾਂ ਗੱਡੀ ਦੀ ਲੈਣ ਤੇ ਇਕ ਤੋਂ ਵਾਢਿਓਂ ਵਛਾਲੇ ਤੇ ਗੱਡੀ ਲੰਘਾਵੇ। ਸਾਲੇ ਦੋ ਸਾਲ ਵਜ਼ੀਰ ਰਹਿ ਜਾਣ ਪੁੱਤ ਪੋਤਿਆਂ ਦੀ ਐਸ਼ ਪੱਕੀ ਕਰ ਜਾਂਦੇ ਐ। ਸ਼ਹਿਰ 'ਚ ਸਭ ਤੋਂ ਵੱਡੀ ਕੋਠੀ ਪਾ ਲੈਂਦੇ। ਕੋਠੀ ਕਾਹਦੀ ਕਿਲ੍ਹਾ ਹੁੰਦਾ। ਤਪੇ ਦੇ ਵਜ਼ੀਰ ਨੇ ਕਹਿੰਦੇ ਬਰਨਾਲੇ ਬਠਿੰਡੇ ਦੇ ਕਿਲ੍ਹੇ ਤੋਂ ਵੱਡੀ ਕੋਠੀ ਛੱਤ ਲੀ। ਜਦੋਂ ਅਗਲੇ ਦਿਨ ਅਖਬਾਰ 'ਚ ਲਿਖਿਐ ਹੁੰਦਾ ਬਈ ਏਸ ਕੰਮ ਦੀ ਜੁੰਮੇਂਦਾਰੀ ਦਸ਼ਮੇਸ਼ ਰਜਮੈਂਟ ਨੇ ਓਟ ਲੀ — ਤਾਂ ਸਿਵਿਆਂ ਅਰਗਾ ਡਰ ਲਗਦਾ ਆਪਣੀ ਧਰਤੀ ਤੋਂ। ਸੱਚੀਂ ਤੁਸੀਂ ਬਹੁਤ ਚੰਗੇ ਐ ਜੇਹੜੇ ਬੇਗਾਨੀ ਧਰਤੀ ਤੇ ਬੈਠੇ ਐਂ। ਉਂ ਤੁਸੀਂ ਜਾਦਾ ਪੜ੍ਹੇ ਲਿਖੇ ਓ ਭਰਾਵਾ ਮੈਨੂੰ ਤਾਂ ਪਤਾ ਨੀ ਲਗਦਾ ਤੇ ਨਾ ਈ ਮੇਰਾ ਮਨ ਮੰਨਦਾ ਬਈ ਬਾਜਾਂ ਆਲੇ ਪਾਤਸ਼ਾਹ ਦੀ ਬਾਣੀ — ਏਤਰਾਂ ਬੇਗੁਨਾਹਾਂ ਨੂੰ ਮਾਰਨ ਲਈ ਰਜਮੈਂਟਾਂ ਬਣੌਣ ਨੂੰ ਕਹਿੰਦੀ ਹੋਊ।

ਦੂਜੇ ਪਾਸੇ ਬੜਾ ਗੁੱਸਾ ਆਉਂਦੈ ਉਸ ਗੰ[illegible]ਤਾ ਤੇ ਜਿਹੜਾ ਪਰਚੀ ਤੋਂ ਪੜ੍ਹ ਪੜ੍ਹ ਭਾਸ਼ਨ ਦੇ ਰਿਹਾ ਹੁੰਦਾ ਟੀ. ਵੀ. 'ਤੇ। ਉਹਦਾ ਮਾਸੂਮ ਤੇ ਭੋਲਾ ਜਿਹਾ, ਮਾਂ-ਮਸ਼ੋਰਾਂ ਅਰਗਾ ਚੇਹਰਾ ਪਹਿਲਾਂ ਚੰਗਾ ਲਗਦਾ ਸੀ, ਹੁਣ ਨੀ। ਹੁਣ ਤਾਂ ਚਿੱਤ ਕਰਦਾ ਇੱਟ ਮਾਰ ਕੇ ਗਲੀ ਕਰ ਦੇਵੇ ਬੰਦਾ। ਉਂ ਦੋਸ਼ ਮਹਾਤੜਾਂ ਦੀ ਈ ਐ ਜੇਹੜੇ ਇਹੋ ਜਿਹਾਂ ਨੂੰ ਚੁਣਦੇ ਐ। ਭਲਿਓ ਮਾਣਸੋ ਜਿਹੜਾ ਚਾਰ ਅੱਖਰ ਪਰਚੀ ਤੋਂ ਬਿਨਾਂ ਨੀ ਬੋਲ ਸਕਦਾ ਉਹ ਮੁਲਕ ਦਾ ਕੀ ਫਨੂੰ ਥੋ ਦੂ। ਆਪਣੇ ਮੁਲਕ 'ਚ ਬੰਦੇ ਮਰਵਾਈ ਜਾਂਦੈ ਤੇ ਗੁਆਂਢੀਆਂ ਦੇ ਸਰਪੰਚੀ ਕਰਨ ਜਾਂਦੈ।

ਕੇਹੜੀਆਂ ਪੁੱਠੀਆਂ ਗੱਲਾਂ ਮਗਰ ਧਿਆਨ ਚਲਿਆ ਗਿਆ। ਪਿਛੇ ਜੇ ਮੀਨ੍ਹਾ ਪਿੰਡ ਲਾ ਕੇ ਆਇਆਂ। ਪਿੰਡ ਦਾ ਉਹ ਰੰਗ ਰੂਪ ਈ ਨੀ ਰਿਹਾ। ਸੋਡੀ ਪੱਤੀ ਸੀ ਨਾ ਬਾਣੀਆਂ ਤੇ ਪੰਡਤਾਂ ਦੇ ਸਤ ਘਰ — ਉਹ ਸਾਰੇ ਪਿੰਡ ਛੱਡ ਕੇ ਚਲੇ ਗਏ। ਹੋਰ ਬਚਾਰੇ ਕਰਦੇ ਵੀ ਕੀ, ਗੋਰਮਿੰਟ ਤੋਂ ਤਾਂ ਆਪਣੀ ਰਾਖੀ ਨੀ ਹੁੰਦੀ। ਅਗਲੇ ਵੱਡੇ ਵੱਡੇ ਲੀਡਰਾਂ ਨੂੰ ਜਿੰਨਾਂ ਕੋਲ ਦਸ ਦਸ ਬੰਦੂਕਾਂ ਧਾਰੀਏ ਹੁੰਦੇ, ਉਨ੍ਹਾਂ ਦੀ ਘੰਡੀ ਜਾ ਵਢਦੇ ਐ ਤੇ ਇਸ ਬਚਾਰੀ ਡਰੂ ਕੌਮ ਦਾ ਕੀ ਦਿਲ ਖੜਾਣਾ। ਬਾਡਰ ਅੱਲੀਂ ਕਹਿੰਦੇ ਇਕ ਪੁਰਾਣਾ ਵਜ਼ੀਰ ਜੀਹਦਾ ਪੰਜਾਹ ਕੋਹਾਂ ਤੱਕ ਝੰਡਾ ਝੁਲਦਾ ਸੀ, ਇਕ

→

The Manitoba Mirror

ਮੈਨੀਟੋਬਾ ਦਰਪਣ

ਨੰਬਰ ਦਾ ਬਦਮਾਸ਼ ਤੇ ਸਮਗਲਰ—ਖੇਤ ਗਿਆ ਈ ਜਾ ਵਾਇਆ। ਢਿਲਵਾਂ ਵਾਲਾ ਵਜ਼ੀਰ ਜੀਹਨੂੰ ਆਪਾਂ ਗਿਆਨੀ ਗਿਆਨੀ ਕਹਿੰਦੇ ਸੀ, ਵੇਖ ਲੈ ਨਾਲੇ ਕਿੱਡੇ ਹੁੱਦੇ ਤੋਂ ਰਟੈਰ ਹੋਇਆ, ਡਰਦਾ ਪੰਜਾਬ ਈ ਛਡ ਗਿਆ। ਕਹਿੰਦੇ ਔਧਰ ਕਿਤੇ ਦੱਖਣ ਕੰਨੀ ਕੋਠੀ ਛਤ ਰਿਹੈ। ਖੈਰ ਏਹੋ ਜਿਹਾਂ ਦੇ ਲੋਕ ਦੁਖ ਨੀ ਮਨੌਂਦੇ, ਪਰ ਕੋਈ ਸਾਧਾਰਨ ਜਿਹਾ ਬਾਲ ਬੱਚੇ ਪਾਲਣ ਆਲਾ ਮਾਰਿਆ ਜਾਂਦਾ ਤਾਂ ਜ਼ਰੂਰ ਮਸੋਸ ਮੰਨਦੇ ਐ ਲੋਕ।

ਹਾਂ ਜਿਦੋਂ ਬਾਣੀਏ ਪਿੰਡ ਛੱਡ ਕੇ ਗਏ, ਪੂਰੇ ਪਿੰਡ ਨੇ ਬੁਰਕੀ ਕੇਹੜਾ ਪਾਈ ਮੂੰਹ 'ਚ। ਜਦੋਂ ਪੰਡਤਾਂ ਦੇ ਲਭੂ ਰਾਮ ਦਾ ਸ਼ਾਮ ਮਾਰਿਆ ਓਦੋਂ ਤਾਂ ਕਹਿੰਦੇ ਪਿੰਡ 'ਚ ਦੀਵਾ ਬੱਤੀ ਨੀ ਜਗਾਈ ਕਿਸੇ ਨੇ। ਯਾਰੋ ਆਪਾਂ ਨੂੰ ਬਹੁਤ ਜੱਟਾਂ ਨੂੰ ਬਾਣੀ ਦਾ ਪਤਾ ਨੀ ਬਈ ਕੀ ਲਿਖਿਐ ਤੇ ਕੀ ਏਦਾ ਮਤਲਬ ਐ, ਪਰ ਪੰਡਿਤ ਦੇ ਪੂਰਾ ਗੁਰੂ ਗਰੰਥ ਸਾਹਿਬ ਜ਼ਬਾਨੀ ਯਾਦ ਸੀ, ਜਦ ਏਹਨੇ ਰੌਲ ਲਾਉਣੀ ਤਾਂ ਜਾਣੀ ਬੋਲ ਘੁੰਗਰੂਆਂ ਆਂਗੂੰ ਛਣਕਣੇ। ਕੱਲਾ ਕੱਲਾ ਅੱਖਰ ਸੁਣਨਾ ਤੇ ਜ਼ਬਾਨ 'ਚ ਮਿਸਰੀ ਅਰਗਾ ਰਸ। ਘਰ 'ਚ ਕੋਈ ਦਿਨ ਸੁਧ ਹੋਣਾ, ਪਹਿਲਾਂ ਸਧਾਰਨ ਪਾਠ ਰਖੌਣਾ। ਪਰ ਫੇਰੇ ਦੇਣੇ ਰੱਬ ਨੇ ਵੀ ਉਹਦੇ ਤੋਂ ਗਿਣ ਗਿਣ ਬਦਲੇ ਲਏ। ਜੱਗੋਂ ਤੇਰਮੀ ਕੀਤੀ ਉਦੇ ਨਾਲ। ਉਹਦੇ ਵੱਡੇ ਮੁੰਡੇ ਸੀ ਨਾ ਦੋਵੇਂ ਰੁਲਦੂ ਤੇ ਰਾਮ — ਦੋਵੇਂ ਸਿਖ ਸਜਾਤੇ ਸੀ ਓਹਨੇ ਤੇ ਦਿੱਲੀ ਰਹਿੰਦੇ ਸੀ। ਆਪ ਭੀ ਉਹਨੇ ਸਾਰੀ ਉਮਰ ਰੋਮ ਨੀ ਸੀ ਕਟਿਆ। ਦੰਗਿਆਂ ਵੇਲੇ ਇਕ ਮਾਰਤਾ ਤੇ ਦੂਜਾ ਮਾਰਿਆਂ ਅਰਗਾ ਕਰਤਾ। ਮਾਰਿਆਂ ਅਰਗਾ ਈ ਸਮਝ ਜਦੋਂ ਉਹਦੀ ਕੋਠੇ ਜਿੱਡੀ ਧੀ ਕਾਵਾਂ ਕੁੱਤਿਆਂ ਨੇ ਸਾਹਮਣੇ ਚੂੰਡੀ—ਤੇ ਫਿਰ ਸਾਰਾ ਪਰਿਵਾਰ ਮਿੱਟੀ ਦਾ ਤੇਲ ਪਾ ਕੇ ਫੂਕਤਾ। ਉਹ ਵਿਚਾਰਾ ਕਮਲਾ ਹੋ ਗਿਆ ਸੀ। ਪਿਛੇ ਜੇ ਪਿੰਡ ਲੈ ਆਂਦਾ ਸੀ — ਅੰਬਰਸਰੋਂ ਠੀਕ ਤਾਂ ਹੋ ਗਿਆ ਪਰ ਅਜੇ ਝਾਕਣੀ ਉਹੀ ਜੀ ਐ ਡੌਰਿਆਂ ਅਰਗੀ। ਹਾਂ ਤੇ ਪਿਛੇ ਜਿਹੇ ਛੋਟਾ ਮੁੰਡਾ, ਉਹਨੇ ਵਾਲ ਨੀ ਸੀ ਰਖੇ ਭੱਠੇ ਤੋਂ ਆਉਂਦਾ ਮਾਰਤਾ। ਪਤਾ ਤਾਂ ਲਗਿਆ, ਬਈ ਘੁਲੇ ਨੇ ਮਾਰਿਆ। ਇਹ ਘੁੱਲਾ ਤੂੰ ਨੀ ਜਾਣਦਾ, ਫਤੇਗੜ ਦਾ ਮਜ਼ਬੀ ਆ। ਛੋਟੇ ਮੋਟੇ ਡਾਕੇ ਮਾਰਦਾ ਹੁੰਦਾ ਸੀ। ਉਹਨੇ ਹੋਰ ਭੀ——ਤਿੰਨ ਚਾਰ ਬਾਣੀਆਂ ਦੇ ਘਰ ਪੱਟੇ ਸੀ। ਕਹਿੰਦੇ ਉਹਨੇ ਸੌਂਹ ਖਾਧੀ ਸੀ, ਦਰਬਾਰ ਸਾਹਿਬ ਦੇ ਟੈਕ ਵੇਲੇ, ਬਈ ਮੈਂ ਏਸ ਲਾਕੇ ਦਾ ਕੋਈ ਹਿੰਦੂ ਨੀ ਛੱਡਣਾ। ਵਾਹ ਉਏ ਮਾਂ ਦਿਆ ਊਧਮ ਸਿਆਂ। ਕਿਉਂ ਨੀ ਮਾਣ ਕਰੂ ਕੌਮ ਤੇਰੇ ਜੇ ਦੁਸ਼ਟ ਤੇ ਬਈ ਟੈਕ ਕੀਤਾ ਦਿੱਲੀ ਆਲੀ ਰਾਣੀ ਨੇ, ਤੇ ਮਾਰਦਾਂ ਏਥੋਂ ਦੇ ਬਾਹਮਣ ਬਾਣੀਏ।

ਪੰਡਿਤ ਜੀ ਦੇ ਏਸ ਕਾਕੇ——ਓਮ ਪ੍ਰਕਾਸ਼ ਨੇ ਚਾਟੀਵਿੰਡ ਵਾਲੇ ਰਾਹ ਤੇ ਭੱਠਾ ਲਾਇਆ ਸੀ। ਉਹਦੀ ਜ਼ਬਾਨ 'ਚ ਰਸ ਸੀ ਤੇ ਵਪਾਰ 'ਚ ਨਿਰਖ। ਉਸੇ ਦੇ ਭੋਗ ਤੇ ਘਟੋ ਘੱਟ ਪੰਜਾਹ ਹਜ਼ਾਰ ਰੁਪਈਆ ਉਨ੍ਹਾਂ ਲੋਕਾਂ ਨੇ ਦਿੱਤਾ ਜਿੰਨਾਂ ਵੱਲ ਓਹਦਾ ਉਧਾਰ ਸੀ ਤੇ ਕੋਈ ਲਿਖਤ ਪੜਤ ਵੀ ਹੈਨੀ ਸੀ। ਹੋਊ ਤਾਂ ਹੋਰ ਭੀ ਬਹੁਤ। ਓਦੋਂ ਕਹਿੰਦੇ ਕਾਮਰੇਟ ਨੇ ਜੇਹੜੀ ਸਪੀਚ ਦਿਤੀ ਓਹਦੇ ਭੋਗ ਤੇ, ਲੋਕੀਂ ਭੁੱਬੀਂ ਰੋਣ ਲਾਤੇ। ਕਹਿੰਦਾ ਕੇਹੜੇ ਧਰਮ 'ਚ ਲਿਖਿਆ ਮਾਸੂਮਾਂ ਨੂੰ ਮਾਰੋ, ਮਜਲੂਮਾਂ ਨੂੰ ਕੋਹੋ ਅਬਲਾਵਾਂ ਦੀਆਂ ਅਸਮਤਾਂ ਲੁਟੋ। ਕਹਿੰਦਾ ਪਰ ਅਫਸੋਸ ਐ ਸਭ ਤੋਂ ਵੱਧ ਬੰਦੇ ਧਰਮ ਦੇ ਨਾਂ ਥੱਲੇ ਈ ਮਾਰੇ ਜਾਂਦੇ ਐ। ਸੱਚੀ ਇਕ ਵਾਰ ਤਾਂ ਗੱਲਾਂ ਸੁਣ ਕੇ ਮੇਰਾ ਮਨ ਬੈਰਾਗੀ ਜਿਹਾ ਹੋ ਗਿਆ, ਬਈ ਕੀ ਰੱਖਿਆ ਪਿਆ ਵਾ ਇਹਨਾਂ ਮੰਦਰਾਂ ਮਸੀਤਾਂ ਜਾਂ ਗੁਰੂ ਘਰਾਂ 'ਚ, ਜਿਥੋਂ ਜੇ ਬੰਦੇ ਏਹੋ ਕੁਛ ਸਿੱਖਦੇ ਐ। ਫੇਰ ਸੋਚਿਆ ਮਨਾਂ ਧਰਮ ਤਾਂ ਕੋਈ ਨੀ ਸਖੌਂਦਾ, ਇਹ ਤਾਂ ਬੰਦੇ ਦੇ ਮਨ 'ਚ ਈ ਦੋ ਖਾਨੇ ਹੁੰਦੇ ਐ——ਇਕ ਪਸ਼ੂ ਦਾ ਤੇ ਇਕ 'ਨਸਾਨ ਦਾ। ਜਦੋਂ ਪਸ਼ੂ ਆਲਾ ਖਾਨਾ ਭਾਰੂ ਹੋਵੇ ਤਾਂ ਉਨੂੰ ਬੰਦਾ ਮਾਰ ਕੇ ਬੋਤਲ ਆਂਗੂ ਨਸ਼ਾ ਹੁੰਦਾ।

ਓਸੇ ਦੀ ਮੌਤ ਤੋਂ ਬਾਅਦ ਤਾਂ ਪਿੰਡ ਨੇ ਬਹੁਤ ਡੱਕਿਆ ਪਰ ਫੇਰ ਨਹੀਂ ਉਨ੍ਹਾਂ ਦਾ ਦਿਲ ਖੜਿਆ। ਸਾਰੇ ਦੇ ਸਾਰੇ ਘਰ ਈ ਪਿੰਡ ਛੱਡ ਕੇ ਚਲੇ ਗਏ। ਮੈਨੂੰ ਤਾਂ ਯਾਦ ਨੀ ਪਰ ਕਹਿੰਦੇ ਸਨਤਾਲੀ ਵੇਲੇ ਭੀ ਬਚਾਰੇ ਓਧਰੋਂ ਐਈਂ ਪਿੰਡ ਛੱਡ ਕੇ ਆਏ ਸੀ। ਬਾਣੀਆਂ ਆਲੀ ਬੀਹੀ 'ਚੋਂ ਲੰਘਦਿਆਂ ਭੁੱਬ ਨਿਕਲਦੀ ਐ। ਮਨ 'ਚੋਂ ਹੂਕ ਜੀ ਉਠਦੀ ਐ ਜਿਸ ਬੀਹੀ ਦੀ ਮਿੱਟੀ 'ਚ ਖੇਡਦਿਆਂ ਬਚਪਨ ਲੰਘਿਆ ਸੀ। ਹੁਣੇ ਆਪਣੇ ਪਿੰਡ 'ਚ ਕੋਈ ਓਜੇ ਦਾ ਰੂਪ ਨੀ ਦਿਸਣਾ, ਨਾ ਦੇਸੇ ਦਾ ਨਾ ਵੀਰ ਚੰਦ ਦਾ ਤੇ ਨਾ ਈ ਕੋਈ ਰਾਮ ਲਾਲ ਹੁਣ ਪਾਲਸ਼ ਦੀਆਂ ਡੱਬੀਆਂ ਦੀ ਤਕੜੀ ਬਣਾ ਕੇ ਐਵੇਂ ਮਿਚੀ ਦਾ ਸੌਦਾ ਤੋਲਿਆ ਕਰੂ। ਇਕ ਵਾਰ ਉਹਨੇ ਕੰਜਰ ਨੇ, ਖੈਰ ਹੁਣ ਤਾਂ ਉਹ ਗੱਲ ਯਾਦ ਕਰਕੇ ਭੀ ਰੋਣਾ ਆਇਆ ਕਰੂ, ਮੈਨੂੰ ਤੱਕੜੀ ਦੀਆਂ ਤਣੀਆਂ ਤੋੜਣ ਬਦਲੇ ਬੜਾ ਕੁਟਿਆ ਸੀ ਤੇ ਜਦੋਂ ਉਹਦੇ ਪਿਓ ਸੰਤ ਰਾਮ ਨੂੰ ਪਤਾ ਲਗਿਆ ਤਾਂ ਉਹਨੇ ਉਹਦੀ ਧੌੜੀ ਲਾਹੀ ਤੇ ਮੈਨੂੰ ਪਿਆਰ ਪੁਚਕਾਰ, ਖੀਰ ਤੇ ਮਾਹਲ ਪੂੜੇ ਖੁਆਏ ਸੀ। ਤੇ ਉਹਨੂੰ ਰੋਟੀ ਓਸ ਦਿਨ ਸਾਡੇ ਘਰ ਦਿਆਂ ਨੇ ਦਿੱਤੀ ਸੀ।

ਇਕ ਯਾਦ ਨਾਲ ਭਕਨੇ ਵਾਲੇ ਗ਼ਦਰੀ ਬਾਬੇ ਕੇਹਰ ਸਿੰਘ ਕਨੇਡੀਅਨ ਦੇ ਘਰ ਚਿੱਠੀ ਪਾ ਦਈਂ। ਉਸ ਦਾ ਇਕੋ ਇਕ ਮੁੰਡਾ ਜੇਹੜਾ ਤੇਰੇ ਨਾਲ ਪੜ੍ਹਦਾ ਸੀ, ਅੰਬਰਸਰ ਉਹ ਕੱਲਾ ਈ ਬਚਿਆ। ਬਾਕੀ ਸਾਰਾ ਪ੍ਰਵਾਰ ਮਾਰਤਾ। ਓਸ ਬਾਬੇ ਦਾ ਪ੍ਰਵਾਰ ਜੀਹਨੇ ਮਰੀਕਾ ਦੀਆਂ ਐਸ਼ਾਂ ਛੱਡ ਕੇ ਏਸ ਮੁਲਕ ਦੀ 'ਜਾਦੀ ਲਈ ਲੜਨ ਆ ਗਿਆ ਸੀ। ਕਹਿੰਦੇ ਉਹਨੇ ਮੁਕਬਰੀ ਕੀਤੀ ਬਈ ਫਲਾਨੇ ਫਲਾਨੇ ਘਰੀਂ ਨੂਹ ਠਾਹ ਆਲੇ ਆਉਂਦੇ ਜਾਂਦੇ ਐ। ਵੇਖ ਲਾ ਇਹ ਭੀ ਦਿਨ ਵੇਖਣੇ ਸੀ, ਜਿਹਨੇ ਉਦੋਂ ਮੁਕਬਰੀ ਨੀ ਕੀਤੀ ਜਦੋਂ ਅੰਗਰੇਜ਼ ਉਹਨੂੰ ਭਾਵੇਂ ਗੱਦੀ ਬਖਸ਼ ਦਿੰਦਾ, ਰਾਜੇ ਦੀਆਂ ਜੀਪਾਂ ਉਹਨੂੰ ਸੁਹਾਗੇ ਆਂਗੂੰ ਧੂਹੀ ਫਿਰਦੀਆਂ ਰਹੀਆਂ, ਹੁਣ ਈ ਕਰਨੀ ਸੀ।

ਬੱਸ ਮਿਤਰਾ ਹੁਣ ਤਾਂ ਗੱਲਾਂ ਈ ਰਹਿ ਗੀਆਂ ਨੇ, ਜਿੰਨੀਆਂ ਮਰਜ਼ੀ ਲੱਸੀ 'ਚ ਪਾਣੀ ਪੌਣ ਆਂਗੂੰ ਵਧਾਈ ਚੱਲੋ। ਇਹ ਕਿੱਸੇ ਹੁਣ ਖਤਮ ਹੋਣ ਵਾਲੇ ਨੀ ਦਿਸਦੇ। ਕਈ ਪਿੰਡਾਂ 'ਚ ਉਹ ਹਿੰਦੂ ਜਿਹੜੇ ਵਚਾਰੇ ਘਰ ਬਾਰ ਛੱਡ ਕੇ ਬਾਹਰ ਜਾਣ ਜੋਗੇ ਨੀ, ਉਨ੍ਹਾਂ ਦੇ ਮੁੰਡਿਆਂ ਨੇ ਵਾਲ ਤੇ ਦਾੜ੍ਹੀਆਂ ਰਖਲੇ ਤੇ ਬੰਬੇ ਕਲਕੱਤੇ ਕੰਨੀ ਕਈ ਸਰਦਾਰਾਂ ਦੇ ਮੁੰਡਿਆਂ ਨੇ ਸਾਡੇ ਆਂਗੂੰ ਮਨਾ ਦਿੱਤੇ, ਤੇ ਕੀ ਕਰਨ ਵਿਚਾਰੇ ਜਦੋਂ ਬਾਬੇ ਨਾਨਕ ਦੇ ਕਹਿਣ ਆਂਗੂੰ ਜੋਗੀ ਮੰਗਣ ਦਾਨ ਵੇ ਲਾਲੋ। 'ਨਰੰਗੇ ਬਾਦਸ਼ਾਹ ਵੇਲੇ ਭੀ ਲੋਕੀਂ ਐਂ ਈ ਜੰਝੂ ਲਾਹ ਲਾਹ ਦੇਣ ਲਾਗੇ ਸੀ। ਜਦੋਂ ਉਹਨੂੰ ਸਵਾ ਮਣ ਜੰਝੂ ਲਾਹਿਆਂ ਬਿਨਾਂ ਰੋਟੀ ਨੀ ਸੀ ਸੁਆਦ ਲਗਦੀ। ਮਾਪੇ ਭੀ ਏਹੀ ਕਹਿੰਦੇ ਐ 'ਪੱਗਾਂ ਬੰਨੇ ਭਾਵੇਂ ਟੋਪੀਆਂ ਲਵੋ ਬਸ ਅੱਖਾਂ ਨੂੰ ਦੀਂਹਦੇ ਰਹੋ, ਪੁੱਤਰੋ— ਜੁਆਨੀਆਂ ਮਾਣੋ, ਥੋਡੇ ਨਾਲ ਈ ਚਾਨਣ ਐ ਸਾਡਾ ਤਾਂ।'

ਮੇਰਾ ਸ਼ੈਂਤ ਤੈਨੂੰ ਨੀ ਪਤਾ ਜਿੰਨੀ ਦਿਨੀਂ 'ਰਾਣੀ' ਮਾਰੀ ਐ ਉਨੀ ਦਿਨੀਂ ਈ ਮੇਰੀ ਯੂ. ਪੀ. ਆਲੀ ਭੂਆ ਰੱਬ ਨੂੰ ਪਿਆਰੀ ਹੋ ਗਈ ਸੀ। ਮੈਂ ਭਰਾਵਾ ਭੋਗ ਤੇ ਜਾ ਰਿਹਾ ਸੀ ਜਦੋਂ ਕੰਜਰ ਦੀ ਕਤੀੜ ਨੇ ਸਾਡੀ ਆ ਗੱਡੀ ਘੇਰੀ। ਜੇ ਮੇਰੇ ਨਾਲ ਦਾ ਹਿੰਦੂ ਨਾ ਬਚਾਉਂਦਾ ਤਾਂ ਮੇਰਾ ਬੀ ਭੂਆ ਦੇ ਨਾਲ ਈ ਭੋਗ ਪੈ ਜਾਣਾ ਸੀ। ਉਹ ਕਹਿੰਦਾ 'ਬਈ ਯੇਹ ਤੋ ਮੇਰਾ ਈ ਮੁੰਡਾ ਐ, ਬਸ ਇਸ ਕੋ ਪੱਗ ਬੰਨਣੇ ਕਾ ਸ਼ੌਕ ਐ।' ਉਨ੍ਹਾਂ ਦੇ ਸਾਹਮਣੇ ਮੇਰੇ ਵਾਲ ਮੁੰਨੇ ਤਾਂ ਛਡਿਐ ਭੈਣ ਦਿਆਂ ਖਸਮਾਂ ਨੇ। ਪਰ ਮੇਰੇ ਸਾਹਮਣੇ ਜੇਹੜੇ ਹੋਰ ਸਿੱਖ ਮਾਰੇ ਹੁਣ ਭੀ ਯਾਦ ਕਰਕੇ ਚੇਹਰਾ ਪੀਲਾ ਭੂਕ ਹੋ ਜਾਂਦਾ। ਤੇਲ ਪਾ ਕੇ ਅੱਗ ਲਾ ਦਿਆ ਕਰਨ ਤੇ ਫੇਰ ਹਿੜ ਹਿੜ ਕਰਕੇ ਕਹਿਣ 'ਦੇਖੋ ਸਰਦਾਰ ਭੰਗੜਾ ਪਾ ਰਹਾ।' ਮੇਰੇ ਸਾਲਿਆਂ ਦੇ ਪੈਣ ਕੀੜੇ ਨਿਰਮੋਹੀਆਂ ਦੇ। ਹੱਥਾਂ 'ਚ ਲੋਹੇ ਦੇ ਰਾਡ ਤੇ ਤੇਲ ਦੇ ਪੀਪੇ। ਪਤਾ ਨੀ ਕੇਹੜੇ ਭੈਣ ਦੇਣਿਆਂ ਨੇ ਦਿੱਤੇ ਏਸ ਰੌਣ ਸੈਨਾ ਨੂੰ। ਵਾਲ ਕਟੇ ਹੋਣ ਕਰਕੇ ਜਦ ਘਰ ਜਾਨਾਂ ਤਾਂ ਪਿੰਡੋਂ ਨਿਕਲਣ ਨੂੰ ਜੀ ਨੀ ਕਰਦਾ। ਘਰ ਦੇ ਸੌ ਸੌ ਤਕੀਦਾਂ ਕਰਦੇ, ਦਿਨ ਖੜੇ ਖੜੇ ਆਉਣ ਦੀਆਂ ਤੇ ਸੌ ਸੌ ਸੁਖਾਂ ਸੁਖਦੇ, ਰਾਜੀ ਬਾਜੀ ਘਰ ਪਰਤ ਆਉਣ ਦੀਆਂ। ਪਰ ਕੀ ਕਰੀਏ ਆਹ ਜੇਹੜਾ ਚੰਦਰਾ ਢਿੱਡ ਲਗਾ ਚਟੂਰੇ ਜਿੱਡਾ, ਦੇਸ਼ ਪ੍ਰਦੇਸ਼ ਦੀ ਮਿੱਟੀ ਤਾਂ ਫੱਕਣੀ ਈ ਪੈਣੀ ਐ। ਏਥੇ ਬੰਬਈ 'ਚ ਪਿਛਲੀ ਦਿਨੀਂ ਮਰਾਠੀਆਂ ਦੀ ਗਣੇਸ਼ ਪੂਜਾ ਲੰਘੀ ਐ। ਤੀਮੀਆਂ ਮਰਦ ਕੱਠੇ ਦਾਰੂ ਪੀ ਪੀ ਬੜ੍ਹਕਾਂ ਮਾਰਦੇ ਤੇ ਨਚਦੇ ਰਹੇ। ਓਦੂੰ ਪਹਿਲਾਂ ਬੰਗਾਲੀਆਂ ਦੀ ਦੁਰਗਾ ਪੂਜਾ ਸ਼ੁਰੂ ਹੋ ਜਾਣੀ, ਬਸ ਨਹੀਂ ਆਉਣੇ ਤੇ ਸਾਡੇ ਮੇਲੇ ਮਸਾਵੇ ਨਹੀਂ ਆਉਣੇ। ਸਾਡੀ ਤਾਂ ਭਰਾਵਾ, ਪੰਜਾਬੀਆਂ ਦੀ ਲੋਹੜੀ ਈ ਰੁਸ ਗੀ ਤੇ ਵਿਸਾਖੀ ਵੀ — ਗੁਰਪੁਰਬ ਦੀਆਂ ਰੌਣਕਾਂ ਵੀ ਅੱਧੀਆਂ ਰਹਿ ਗਈਆਂ। ਦਵਾਲੀ ਤੇ ਦੀਵੇ ਤਾਂ ਜਗਾਉਨੇ ਆਂ ਪਰ ਲਗਦਾ ਮੜ੍ਹੀਆਂ ਪੂਜਣ ਵਾਂਗ ਵੀ ਐ। ਵਿਆਹ ਸ਼ਾਦੀਆਂ ਦੀਆਂ ਮਹਿਫਲਾਂ ਵੀ ਅੱਗੇ ਆਂਗੂੰ ਨੀ ਸਜਦੀਆਂ। ਬੱਸਾਂ, ਗੱਡੀਆਂ ਤੇ ਰਾਸ਼ਨ ਦੀਆਂ ਲਾਈਨਾਂ 'ਚ ਏਧਰਲਿਆਂ ਦੇ ਸੌ ਸੌ ਮੇਹਣੇ ਸੁਣਨੇ ਪੈਂਦੇ ਨੇ। ਫੇਰੇ ਦੇਣੇ ਗੂੰਹ ਅਰਗੀ ਸੜੀ ਜੀ ਗੱਲ ਸਿਰ 'ਚ ਡਲੇ ਆਂਗੂੰ ਮਾਰਦੇ ਨੇ। 'ਯੇ ਵੋਹ ਸੀਖ ਹੈ ਜਿਨਹੋਂ ਨੇ ਰਾਣੀ ਜੀ ਕੋ ਮਾਰਾ।' ਤੇ ਫੇਰ ਕਰਕੇ ਲੰਡੀ ਜਹੀ ਬਾਂਹ ਖੜੀ, ਜੈਕਾਰਾ ਛੱਡ ਦੇਣਗੇ, 'ਰਾਣੀ ਜੀ ਕੀ ਅੰਤਮ ਇਛਾ, ਬੂੰਦ ਬੂੰਦ ਸੇ ਦੇਸ਼ ਕੀ ਰਖਸ਼ਾ।' ਅਸੀਂ ਜਿਵੇਂ ਦੇਸ਼ ਪਿਛੇ ਜਾੜ੍ਹ ਚੁੱਕੀ ਫਿਰਦੇ ਹੁੰਨੇ ਐ, ਬੜਾ ਗੁੱਸਾ ਆਉਂਦਾ ਬਈ ਦੇ ਕੇ ਪਤਿਆਉਰੇ ਦੇ ਗਲ 'ਚ ਹੱਥ ਪੁਛਾਂ ਬਈ ਜਦੋਂ ਤੁਸੀਂ ਬਾਪੂ ਫੂਕਤਾ ਸੀ। ਜੇ ਓਦੋਂ ਸੋਨੂੰ ਪੁਛਦੇ ਗੋਤ ਕਨਾਲਾ, ਫੇਰ ਸਾਲਿਓ ਘੱਟ ਕਰਕੇ ਤੌਂਘੜਦੇ ਓ।'

ਕਹਿੰਦੇ ਹਰ ਰਾਤ ਪਿਛੋਂ ਸਵੇਰਾ ਉਗਦਾ। ਪਰ ਏਥੇ ਤਾਂ ਲਗਦਾ ਸਵੇਰਾ ਉਗਦਾ ਤਾਂ ਹੈ ਪਰ ਉਗਦਾ ਰਾਤ ਤੋਂ ਵੀ ਕਾਲਾ। ਜਾਗਣ ਲਗਿਆਂ ਅਖਬਾਰ ਦੀਆਂ ਸੁਰਖੀਆਂ ਤੇ ਸੌਣ ਲਗਿਆਂ ਟੀ. ਵੀ. ਦੀਆਂ ਪਲੇਟਾਂ 'ਚ ਢੂੰਡਦੇ ਹਾਂ ਕਿ ਸ਼ਾਇਦ ਦਿੱਲੀ ਵਲੋਂ ਕੋਈ ਸੂਰਜ ਉਗੇ। ਤੇ ਮਿਠੀ ਹਵਾ ਦਾ ਬੁੱਲਾ ਆਵੇ ਪੰਜਾਬ ਅਲੀਓਂ — ਚਿੱਠੀ ਲਿਖੀਂ, ਤੁਸੀਂ ਵੀ ਐਂ ਈ ਸੋਚਦੇ ਓਂ ?

ਦੋ ਨਜ਼ਮਾਂ/ਹਰਭਜਨ ਸਿੰਘ ਹੰਸਪਾਲ

ਦੋ ਮਿੰਟ ਦਾ ਮੌਨ

ਲੋਕ ਦੀਵੇ ਨਾਲ ਦੀਵੇ ਬਾਲਦੇ ਹਨ
ਤੁਸੀਂ ਦੀਵੇ ਨਾਲ ਘਰ ਬਾਲਦੇ ਹੋ
ਸਾਨੂੰ ਸਿਖਾਇਆ ਹੈ ਤੁਸੀਂ
ਪਰਜਾ ਤੰਤਰ ਦੇ ਨਾਉਂ ਉੱਤੇ
ਕੇਵਲ ਤੁਹਾਡੀ 'ਜੈ' ਬੋਲਣਾ
ਚੁੱਪਚਾਪ ਵੋਟ ਦੇਣਾ
ਤੇ ਤੁਸੀਂ ਭਲਾ-ਬੁਰਾ ਕੁਝ ਵੀ ਕਰੋ
ਸਾਡਾ ਕੰਮ ਹੈ ਸਿਰਫ ਤਾੜੀਆਂ ਵਜਾਉਣਾ
ਤੇਰੇ ਤੇ ਮੇਰੇ ਵਿਚ
ਇਕ ਸੰਵਿਧਾਨਿਕ ਮਤਭੇਦ ਹੈ
ਮੈਂ ਕੱਟੇ ਹੋਏ ਸਿਰ ਗਿਣਦਾ ਹਾਂ
ਤੂੰ ਬਚੇ ਹੋਏ ਵੋਟ ਗਿਣਦਾ ਹੈਂ
ਤੂੰ ਹਰ ਵਾਰ ਛੋਟੀ ਜਿਹੀ ਜਿੱਤ ਦਾ
ਬਹੁਤ ਵੱਡਾ ਉਤਸਵ ਮਨਾਉਂਦਾ ਹੈਂ
ਮੈਂ ਸਿਰਫ ਐਨਾ ਕਹਿਣਾ ਚਾਹੁੰਦਾ ਹਾਂ
ਜਿੱਤ ਦਾ ਜਸ਼ਨ ਮਨਾਉਣ ਤੋਂ ਪਹਿਲਾਂ
ਉਨ੍ਹਾਂ ਲੋਕਾਂ ਦੀ ਆਤਮਾ ਦੀ ਸ਼ਾਂਤੀ ਲਈ
ਘੱਟੋ ਘੱਟ ਦੋ ਮਿੰਟ ਦਾ ਮੌਨ ਤਾਂ ਰੱਖ ਲਓ
ਜਿਹੜੇ ਆਤੰਕਵਾਦੀਆਂ ਦੀ ਹਿੰਸਾ
ਤੇ ਤੁਹਾਡੀ ਹਠਧਰਮੀ ਕਾਰਨ ਮਾਰੇ ਗਏ ਹਨ
ਤੇ ਇਤਿਹਾਸ ਤੋਂ ਕੁਝ ਤਾਂ ਸਬਕ ਸਿੱਖੋ
ਅੱਗ ਨੂੰ ਤੇਲ ਨਾਲ ਨਹੀਂ
ਪਾਣੀ ਨਾਲ ਬੁਝਾਉਣਾ ਸਿੱਖੋ।

ਪੰਜ ਨਦੀਆਂ ਦਾ ਪਾਣੀ

ਮੇਰੀ ਇਹ ਕਵਿਤਾ ਉਨ੍ਹਾਂ ਤੱਕ ਪਹੁੰਚਾ ਦਿਉ
ਜਿਹੜੇ ਗੁਰੂਆਂ ਦੀ ਭਾਸ਼ਾ ਛੱਡ ਕੇ
ਗੋਲੀਆਂ ਦੀ ਭਾਸ਼ਾ ਬੋਲ ਰਹੇ ਹਨ।
ਤੇ ਆਪਣੇ ਹੱਥਾਂ ਨਾਲ ਆਪਣੇ ਹੀ ਸਿਰ
ਕੱਟ ਕੇ ਖੁਸ਼ ਹੋ ਰਹੇ ਹਨ।
ਜਿਹੜੇ ਨਦੀਆਂ ਦੇ ਪਾਣੀ ਵਾਂਗ
ਸਰੀਰ ਦੇ ਲਹੂ ਨੂੰ ਵੰਡਣਾ ਚਾਹੁੰਦੇ ਨੇ।
ਸੱਤਾ ਲਈ ਭਾਈ ਨਾਲ ਭਾਈ ਨੂੰ
ਲੜਾਉਣ ਵਾਲਿਓ,
ਹੁਣ ਤਾਂ ਸ਼ਰਮ ਕਰੋ।
ਹੁਣ ਤਾਂ ਪੰਜਾਂ ਨਦੀਆਂ ਦਾ ਪਾਣੀ ਵੀ
ਪਾਣੀ-ਪਾਣੀ ਹੋ ਗਿਆ ਹੈ।
ਤੇ ਮਾਨਵਤਾ ਦਾ ਖੂਨ ਵੀ
ਪਤਾ ਨਹੀਂ ਕਿਹੜੇ ਰੇਗਿਸਤਾਨ ਵਿਚ ਖੋ ਗਿਆ ਹੈ।

ਪੰਜਾਬੀ ਰੂਪ : ਰਾਮ ਸਰੂਪ ਅਣਖੀ

.ਗ਼ਜ਼ਲ

ਪਰਮਜੀਤ ਸਿੰਘ "ਕੰਵਲ" (ਰਾਮਪੁਰੀ)

ਦਾਤਾਰ ਤੇਰੀ ਇਸ ਦੁਨੀਆਂ ਵਿਚ, ਕੀ ਕਹਿਰ ਕਮਾਏ ਜਾਂਦੇ ਨੇ।
ਤੇਰੇ ਬੰਦਿਆਂ ਹੱਥੋਂ ਤੇਰੇ ਬੰਦਿਆਂ ਦੇ, ਕਿਵੇਂ ਖੂਨ ਬਹਾਏ ਜਾਂਦੇ ਨੇ।

ਕੁਰਸੀ ਦਿਆਂ ਭੁਖਿਆਂ ਲੀਡਰਾਂ ਨੇ, ਨਫਰਤ ਦੀ ਅੱਗ ਭੜਕਾ ਛੱਡੀ,
ਜਿਊਂਦੇ ਜੀ ਬੰਦੇ ਫੜ ਫੜ ਕੇ, ਸ਼ਰ੍ਹੇ-ਆਮ ਜਲਾਏ ਜਾਂਦੇ ਨੇ।

ਕਿਸੇ ਧਰਮ ਨੂੰ ਖਤਰਾ ਕੋਈ ਨਹੀਂ, ਜੇ ਖਤਰਾ ਹੈ ਤਾਂ ਕੁਰਸੀ ਨੂੰ,
ਕੁਰਸੀ ਦੀ ਖਾਤਰ ਆਪੋ ਵਿਚ, ਇਨਸਾਨ ਲੜਾਏ ਜਾਂਦੇ ਨੇ।

ਓਦੋਂ ਥਰ ਥਰ ਧਰਤੀ ਕੰਬਦੀ ਏ, ਅੰਬਰ ਨੂੰ ਪਸੀਨਾ ਆ ਜਾਵੇ,
ਜਦ ਧਰਮ ਸਥਾਨਾਂ ਦੇ ਉਤੇ, ਗੋਲੇ ਬਰਸਾਏ ਜਾਂਦੇ ਨੇ।

ਕੰਡਿਆਂ ਨੇ ਸਿਰੀਆਂ ਚੁਕ ਲਈਆਂ, ਦਿਲ ਜ਼ਖਮੀ ਕਰਨ ਮਨੁੱਖਤਾ ਦੇ,
ਜਿਹੜੇ ਵੰਡ ਦੇ ਮਹਿਕ ਕੁਲ ਦੁਨੀਆਂ ਨੂੰ, ਉਹੋ ਫੁਲ ਕਮਲਾਏ ਜਾਂਦੇ ਨੇ।

ਸੁੰਞੀ ਹੋ ਰਹੀ ਮਾਂਗ ਸੁਹਾਗਣ ਦੀ, ਪਾਏ ਰੰਗਲੇ ਚੂੜੇ ਭੱਜ ਰਹੇ ਨੇ,
ਨਿਰਦੋਸ਼ ਨਹੱਥਿਆਂ ਬੰਦਿਆਂ ਦੇ, ਕਿਵੇਂ ਸਿਰ ਝਟਕਾਏ ਜਾਂਦੇ ਨੇ।

ਕੀ ਆਪਣੇ ਅਤੇ ਬੇਗਾਨੇ ਦਾ, ਕੋਈ ਬੰਦਾ ਦਾਵਾ ਕਰ ਸਕਦੈ,
ਅੱਜ ਆਪਣੇ ਹੱਥੀਂ ਆਪਣੇ ਹੀ, ਬੰਦੇ ਮਾਰ ਮੁਕਾਏ ਜਾਂਦੇ ਨੇ।

ਬੜੇ ਹੋਏ ਅਮਨ ਸਮਝੌਤੇ ਨੇ, ਪਰ ਇਕ ਵੀ ਲਾਗੂ ਹੋਇਆ ਨਾ,
ਸਮਝੌਤੇ ਪੂਰੇ ਕਰਨ ਲਈ, ਨਿਤ ਲਾਰੇ ਲਾਏ ਜਾਂਦੇ ਨੇ।

ਉਸ ਦੇਸ਼ 'ਚ ਹੋਵੇ ਅਮਨ ਕਿਵੇਂ, ਜਿਥੇ ਸੰਤ ਸਤਾਏ ਜਾਂਦੇ ਨੇ,
ਦੇਂਦੇ 'ਕੰਵਲ' ਸੁਨੇਹਾ ਏਕੇ ਦਾ, ਗੋਲੀ ਨਾਲ ਉਡਾਏ ਜਾਂਦੇ ਨੇ।



ਨੋਟ — ਫਾਈਵ ਰਿਵਰ ਫਿਸ਼ ਐਂਡ ਚਿਪਸ ਦੇ ਮਾਲਕ ਸ਼ਾਹਗੀਰ ਨਾਲ ਮੁਲਾਕਾਤ ਅਗਲੇ ਅੰਕ ਵਿਚ

ਹੱਤਿਆ ਦੀ ਜ਼ਿੰਮੇਵਾਰੀ ਲਈ

ਕੋਟਕਪੂਰਾ — ਕਥਿਤ ਖਾਲਿਸਤਾਨ ਲਿਬਰੇਸ਼ਨ ਫੋਰਸ ਨੇ ਰਾਮਪੁਰਾ ਫੂਲ ਵਿਚ ਮਾਰੇ ਗਏ ਥਾਣੇਦਾਰ ਅਤੇ ਹੈਡ ਕਾਂਸਟੇਬਲ ਦੇ ਕਤਲ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ। ਇਸ ਪੱਤਰ ਪ੍ਰੇਰਕ ਨੂੰ ਡਾਕ ਰਾਹੀਂ ਪ੍ਰਾਪਤ ਪ੍ਰੈਸ ਨੋਟ ਰਾਹੀਂ ਫੋਰਸ ਦੇ 'ਲੈਫਟੀਨੈਂਟ ਜਨਰਲ' ਗੁਰਜੰਟ ਸਿੰਘ ਬੁਧ ਸਿੰਘ ਵਾਲਾ ਨੇ ਕਿਹਾ ਹੈ ਕਿ ਇਹ ਜ਼ਿੰਮੇਵਾਰੀ ਇਸ ਲਈ ਕਬੂਲੀ ਗਈ ਤਾਂ ਕਿ ਪੁਲੀਸ ਨੂੰ ਆਮ ਲੋਕਾਂ ਨੂੰ ਤੰਗ-ਪਰੇਸ਼ਾਨ ਕਰਨ ਦਾ ਬਹਾਨਾ ਨਾ ਮਿਲੇ।


Give... to the Heart Fund.

B.C. Heart Foundation

AUTOPAC
PROTECTING MANITOBANS ON THE MOVE

Dorion Insurance Agency

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ ਡੋਰੀਅਨ ਇਨਸ਼ੋਰੈਂਸ ਏਜੰਸੀ



ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

ਕੁਲਵੰਤ ਸਿੰਘ ਬਰਾੜ ਫੋਨ : 772-3301 775-1061

AJANTA TRAVELS

ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ

Kulwant S. Brar
Manager & Owner



ਦਲਜੀਤ ਸਿੰਘ ਸਿੱਧੂ

S. & S. INSURANCE

6658 Main St. Vancouver

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ

Autoplan

RENEW EARLY INSURANCE

- * FINANCING AVAILABLE
- * SAFE DRIVING DISCOUNT (if eligible)

Ph. 324-5711



ਹਰਦੇਵ ਸਿੰਘ ਗਿੱਲ

324-5711

VANCOUVER

Bridal International & Wedding Centre

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP



Contact : Sukhdev S. Saini **Ph. (604) 435-2421**

Open : Mon. Wed. 10.00 a.m. to 6.00 p.m.
Thursday, Friday, Sat. 10.00 a.m. to 8.00 p.m.
Sun. 11.00 a.m. to 6.00 p.m.

- WEDDING ACCESSORIES
- WEDDING CAKES
- WEDDING INIVITATIONS
- CAKE ORNAMENTS
- CAR DECORATIONS
- WEDDING FLOWERS
- GIFTS AND ALLIED ITEMS, etc.

LADIES TAILOR FOR PUNJABI SUITS, SARI BLOUSES & DRESSES

Bride & Groom Shop
216 E. 50th Ave. [Main St.] Vancouver
324-5662



3333 KINGSWAY AT JOYCE, VANCOUVER, B.C.

■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S. Medallion Club For 83-84 85-86



ਵੇਸੀਂ ਸਹੁ ਨਾ ਪਾਈਐ

(ਗੁਰਬਾਣੀ ਵਿਚ ਵੇਸ ਦਾ ਮੁੱਲ)

ਮੇਹਰ ਸਿੰਘ ਸੰਧੂ, ਵੈਨਕੂਵਰ

ਹਰ ਮਜ਼ਬ ਦੇ ਦੋ ਭਾਗ ਹੁੰਦੇ ਹਨ।

(1) ਇਕ ਅੰਦਰਲੀ ਕਿਰਿਆ ਜਿਸ ਨੂੰ ਮਨ ਅਤੇ ਧਿਆਨ ਰਾਹੀਂ ਕੀਤਾ ਜਾਂਦਾ ਹੈ, ਜਿਵੇਂ ਨਾਮ-ਸਿਮਰਨ, ਪਾਠ ਧਿਆਨ ਆਦਿ। ਅੰਦਰਲੀ ਕਿਰਿਆ, ਪਰਮਾਤਮਾ ਦਾ ਮੰਨਣ ਮੁੱਢਲਾ ਕਰਤੱਵ ਹੈ ਜੋ ਸਾਰਿਆਂ ਮਜ਼ਹਬਾਂ ਦਾ ਸਾਂਝਾ ਤੇ ਇਕੋ ਹੁੰਦਾ ਹੈ। ਦੁਨੀਆਂ ਦੇ ਸਾਰੇ ਆਸਤਕ ਧਰਮ ਪ੍ਰਭੂ ਦੀ ਯਾਦ, ਸ਼ੁਕਰ ਤੇ ਹੁਕਮ ਤੇ ਆਧਾਰਤ ਹਨ।

(2) ਦੂਜਾ ਬਾਹਰਲਾ ਰੂਪ ਤੇ ਬਾਹਰਲੀ ਕਿਰਿਆ ਜਿਸ ਨੂੰ ਸ਼ਰ੍ਹਾ ਸ਼ਰੀਅਤ, ਰਹਿਤ, ਚਿੰਨ੍ਹ ਕਿਹਾ ਜਾਂਦਾ ਹੈ। ਬਾਹਰਲੇ ਚਿੰਨ੍ਹ ਜਾਂ ਕਰਿਆਵਾਂ ਦਾ ਅਸਲ ਮਨੋਰਥ ਅੰਦਰਲੀ ਕਿਰਿਆ ਦੀ ਸਹਾਇਤਾ ਕਰਨਾ ਹੁੰਦਾ ਹੈ ਅਤੇ ਇਸੇ ਲਈ ਇਹ ਨਿਯਤ ਕੀਤੀਆਂ ਜਾਂਦੀਆਂ ਹਨ ਅਤੇ ਇਸੇ ਮੰਤਵ ਲਈ ਕਰਨੀਆਂ ਤੇ ਵਰਤਣੀਆਂ ਚਾਹੀਦੀਆਂ ਹਨ। ਇਨ੍ਹਾਂ ਨੂੰ ਕਦੇ ਭੀ ਆਤਮਕ ਜਾਂ ਅੰਦਰਲੀ ਕਿਰਿਆ, ਸਦਾਚਾਰ ਤੇ ਮਾਨਕਸ ਅਵਸਥਾ ਦੀ ਥਾਂ ਨਹੀਂ ਦਿੱਤੀ ਜਾ ਸਕਦੀ। ਪਰ ਸਮੇਂ ਦਾ ਇਤਿਹਾਸ ਦੱਸਦਾ ਹੈ ਕਿ ਲੋਕ-ਰੁਚੀ ਇੰਨੀ ਬਾਹਰਮੁਖੀ ਹੈ ਕਿ ਅੰਦਰਲੇ ਅਸਲ ਤੱਤ ਨੂੰ ਗ੍ਰਹਿਣ ਕਰਨ ਤੇ ਯਾਦ ਰੱਖਣ ਤੋਂ ਅਸਮਰਥ ਹੋ ਜਾਂਦੀ ਹੈ। ਸੋ ਵਧੇਰੇ ਜ਼ੋਰ ਨਿਰੀ ਬਾਹਰਲੀ ਕਿਰਿਆ ਤੇ ਰਹਿ ਜਾਂਦਾ ਹੈ। ਅਜਿਹਾ ਸਮਾਂ ਵੀ ਆ ਜਾਂਦਾ ਹੈ ਜਦੋਂ ਕੇਵਲ ਬਾਹਰਲੇ ਕਰਮ ਹੀ ਰਹਿ ਜਾਂਦੇ ਹਨ, ਅਸਲ ਤੱਤ ਮੂਲੋਂ ਹੀ ਵਿਸਰ ਜਾਂਦਾ ਹੈ।

ਗੁਰੂ ਸਾਹਿਬ ਨੇ ਇਸੇ ਖਿਆਲ ਨੂੰ ਹੀ ਹੇਠ ਲਿਖੀਆਂ ਪੰਗਤੀਆਂ ਵਿਚ ਪ੍ਰਗਟ ਕੀਤਾ ਹੈ :—

— ਇਕਿ ਮੂਲਿ ਲਗੇ ਓਨੀ ਸੁਖੁ ਪਾਇਆ,
ਡਾਲੀ ਲਾਗੇ ਤਿਨੀ ਜਨਮੁ ਗਵਾਇਆ।
(ਗੁਰੂ ਗ੍ਰੰਥ ਸਾਹਿਬ ਪੰਨਾ 1051)
— ਡਾਲੀ ਲਾਗੇ ਨਿਹਫਲ ਜਾਇ।
(ਗੁਰੂ ਗ੍ਰੰਥ ਸਾਹਿਬ ਪੰਨਾ 362)
— ਡਾਲ ਛੋਡਿ ਤਤੁ ਮੂਲੁ ਪਰਾਤਾ
ਮਨਿ ਸਾਚਾ ਓੁਮਾਹਾ ਹੇ।
(ਗੁਰੂ ਗ੍ਰੰਥ ਸਾਹਿਬ ਪੰਨਾ 1033)

ਭਾਵ ਇਹ ਹੈ ਕਿ ਜੋ ਅਸਲ ਤੱਤ ਵਿਸਰ ਜਾਵੇ ਤਾਂ ਬਾਹਰਲਾ ਪਹਿਰਾਵਾ, ਭੇਖ, ਰਹਿਤ ਤੇ ਕਰਮ ਕਿਸ ਕੰਮ ? ਬਾਹਰਲੇ ਚਿੰਨ੍ਹ, ਅਸਲ ਤੱਤ ਬਿਨਾਂ ਨਿਕਾਰੇ ਅਤੇ ਵਾਧੂ ਭਾਰ ਤੇ ਨਿਰਾ ਭੇਖ ਹਨ। ਜੇ ਕੋਈ ਵਿਅਕਤੀ ਅਸਲ ਤੱਤ ਗਵਾ ਬਹੇ, ਬਾਹਰਲੇ ਪੋਚਾ ਪਾਚੀ ਤੇ ਕਰਮ ਕਾਂਡ ਵਿਚ ਰਾਤ ਦਿਨ ਇਕ ਕਰ ਦੇਵੇ, ਉਸ ਨੂੰ ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਹੇਠ ਲਿਖੇ ਕੁਝ ਮਹਾਂ ਵਾਕਾਂ ਤੋਂ ਸਾਡੇ ਇਸ ਵਿਚਾਰ ਦੀ ਪੁਸ਼ਟੀ ਹੁੰਦੀ ਹੈ :—

— ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ।
(ਗੁਰੂ ਗ੍ਰੰਥ ਸਾਹਿਬ ਪੰਨਾ 785)
— ਬਹੁਤੇ ਭੇਖ ਕਰੈ ਭੇਖਧਾਰੀ,
ਅੰਤਰਿ ਤ੍ਰਿਸਨਾ ਫਿਰੈ ਅਹੰਕਾਰੀ। (ਪੰਨਾ 230)
— ਬਾਹਰ ਭੇਖਿ ਨ ਪਾਈਐ ਪ੍ਰਭੁ ਅੰਤਰਜਾਮੀ। (ਪੰਨਾ 1099)
— ਭੇਖੀ ਹਾਥ ਨ ਲਭਈ ਤੀਰਥਿ ਨਹੀਂ ਦਾਨੇ। (ਪੰਨਾ 1012)
— ਪਾਠ ਪੜੈ ਨ ਬੂਝਈ ਭੇਖੀ ਭਰਮਿ ਭੁਲਾਇ।
(ਗੁਰੂ ਗ੍ਰੰਥ ਸਾਹਿਬ ਪੰਨਾ 66)
— ਭੇਖ ਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ।
(ਗ੍ਰੰਥ ਸਾਹਿਬ ਪੰਨਾ 644)
— ਜਾਨਨਹਾਰ ਪ੍ਰਭੂ ਪਰਬੀਨ,
ਬਾਹਰ ਭੇਖ ਨ ਕਾਹੂ ਭੀਨ। (ਪੰਨਾ 269)

ਫੋਕਟ, ਫੋਕੇ ਵੇਸ ਪਹਿਰਾਵੇ ਤੇ ਕਰਮ ਕਾਂਡ ਸਗੋਂ ਦੁਖ ਦਾ ਕਾਰਨ ਹੁੰਦੇ ਹਨ।

— ਬਹੁ ਭੇਖ ਕੀਆ ਦੇਹੀ ਦੁਖੁ ਦੀਆ,
ਸਹੁ ਵੇ ਜੀਆ ਆਪਣਾ ਕੀਆ। (ਪੰਨਾ 467)
— ਕਰਿ ਕਰਿ ਭੇਖ ਖਪਹਿ ਜਲਿ ਜਾਵਹਿ। (ਪੰਨਾ 839)
— ਵੇਸਿ ਨ ਪਾਈਐ ਮਹਾ ਦੁਖਿਆਰੀ। (ਪੰਨਾ 1348)
— ਮਨ ਹਠਿ ਭੇਖ ਕਰਿ ਭਰਮ ਦੇ
ਦੁਖੁ ਪਾਇਆ ਦੂਜੈ ਭਾਇ। (ਪੰਨਾ 593)

ਗੁਰਸਿੱਖੀ ਖਾਲੀ ਬਾਹਰਲੇ ਵੇਸਾਂ, ਪਹਿਰਾਵਿਆਂ, ਚਿੰਨ੍ਹਾਂ ਤੇ ਬਾਹਰਲੇ ਕਰਮਾਂ ਆਦਿ ਨੂੰ ਪ੍ਰਵਾਨ ਨਹੀਂ ਕਰਦੀ

— ਚੋਂਤ ਮਨ ਮਹਿ ਤਜਿ ਸਿਆਣਪ
ਛੋਡਿ ਸਗਲੇ ਭੇਖ। (ਪੰਨਾ 1007)
— ਚਕ੍ਰ ਬਣਾਇ ਕਰੇ ਪਾਖੰਡ,
ਝੁਰਿ ਝੁਰਿ ਪਚੈ ਜੈਸੇ ਤ੍ਰਿਅਰੰਡ। (ਪੰਨਾ 1151)

ਗੁਰਬਾਣੀ ਅਨੁਸਾਰ, ਪ੍ਰਭੂ ਜਾਂ ਨਾਮ ਤੋਂ ਬਿਨਾਂ ਕਰਮ ਕਾਂਡ ਤੇ ਵੇਸ ਪਹਿਰਾਵੇ ਚਿੰਨ੍ਹ ਆਦਿ ਦਾ ਪ੍ਰਮਾਰਥ ਵਿਚ ਲਾਭ ਨਹੀਂ ਸਗੋਂ :—

— ਪਾਠ ਪੜਿਓ ਅਰੁ ਬੇਦ ਬੀਚਾਰਿਓ,
ਨਿਵਲਿ ਭੁਅੰਗਮ ਸਾਧ।
ਪੰਚ ਜਨਾ ਸਿਉ ਸੰਗੁ ਨ ਛੁਟਕਿਓ,
ਅਧਿਕ ਅਹੰਬੁਧਿ ਬਾਧੇ।
ਪਿਆਰੇ ਇਨ ਬਿਧਿ ਮਿਲਣੁ ਨ ਜਾਈ,
ਮੈਂ ਕੀਏ ਕਰਮ ਅਨੇਕਾ। (ਪੰਨਾ 641)

ਨਾਮ ਹੀਨ ਬਾਹਰਲੇ ਪਹਿਰਾਵਿਆਂ ਤੇ ਚਿੰਨ੍ਹਾਂ ਨੂੰ ਭਾਵੇਂ ਉਹ ਕਿਸੇ ਭੀ ਮੱਤ ਜਾਂ ਧਰਮ ਦੇ ਹੋਣ ਮਿਰਤਕ ਸਿੰਗਾਰ ਕਿਹਾ ਹੈ।

— ਨਾਮ ਬਿਨਾ ਜੇਤਾ ਬਿਉਹਾਰੁ।
ਜਿਉ ਮਿਰਤਕ ਮਿਥਿਆ ਸੀਗਾਰੁ। (ਪੰਨਾ 250)
— ਮਿਰਤਕ ਕਹੀਅਹਿ ਨਾਨਕਾ
ਜਿਹ ਪ੍ਰੀਤਿ ਨਹੀਂ ਭਗਵੰਤ। (ਪੰਨਾ 253)

ਗੁਰੂ ਜੀ ਹਿੰਦੂ ਮੁਸਲਮਾਨਾਂ ਦੀ ਸ਼ਰੀਅਤ ਤੇ ਰਹੁ ਰੀਤੀਆਂ ਨੂੰ ਫੋਕਟ ਕਰਮ ਕਹਿ ਕੇ ਉਨ੍ਹਾਂ ਦੀ ਥਾਂ ਆਪਣੀ ਵੱਖਰੀ ਰਹਿਤ ਮਰਯਾਦਾ ਕਾਇਮ ਕਰਨਾ ਨਹੀਂ ਸਨ ਚਾਹੁੰਦੇ। ਸਾਨੂੰ ਪੰਜ ਕਕਾਰ ਤੇ ਹੋਰ ਰਹੁ ਰੀਤੀਆਂ ਸਬੰਧੀ ਮਹਾਰਾਜ ਦੇ ਫੁਰਮਾਨਾਂ ਨੂੰ ਧਿਆਨ ਨਾਲ ਪੜ੍ਹਨ ਤੇ ਸ਼ੁਧ ਭਾਵਨਾ ਨਾਲ ਵਿਚਾਰਨ ਦੀ ਲੋੜ ਹੈ। **ਜੇ ਗੁਰਸਿੱਖੀ ਵਿਚ ਹਿੰਦੂਆਂ ਮੁਸਲਮਾਨਾਂ ਆਦਿ ਨਾਲੋਂ ਕੋਈ ਵੱਖਰਾ, ਨਿਰਾਲਾ ਪਨ ਹੈ ਤੇ ਉਹ ਕਿਸੇ ਵੀ ਫੋਕਟ, ਦਿਖਲਾਵੇ ਦੀ ਰਹੁ ਰੀਤੀ, ਕਰਮ ਕਾਂਡ, ਰਹਿਤ ਮਰਯਾਦਾ ਦਾ ਨਾ ਹੋਣਾ ਹੈ।**

ਗੁਰੂ ਸਾਹਿਬਾਂ ਨੇ ਕੇਵਲ ਸੇਧਾਂ ਪਾਈਆਂ ਤੇ ਪਰਮਾਤਮਾ ਦੇ ਰਸਤੇ ਚਲਣ ਲਈ ਬੁਨਿਆਦਾਂ ਅਸੂਲਾਂ ਦੀ ਸਿਖਿਆ ਦਿੱਤੀ।

ਗੁਰਬਾਣੀ ਦਾ ਪਾਠ ਕੀਰਤਨ ਕਰਨਾ ਸੇਧ ਹੈ, ਪਰ ਕਿਹੜੇ ਵੇਲੇ, ਕਿਹੜੀ ਬਾਣੀ ਪੜ੍ਹਨੀ ਹੈ ਜਾਂ ਵੱਖ ਵੱਖ ਸੰਸਕਾਰਾਂ ਲਈ ਸ਼ਬਦ ਨੀਯਤ ਕਰਨੇ—ਰੀਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨਾ ਸੇਧ ਹੈ, ਪਰ ਥੱਲੇ ਬੈਠਣਾ, ਚੰਦੋਆ ਲਗਾਣਾ, ਚੌਰ ਕਰਨੇ, ਧੂਪ ਬੱਤੀ ਆਦਿ — ਰੀਤ ਹੈ

ਕਰਤੇ ਦਾ ਸਿਮਰਨ ਕਰਨਾ ਸੇਧ ਹੈ, ਪਰ ਸਿਰਫ ਵਾਹਿਗੁਰੂ ਨਾਮ ਦਾ ਮੁਖੋਂ ਜਾਪ — ਰੀਤ ਹੈ।

ਪਰਸ਼ਾਦਿ ਚੜ੍ਹਾਉਣਾ ਸੇਧ ਹੈ, ਪਰ ਕੇਵਲ ਕੜਾਹ ਪ੍ਰਸ਼ਾਦਿ ਤੇ ਉਹ ਵੀ ਜਿਸ ਵਿਚ ਖੰਡ ਘੀ ਆਟਾ ਬਰਾਬਰ ਹੋਣ — ਰੀਤ ਹੈ।

ਸਿਰਫ ਕੜਾਹ ਪ੍ਰਸਾਦ ਦੇ ਹੋਣ ਤੇ ਹੀ ਅਨੰਦ ਸਾਹਿਬ ਦਾ ਪਾਠ ਕਰਨਾ, ਅਰਦਾਸ ਵਿਚ ਕੜਾਹ ਪ੍ਰਸਾਦ ਦਾ ਨਾਂ ਆਉਣ ਤੇ ਕ੍ਰਿਪਾਨ ਭੇਟ ਕਰਨੀ — ਰੀਤ ਹੈ।

ਅਰਦਾਸ ਕਰਨੀ ਸੇਧ ਹੈ, ਪਰ ਖੜ੍ਹੇ ਹੋ ਕੇ ਹੀ ਕਰਨੀ ਤੇ ਕੰਠ ਕੀਤੇ ਸ਼ਬਦ ਹੀ ਮੌਕੇ ਲਈ ਮਿਥੀ ਅਰਦਾਸ ਸਮੇਂ ਪੜ੍ਹਨੇ ਜਾਂ ਬੋਲਣੇ ਰੀਤ ਹੈ।





● ਨੌਕਰ - ਕੀ ਗੱਲ ਹੈ ਸ੍ਰੀ ਮਾਨ?
ਕਮਲ - ਤੁਹਾਡੇ ਸਾਹਿਬ ਘਰ 'ਚ ਹਨ ਇਕ ਬਿਲ....
ਨੌਕਰ-ਸਾਹਿਬ ਤਾਂ ਕੱਲ ਸ਼ਾਮ ਹੀ ਬਾਹਰ ਚਲੇ ਗਏ ਸੀ।'
ਕਮਲ - ਚਲੋ ਕੋਈ ਗੱਲ ਨਹੀਂ ਮੈਂ ਉਹਨਾ ਦਾ ਇਕ ਬਿਲ ਦੇਣਾ ਸੀ।
ਨੌਕਰ - ਤੇ ਅੱਜ ਹੀ ਸਵੇਰੇ ਵਾਪਸ ਆ ਗਏ ਨੇ ਮੈਂ ਉਹਨਾਂ ਨੂੰ ਦਸਦਾ ਹਾਂ ਤੁਸੀਂ ਬੈਠੋ।'

● ਇਕ ਡਾਕਟਰ ਕੋਲ ਇਕ ਔਰਤ ਆਈ ਤੇ ਆਪਣੀਆਂ ਤਕਲੀਫ਼ਾਂ ਦਸਣ ਲੱਗੀ। "ਡਾਕਟਰ ਸਾਹਿਬ, ਤੁਰਦੇ ਤੁਰਦੇ ਮੇਰੇ ਗੋਡੇ ਆਕੜ ਜਾਂਦੇ ਨੇ, ਉਚਾ ਵੀ ਸੁਣਦੇ ਸਰੀਰ ਵਿਚ ਕਮਜ਼ੋਰੀ ਬਹੁਤ ਮਹਿਸੂਸ ਹੁੰਦੀ ਹੈ ਜਲਦੀ ਥੱਕ ਜਾਂਦੀ ਹਾਂ। ਚਿਹਰੇ ਦੀ ਰੰਗਤ ਵੀ ਘਟਦੀ ਜਾਂਦੀ ਏ।" ਡਾਕਟਰ ਨੇ ਉਹਨੂੰ ਧਿਆਨ ਨਾਲ ਦੇਖਦਿਆਂ ਪੁਛਿਆ,' ਤੁਹਾਡੀ ਉਮਰ ਕਿੰਨੀ ਏ?'
'ਜੀ ਸਤਾਈ ਸਾਲ।"
ਤਾਂ ਲਗਦੇ ਤੁਹਾਡੀ ਯਾਦਾਸ਼ਤ ਵੀ ਕਮਜ਼ੋਰ ਏ।' ਡਾਕਟਰ ਚਿੰਤਾਤੁਰ ਹੋ ਕੇ ਦਵਾਈ ਲਿਖਣ ਲਗ ਪਿਆ।

ਰੂਸ ਚੌਥੀ ਵੇਰ ਵੀ ਚੈਂਪੀਅਨ

ਸਿਲੀਗੁੜੀ — ਚੈਂਪੀਅਨ ਸੋਵੀਅਤ ਯੂਨੀਅਨ ਨੇ ਲਗਾਤਾਰ ਚੌਥੀ ਵੇਰ ਜਗਮਗ ਕਰਦਾ ਨਹਿਰੂ ਮੈਮੋਰੀਅਲ ਇੰਟਰਨੈਸ਼ਨਲ ਫੁਟਬਾਲ ਗੋਲਡ ਕੱਪ ਜਿੱਤਿਆ। ਉਸ ਨੇ ਪੋਲੈਂਡ ਨੂੰ ਸੱਤਵੀਂ ਜਵਾਹਰ ਲਾਲ ਨਹਿਰੂ ਮੈਮੋਰੀਅਲ ਇੰਟਰਨੈਸ਼ਨਲ ਫੁਟਬਾਲ ਚੈਂਪੀਅਨਸ਼ਿਪ ਵਿਚ 2-0 ਗੋਲਾਂ ਨਾਲ ਹਰਾਇਆ। ਰੂਸ ਵਲੋਂ 25ਵੇਂ ਮਿੰਟ ਵਿਚ ਮੇਡੀਓ ਊਗੀ ਸਾਵੀਰੇਵ ਨੇ ਗੋਲ ਕਰਕੇ ਆਪਣੀ ਟੀਮ ਨੂੰ ਪਹਿਲ ਦਿਵਾਈ ਜਦ ਕਿ ਲਿੰਕਮੈਨ ਵੀ. ਇਵਾਨਸੁਕਾਸ ਨੇ ਆਪਣੀ ਟੀਮ ਦੀ ਜਿੱਤ ਨੂੰ ਇਕ ਹੋਰ ਗੋਲ ਕਰ ਕੇ ਯਕੀਨੀ ਬਣਾ ਦਿੱਤਾ। ਇਵਾਨਸੁਕਾਸ ਨੇ ਗੋਲ ਦੂਸਰੇ ਮੱਧ ਵਿਚ ਕੀਤਾ। ਇਸ ਤੋਂ ਪਹਿਲਾਂ ਰਾਊਂਡ ਰੌਬਿਨ ਮੈਚਾਂ ਵਿਚ ਵੀ ਰੂਸ ਨੇ ਪੋਲੈਂਡ ਨੂੰ ਹਰਾਇਆ ਸੀ। ਪੋਲੈਂਡ ਨੇ ਸਿਰਫ 1984 ਵਿਚ ਨਹਿਰੂ ਗੋਲਡ ਕੱਪ ਫੁੱਟਬਾਲ ਮੁਕਾਬਲਾ 2-0 ਨਾਲ ਜਿੱਤਿਆ ਸੀ।

ਭਾਰਤੀ ਪਾਰਲੀਮਾਨੀ ਮਾਮਲਿਆਂ ਦੀ ਰਾਜ ਮੰਤਰੀ ਸ਼ੀਲਾ ਦੀਕਸ਼ਿਤ ਨੇ ਸੋਵੀਅਤ ਟੀਮ ਦੇ ਕਪਤਾਨ ਅਲੈਕਸੀ ਮਿਖਾਈਲਿਚੈਂਕੋ ਨੂੰ ਸੋਨ ਕੱਪ ਪ੍ਰਦਾਨ ਕੀਤਾ। ਜਿਸ ਦੀ ਇਸ ਚੈਂਪੀਅਨਸ਼ਿਪ ਵਿਚ ਜਿੱਤ ਸੋਵੀਅਤ ਯੂਨੀਅਨ ਸ਼ੁਰੂ ਤੋਂ ਹੀ ਯਕੀਨੀ ਮੰਨੀ ਜਾ ਰਹੀ ਸੀ, ਨੇ ਸਾਰੇ ਹੀ ਖੇਤਰਾਂ ਵਿਚ ਆਪਣੀ ਸਰਦਾਰੀ ਦੀ ਧਾਂਕ ਜਮਾਉਣ ਦੀ ਕੋਈ ਕਸਰ ਨਹੀਂ ਛੱਡੀ ਅਤੇ ਵਿਰੋਧੀਆਂ ਨੂੰ ਮੂਹਰੇ ਲਗਾਈ ਰੱਖਿਆ।

ਕੈਨੇਡਾ ਅਮਰੀਕਾ ਦੇ ਗੁਡ ਗਾਈ

—ਅਮਰਜੀਤ ਚੰਦਨ



ਇਸ ਲੇਖ ਦੇ ਲੇਖਕ ਅਮਰਜੀਤ ਚੰਦਨ
ਕਵਿਤਰੀ ਸੁਰਜੀਤ ਕਲਸੀ
ਤੇ
ਕਵੀ - ਨਾਟਕਕਾਰ ਅਜਮੇਰ ਰੋਡੇ ਨਾਲ

ਮੈਂ ਚਾਰ ਕੁ ਹਫਤੇ ਕਨੇਡਾ ਅਮਰੀਕਾ 'ਚ ਬਿਤਾ ਕੇ ਪਾਸ਼ ਦੀ ਭੈਣ ਪੰਮੀ ਦੇ ਕਹਿਣ ਵਾਂਙ ਬੁਕੜੇ ਲਾ ਕੇ 20 ਜਨਵਰੀ ਨੂੰ ਮੁੜ ਆਇਆ ਸੀ। ਜਿਵੇਂ ਦਾਰੂ ਦੀ ਤੋਟ ਲੱਗੀ ਹੁੰਦੀ ਹੈ ਮੈਨੂੰ ਹਾਲੇ ਤੱਕ ਆਪਣੇ ਸੱਜਣਾਂ ਦੀ ਤੋਟ ਲੱਗੀ ਹੋਈ ਹੈ। ਜਿਨ੍ਹਾਂ ਨੂੰ ਮੈਂ ਉਥੇ ਮਿਲਿਆ। ਕਈਆਂ ਨੂੰ ਵੀਹ-ਵੀਹ ਸਾਲ ਮਗਰੋਂ। ਹੁਣ ਪਤਾ ਨਹੀਂ ਕਦੋਂ ਮੇਲੇ ਹੋਣਗੇ। ਮੈਂ ਜਦ ਵੈਨਕੂਵਰ ਆਪਣੇ ਅਜਮੇਰ ਰੋਡੇ ਤੇ ਸੁਰਜੀਤ (ਕੌਰ) ਕਲਸੀ ਕੋਲ ਪਹੁੰਚਾ ਸੀ ਤਾਂ ਕੋਈ ਪਤਾ ਨਹੀਂ ਸੀ ਕਿਥੇ ਕਿਥੇ ਜਾਣਾ ਹੈ ਤੇ ਕੀਹਨੂੰ ਕੀਹਨੂੰ ਮਿਲਣਾ ਹੈ। ਵੋਟ ਗਾਈ, ਗੁਡ ਗਾਈ, ਬੈਡ ਗਾਈ ਉਥੇ ਆਪਣੇ ਲੋਕਾਂ ਦਾ ਤਕੀਆ-ਕਲਾਮ ਹੈ। ਮੈਂ ਗੁਡ ਗਾਈਆਂ ਬਾਰੇ ਲਿਖਣ ਲੱਗਾ ਹਾਂ: ਵੈਨਕੂਵਰ ਵਿਚ ਅਜਮੇਰ, ਸੁਰਜੀਤ, ਗੁਰਚਰਨ ਰਾਮਪੁਰੀ, ਸਰਵਣ ਬੋਲ, ਚਰਨਪਾਲ ਗਿੱਲ, ਸਾਧੂ, ਅਮਰਜੀਤ ਚਾਹਲ, ਸੁਖਵੰਤ ਤੇ ਸਰਬਜੀਤ ਹੁੰਦਲ, ਸੋਹਣ ਪੂੰਨੀ, ਬਲਦੇਵ ਦੂਹੜਾ, ਸਤਿੰਦਰ ਸਿੱਧੂ, ਉਜੱਲ ਦੁਸਾਂਝ, ਤੇ ਕੈਨੇਡਾ ਦਰਪਣ ਵਾਲਾ ਦਰਸ਼ਨ ਗਿੱਲ ਤੇ ਹੋਰ ਕਈ; ਏਡਮੰਟਨ ਵਿਚ ਦਰਸ਼ਨ ਬਾਗੀ, ਕੁਲਦੀਪ ਹੰਸਰਾ, ਰਾਜਇੰਦਰ ਹਾਂਸ, ਸੁਰਿੰਦਰ ਧੰਜਲ, ਸਤਵੰਤ ਦੀਪਕ, ਲਾਟ ਭਿੰਡਰ; ਟਰਾਂਟੋ ਵਿਚ ਇਕਬਾਲ ਰਾਮੂਵਾਲੀਆ, ਨਵਤੇਜ ਭਾਰਤੀ, ਸ਼ੰਕਰੀਏ ਹਰਿਮੰਦਰ ਤੇ ਰੂਪ ਅਤੇ ਕੈਲੇਫੋਰਨੀਆ ਵਿਚ ਖਾਲਿਸਤਾਨੀਆਂ ਦੀਆਂ ਪਦੀੜਾਂ ਪੁਆਉਣ ਵਾਲੇ ਐਂਟੀ-47 ਫਰੰਟ ਦਾ ਆਗੂ ਹਰਸ਼ਰਨ ਗਿੱਲ ਉਰਫ ਧੀਦੋ। ਏਡਮੰਟਨ, ਟਰਾਂਟੋ ਤੇ ਸਾਨ ਫਰਾਂਸਿਸਕੋ ਵਿਚ ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ ਦੇ ਨਕਸਲਬਾੜੀ ਤਹਿਰੀਕ ਨਾਲ ਜੁੜੇ ਬਹੁਤ ਸਾਰੇ ਨੌਜਵਾਨ ਪਿਛਲੇ ਪੰਜ ਕੇ ਸਾਲਾਂ ਵਿਚ ਆਏ ਹਨ। ਕਈ ਇੰਜਨੀਅਰਿੰਗ ਕਾਲਜ ਲੁਧਿਆਣੇ ਦੇ ਪੜ੍ਹੇ ਹੋਏ ਹਨ। ਪੰਜਾਬ ਪੁਲਸ ਇਸ ਕਾਲਜ ਨੂੰ ਨਕਸਲਬਾੜੀ ਦੀ ਨਰਸਰੀ ਆਖਦੀ ਹੁੰਦੀ ਸੀ। ਇਹ ਸਾਰੇ ਖਾਲਿਸਤਾਨੀਆਂ ਨਾਲ ਮੱਥਾ ਲਾਈ ਖੜੇ ਹਨ। ਮੈਨੂੰ ਸਾਰਿਆਂ ਨੇ ਹੱਥਾਂ ਤੇ ਚੁਕੀ ਰਖਿਆ। ਬਹੁਤੇ ਹਿਰਖ ਵੀ ਕਰਦੇ ਸਨ ਕਿ ਸਮਾਂ ਬੜਾ ਥੋੜ੍ਹਾ ਹੈ। ਕਈ ਆਪੋ ਵਿਚ ਮੈਨੂੰ ਘਰੇ ਲੈ ਜਾਣ ਲਈ ਬਿਦਦੇ ਸੀ। ਮੈਨੂੰ ਇਹਨਾਂ ਸਾਥੀਆਂ ਉਤੇ ਬੇਹੱਦ ਮਾਣ ਹੈ ਤੇ ਆਪਣੇ ਆਪ ਤੇ ਵੀ। ਅਸੂਲਾਂ ਵਾਸਤੇ ਡੱਟਣ ਖਲੋਣ ਦਾ ਇਨਾਮ ਸਿਰ ਉਚਾ ਕਰਕੇ ਤੁਰਨ ਦਾ ਫ਼ਖਰ ਤੇ ਲੋਕਾਂ ਦਾ ਪਿਆਰ ਹੀ ਤਾਂ ਹੁੰਦਾ ਹੈ।

ਕਿਸੇ ਕੋਲੇ ਏਨਾ ਵਕਤ ਵੀ ਨਹੀਂ ਹੁੰਦਾ ਅਤੇ ਸਾਡੇ ਪੰਜਾਬੀਆਂ ਦੇ ਸੁਭਾਅ ਵਿਚ ਅਜੀਬ ਨਿਰਮੋਹੀ ਲਗਾਉ ਵੀ ਹੈ ਕਿ ਇਹ ਤੁਹਾਡੇ ਨਾਲ ਇਨਸਾਨੀ ਰਾਬਤਾ ਕਾਇਮ ਰਖੀ ਰੱਖਣ ਦਾ ਉਚੇਚਾ ਤਰਦੱਦ ਨਹੀਂ ਕਰਦੇ, ਪਰ ਖਬਰ ਸਾਰੀ ਰਖਦੇ ਹਨ ਕਿ ਤੁਸੀਂ ਕਿਥੇ ਹੋ? ਕੀ ਕਰਦੇ ਹੋ? ਕਿਥੇ ਖਲੋਤੇ ਹੋ? ਲਹੂ ਦਾ ਰੰਗ ਤਾਂ ਨਹੀਂ ਬਦਲਿਆ, ਚਿੱਟਾ ਜਾਂ ਕੇਸਰੀ ਤਾਂ ਨਹੀਂ ਹੋਇਆ? ਸਭ ਕੁਝ ਲਿਖਿਆ ਬੜੇ ਧਿਆਨ ਨਾਲ ਪੜ੍ਹਦੇ ਹਨ, ਪਰ ਐਡੀਟਰਾਂ ਨੂੰ ਰਾਏ ਲਿਖਣ ਦੀ ਖੇਚਲ ਨਹੀਂ ਕਰਦੇ। ਵਰ੍ਹਿਆਂ ਮਗਰੋਂ ਮਿਲਣ ਤੇ ਆਖਣਗੇ ਕਿ ਸੰਨ 81 ਵਿਚ ਫਲਾਂ ਪਰਚੇ ਵਿਚ ਜੋ ਫਲਾਂ ਚੀਜ਼ ਛਪੀ ਸੀ ਉਹ ਚੰਗੀ ਸੀ ਪਰ ਉਸ 'ਚ ਇਹ ਗੱਲ ਐਂ ਕਿਉਂ ਲਿਖੀ ਸੀ? ਉਹਦਾ ਕੀ ਮਤਲਬ ਸੀ? ਐਸੋ ਪਾਠਕ ਕਹਾਂ ਪਾਇਓ? ਇਹਨਾਂ 'ਤੇ ਪਿਆਰ ਵੀ ਬੜਾ ਆਉਂਦਾ ਹੈ ਪਰ ਡਰ ਵੀ ਲਗਦੈ। ਇਹ ਲੋਕ ਸਾਹਿਤਕਾਰ ਦੇ ਮਹਾਵਤ ਹਨ।

ਹੈ ਤਾਂ ਗੱਲਾਂ ਮਾਮੂਲੀ ਜਿਹੀਆਂ, ਪਰ ਇਹਨਾਂ ਦਾ ਜ਼ਿਕਰ ਜ਼ਰੂਰੀ ਹੈ ਪਹਿਲੀ ਵਾਰ ਉਤਰ ਅਮਰੀਕਾ ਜਾਣੇ ਵਾਲੇ ਬੰਦੇ ਨੂੰ ਵਿਸ਼ਾਲ ਲਫਜ਼ ਦੇ ਅਸਲੀ ਮਤਲਬ ਦਾ ਪਤਾ ਲਗਦਾ ਹੈ। ਧਰਤੀ, ਆਕਾਸ਼, ਪਹਾੜ ਤੇ ਮੌਸਮ ਸਭ ਕੁਝ ਬਹੁਤ ਵਿਸ਼ਾਲ ਹੈ। ਲੋਕ ਆਪਣੇ ਨਾਲੋਂ ਕਿਤੇ ਵੱਧ ਖੁਸ਼ਹਾਲ ਹਨ। ਸਰਮਾਏ ਦੀ ਫੁੱਲ ਕਿਰਪਾ ਹੈ। ਵਿਸ਼ਾਲ ਮਕਾਨ। ਵਿਸ਼ਾਲ ਮੋਟਰਕਾਰਾਂ। ਦਿਲ ਵੀ ਵਿਸ਼ਾਲ। ਖਾਣਾ ਪੀਣਾ ਖੁਲ੍ਹਾ। ਆਪਣੇ ਇਥੇ ਪਾ ਲਾ ਕੇ ਬੈੱਲ ਦੀ ਬੋਤਲ ਮਸਾਂ ਘਰ 'ਚ ਵੜਦੀ ਹੈ। ਉਥੇ ਹਰ ਪ੍ਰਕਾਰ ਦੀ ਸ਼ਰਾਬ ਤੁਹਾਡੇ ਅੱਗੇ ਪਈ ਹੁੰਦੀ ਹੈ। ਰੁਜ਼ਗਾਰ ਦਾ ਹਾਲ ਚੰਗਾ ਹੈ। ਆਪਾਂ ਤਾਂ ਜਿਵੇਂ ਦਿੱਲੀ 'ਚ ਬੈਠੇ ਹਾਂ। ਅਸਲੀ ਵਲੈਤ ਤਾਂ ਕਨੇਡਾ ਆ।

ਸ਼ਾਇਦ ਇਹ ਤਸਵੀਰ ਮੈਂ ਬੜੀ ਰੰਗਦਾਰ ਖਿਚ ਦਿੱਤੀ ਹੈ। ਪਰ ਮੈਂ ਜਿਹਨਾਂ ਨੂੰ ਮਿਲਿਆ ਉਹਨਾਂ ਦਾ ਹਾਲ ਤਾਂ ਏਨਾ ਹੀ ਚੰਗਾ ਹੈ। ਮਾੜਾ ਹਾਲ ਵੀ ਡਿੱਠਾ, ਵੈਨਕੂਵਰ ਦੀ ਫਰੇਜ਼ਰ ਵਾਦੀ ਵਿਚ ਕੰਮ ਕਰਦੇ ਆਪਣੇ ਫਾਰਮ ਵਰਕਰਾਂ ਦਾ। ਇਹਨਾਂ ਬਾਰੇ ਮੈਂ ਵਖਰਾ ਲੇਖ ਲਿਖਾਂਗਾ।

ਵੈਨਕੂਵਰ ਦੀ ਪੰਜਾਬੀ ਮਾਰਕਿਟ ਸਾਊਥਾਲ ਬੋਰੋਡਵੇਅ ਦੀ ਪਾਸਕੂ ਵੀ ਨਹੀਂ। ਵਧੇਰੇ ਵਸੋਂ ਦੁਆਬੇ ਤੇ ਮਾਲਵੇ ਤੋਂ ਆਏ ਪੰਜਾਬੀਆਂ ਦੀ ਹੈ। ਪੰਜਾਬੀਆਂ ਨੂੰ ਡੀ ਪੀ (Delayed Pioneers) ਆਖਿਆ ਜਾਂਦਾ ਹੈ। ਪਹਿਲੇ ਆਬਾਦਕਾਰ ਸਕੌਟਿਸ਼, ਫਰਾਂਸੀਸੀ, ਚੀਨੇ ਤੇ ਜਾਪਾਨੀ ਸਨ। ਸੰਨ 83 ਤ ਕ 65 ਸਾਲ ਦੀ ਉਮਰ ਤੋਂ ਉਪਰਲੇ ਮਾਂ ਬਾਪ ਨੂੰ ਮੰਗਵਾਉਣ ਦੀ ਖੁਲ੍ਹ ਸੀ। ਫੇਰ ਉਮਰ ਦੀ ਹੱਦ 40 ਸਾਲ ਹੋ ਗਈ। ਏਸ ਕਰਕੇ ਪਿਛਲੇ ਪੰਜ ਸਾਲਾਂ ਵਿਚ ਬਹੁਤ ਸਾਰੇ ਲੋਕ ਕੈਨੇਡਾ ਪਹੁੰਚੇ ਹਨ। ਕੈਨੇਡਾ ਹੈ ਹੀ ਆਵਾਸੀਆਂ ਦਾ ਮੁਲਕ ਤੇ ਇਹ ਹੈ ਵੀ ਏਨਾ ਵੱਡਾ ਕਿ ਯੂਰਪ ਦੇ ਮੁਲਕਾਂ ਵਾਲੀ ਮੁਸ਼ਕਿਲ ਇਥੇ ਨਹੀਂ ਆਏਗੀ। ਸਾਡੇ ਜਿੰਨਾ ਨਸਲਵਾਦੀ ਕਿਹਨੇ ਹੋਣਾ ਹੈ। ਗੋਰਾ ਨਸਲਵਾਦ ਉਥੇ ਵੀ ਹੈ। ਆਪਣੇ ਲੋਕਾਂ ਨੂੰ ਗੋਰੇ ਨਸਲਵਾਦੀ "ਡੰਬ (Dumb) ਪੀਪਲ" ਆਖਦੇ ਹਨ। ਪਹਿਲਾਂ ਹਿੰਦੂ ਗਾਹਲ ਸਮਝੀ ਜਾਂਦੀ ਸੀ, ਹੁਣ ਭਿੰਡਰਾਂਵਾਲੇ ਦੀ ਕਿਰਪਾ ਨਾਲ "ਪੰਜਾਬੀ" ਗਾਹਲ ਬਣ ਗਈ ਹੈ। ਗੋਰੇ ਟਰਾਂਟੋ ਵੱਲ "ਪਾਕੀ" ਗਾਹਲ ਵਰਤਦੇ ਹਨ। ਬਰਤਾਨੀਆ ਵਾਂਗ ਰੇਸ ਰੀਲੇਸ਼ਨਜ਼ ਐਕਟ ਵਰਗਾ ਕਾਨੂੰਨ ਉਥੇ ਹਿਊਮਨ ਰਾਈਟਸ ਕੌਂਸਲ ਹੈ, ਪਰ ਇਸ ਵਿਚ ਆਪਣਾ ਕੋਈ ਬੰਦਾ ਨਹੀਂ। ਕਾਲੇ ਮੌਂਟਰੀਅਲ ਤੇ ਟਰਾਂਟੋ ਵੱਲ ਹੀ ਵਸੇ ਹੋਏ ਹਨ।

ਸਿਆਸੀ ਮਾਹੌਲ ਘੱਟ ਵਧ ਫਰਕ ਨਾਲ ਇੰਗਲੈਂਡ ਵਰਗਾ ਹੀ ਹੈ। ਪਰ ਉਥੇ ਖਾਲਿਸਤਾਨੀਆਂ ਨੇ ਜ਼ਿਆਦਾ ਅੱਤ ਚੁੱਕੀ ਹੋਈ ਹੈ। ਦੇਸ ਪ੍ਰਦੇਸ ਦਾ ਪਿਓ ਇੰਡੋ-ਕੈਨੇਡੀਅਨ ਟਾਈਮਜ਼ ਜ਼ਹਿਰ ਦੇ ਡੂਨੇ ਵੰਡ ਰਿਹਾ ਹੈ। 'ਪੰਜਾਬੀ ਦਰਪਣ' ਦਾ ਭਰਾ 'ਕੈਨੇਡਾ ਦਰਪਣ' ਹੈ, ਜਿਹਦਾ ਕੰਮ ਦਰਸ਼ਨ ਗਿੱਲ ਖਿਚੀ ਜਾਂਦਾ ਹੈ।

ਲੇਖਕ ਮੰਚ ਵੈਨਕੂਵਰ ਦੀ ਮੀਟਿੰਗ ਵਿਚ ਮੇਰੀ ਇਸ ਆਖੀ ਗੱਲ ਦਾ ਸਾਥੀਆਂ ਨੂੰ ਯਕੀਨ ਨਾ ਆਇਆ ਕਿ ਕੈਨੇਡਾ ਦਾ ਪੰਜਾਬੀ ਸਾਹਿਤਕ ਮਾਹੌਲ ਇੰਗਲੈਂਡ ਨਾਲੋਂ ਕਿਤੇ ਚੰਗਾ, ਸਾਰਥਕ ਅਤੇ ਸਿਹਤਮੰਦ ਹੈ। ਵੱਡਾ ਕਾਰਣ ਤਾਂ ਇਹੀ ਹੈ ਕਿ ਇਕ ਦੋ ਲਿਖਾਰੀਆਂ ਨੂੰ ਛੱਡ ਕੇ ਉਥੇ ਹੋਰ ਕੋਈ ਗੰਦਾ ਆਂਡਾ ਨਹੀਂ ਨਿਕਲਿਆ। (ਸੂਰਮਾ ਕਵੀ ਰਵਿੰਦਰ ਰਵੀ ਕਵਿਤਾ ਲਿਖਦਾ ਹੈ: ਸਾਨੂੰ ਰੰਗ ਕੇਸਰੀ ਪਿਆਰਾ ਅਤੇ ਕਮਿਊਨਿਸਟਾਂ ਨੂੰ ਮਿਹਣਾ ਮਾਰਦਾ ਹੈ ਕਿ ਇਹਨਾਂ ਦੀਆਂ ਕੱਛੀਆਂ ਦਾ ਰੰਗ ਵੀ ਲਾਲ ਹੁੰਦਾ ਹੈ। ਰੱਦੀ ਸਾਹਬ ਭਾਰਤ ਵਿਚ ਛਪਦੇ ਪਰਚਿਆਂ ਨੂੰ ਹੋਰ ਕਿਸਮ ਦੀਆਂ ਲਿਖਤਾਂ ਘਲਦੇ ਹਨ) ਲੈਫਟ ਰਾਈਟ ਉਥੇ ਵੀ ਹੁੰਦੀ ਹੈ, ਪਰ ਮਾਰਕਸੀ ਪਾਰਟੀ ਨਾਲ ਜੁੜੇ ਲੇਖਕਾਂ ਦਾ ਨੜਗਾ ਵੱਡਾ ਨਹੀਂ। ਇਹ ਨਾਲ ਮਿਲਕੇ ਚਲਦੇ ਹਨ, ਜੁੜ ਕੇ ਬਹਿੰਦੇ ਹਨ। ਸੈਂਟਰ ਕਮੇਟੀ ਦਾ ਖੱਟਾ ਨਹੀਂ ਉਡੀਕਦੇ। ਪਿਛੇ ਜਿਹੇ ਇਹਨਾਂ ਸਾਰਿਆਂ ਰਲ ਕੇ ਬੜੀ ਕਾਮਯਾਬ ਸਾਹਿਤਕ ਕਾਨਫਰੰਸ ਕੀਤੀ ਸੀ। ਮਾਰਕਸੀ ਪਾਰਟੀ ਦਾ ਲੰਮੀ ਭਰਵੀਂ ਦਾਹੜੀ ਵਾਲਾ ਅਮਰਜੀਤ ਸੂਫੀ ਕਲਮ ਪਰਚੇ ਦਾ ਐਡੀਟਰ ਹੈ ਤੇ ਰੇਲਵੇ ਵਰਕਰਾਂ ਦੀ ਯੂਨੀਅਨ ਦਾ ਲੀਡਰ। ਮੰਚ ਦੀ ਮੀਟਿੰਗ ਵਿਚ ਸਾਰੇ ਮੈਂਬਰ ਆਪਣੇ ਆਪਣੇ ਘਰੋਂ ਰੋਟੀ ਪਕਾ ਕੇ ਲਿਆਏ ਸਨ ਤੇ ਸਾਰਿਆਂ ਮਿਲ ਕੇ ਵੰਡ ਕੇ ਖਾਧੀ। ਇਹੋ ਜਿਹਾ ਭਾਈਚਾਰਕ ਨਜ਼ਾਰਾ ਮੈਂ ਕਦੇ ਇੰਗਲੈਂਡ ਵਿਚ ਨਹੀਂ ਦੇਖਿਆ।

ਕੈਨੇਡਾ ਵਿਚ ਪੰਜਾਬੀ ਬੋਲੀ ਦੀ ਬੇਕਦਰੀ ਏਨੀ ਨਹੀਂ ਜਿੰਨੀ ਇੰਗਲੈਂਡ ਵਿਚ ਹੁੰਦੀ ਹੈ। ਸ਼ਾਇਦ ਏਸ ਕਰਕੇ ਕਿ ਉਥੇ ਇਥੋਂ ਦੇ ਬੀ ਬੀ ਸੀ ਦੇ ਸਲਾਹਕਾਰਾਂ ਵਰਗੇ ਇਛਿਆਧਾਰੀ ਨਹੀਂ ਹਨ ਅਤੇ ਜ਼ਿਆਦਾ ਉਰਦੂ ਬੋਲਣ ਵਾਲੇ ਤਿਲੀਅਰ ਟਰਾਂਟੋ ਵਲ ਹੀ ਰਹਿੰਦੇ ਹਨ।

ਕੈਨੇਡਾ ਵਿਚ ਰੇਡੀਓ ਟੈਲੀਵੀਯਨ ਤੇ ਪੰਜਾਬੀ ਵਿਚ ਹੁੰਦੇ ਪ੍ਰੋਗਰਾਮ ਦੇਖ ਸੁਣ ਕੇ ਬੜਾ ਚੰਗਾ ਲੱਗਾ। ਜਿਵੇਂ ਕੋਈ ਗ਼ੈਰ-ਪੰਜਾਬੀ ਪੰਜਾਬੀ ਬੋਲੇ ਤਾਂ ਬੜਾ ਚੰਗਾ ਲਗਦਾ ਹੈ। ਆਪਣੀ ਬੋਲੀ ਤੇ ਫ਼ਖਰ ਹੁੰਦਾ ਹੈ। ਵੈਨਕੂਵਰ ਵਿਚ ਚਰਨਪਾਲ ਗਿੱਲ ਹਰ ਹਫ਼ਤੇ ਇਕ ਘੰਟੇ ਦਾ ਪ੍ਰੋਗਰਾਮ "ਸਮੇਂ ਦੀ ਆਵਾਜ਼" ਪੇਸ਼ ਕਰਦਾ ਹੈ। ਟਰਾਂਟੋ ਵਿਚ ਇਕਬਾਲ ਰਾਮੂਵਾਲੀਆ ਇਕ ਘੰਟੇ ਦੇ ਹੀ "ਪੰਜ ਦਰਿਆ" 'ਚ ਸਾਂਝੇ ਪੰਜਾਬ ਦੀ ਵਿਰਾਸਤ ਦੀ ਪੇਸ਼ਕਾਰੀ ਕਰਦਾ ਹੈ। ਪੰਜ ਦਰਿਆ ਤੇ ਮੈਂ ਸੁਣਿਆ ਨਹੀਂ। 'ਸਮੇਂ ਦੀ ਆਵਾਜ਼' ਵਿਚ ਮੈਂ ਲਾਈਵ ਤਿੰਨ ਕਵਿਤਾਵਾਂ ਪੜ੍ਹੀਆਂ ਸਨ, ਫੇਰ ਸੁਰਜੀਤ ਕਲਸੀ ਨੇ ਇਹਦੇ ਵਾਸਤੇ ਹੀ 25 ਮਿੰਟ ਦੀ ਮੁਲਾਕਾਤ ਰਿਕਾਰਡ ਕੀਤੀ ਸੀ। (ਸ਼ਾਇਦ ਤੁਹਾਨੂੰ ਯਾਦ ਹੋਵੇ ਸੁਰਜੀਤ 1970-73 ਵਿਚ ਪੰਜਾਬ ਦੇ ਪ੍ਰਾਦੇਸ਼ਕ ਸਮਾਚਾਰ ਚੰਡੀਗੜ੍ਹੋਂ ਆਕਾਸ਼ਵਾਣੀ ਤੇ ਪੜ੍ਹਦੀ ਹੁੰਦੀ ਸੀ) ਚਰਨਪਾਲ ਗਿੱਲ ਆਮ ਬੋਲਚਾਲ ਵਾਲੀ ਪੰਜਾਬੀ ਵਿਚ ਰੇਡੀਓ ਤੇ ਗੱਲਾਂ ਕਰਦਾ ਹੈ। ਮੈਥੋਂ ਪਹਿਲਾਂ ਚਾਰ ਜਣੇ ਕੈਨੇਡਾ-ਅਮਰੀਕਾ ਦੀ ਫਰੀ ਟਰੇਡ ਬਾਰੇ ਬਹਿਸ ਕਰਕੇ ਹਟੇ ਸਨ। ਸਮੇਂ ਦੀ ਆਵਾਜ਼ ਗੰਭੀਰ ਪ੍ਰੋਗਰਾਮ ਹੈ ਤੇ ਇਸ ਵਿਚ ਅੜੇ ਇਸ਼ਤਿਹਾਰ ਨਹੀਂ ਹੁੰਦੇ ਟੈਲੀਵੀਯਨ ਸੁਸ਼ਮਾ ਸਰਦਾਨਾ ਨਾਂ ਦੀ ਬੀਬੀ ਕੋਲ ਹੈ। ਮੇਰਾ ਇੰਟਰਵਿਊ ਉਜੱਲ ਦੁਸਾਂਝ ਨੇ ਕੀਤਾ ਸੀ। ਚਰਨਪਾਲ ਤੇ ਉਜੱਲ ਖਾਲਿਸਤਾਨੀਆਂ ਦੀਆਂ ਅੱਖਾਂ ਦੀ ਰੜਕ ਬਣੇ ਹੋਏ ਹਨ। ਉਜਲ ਨੂੰ ਤਾਂ ਇਹ ਆਪਦੇ ਚਿਤੋਂ ਮਾਰ ਕੇ ਸੁਟ ਗਏ ਸੀ। ਦੋਹਵੇਂ ਇਥੋਂ ਦੀ ਲੇਬਰ ਪਾਰਟੀ ਵਰਗੀ ਐਨ ਡੀ ਪੀ ਪਾਰਟੀ ਵਿਚ ਕਾਫੀ ਸਰਗਰਮ ਹਨ। ਇਕ ਦਿਨ ਪਾਰਲੀਮੈਂਟ 'ਚ ਪਹੁੰਚਣ ਦਾ ਤਹੱਈਆ ਕਰੀ ਬੈਠੇ ਹਨ।

ਦੋਹਵੇਂ ਫਾਰਮ ਵਰਕਰਜ਼ ਯੂਨੀਅਨ ਸਾਲਾਂ ਬੱਧੀ ਜੱਦੋ ਜਹਿਦ ਵਿਚੋਂ ਕੁੰਦਨ ਬਣ ਕੇ ਨਿਕਲੇ ਹੋਏ ਹਨ। ਉਜੱਲ ਪਹਿਲਾਂ ਇਥੇ ਬੈਡਫੋਰਡ ਰਹਿੰਦਾ ਹੁੰਦਾ ਸੀ ਤੇ ਕੌਂਸਲਰ ਵਰਿੰਦਰ ਸ਼ਰਮੇ ਨਾਲ ਇਹਨਾਂ ਦੇ ਟੱਬਰਾਂ ਦਾ ਬੜਾ ਨੇੜ ਹੈ। ਚਰਨਪਾਲ ਵੈਨਕੂਵਰ ਦੇ ਬਾਹਰਵਾਰ ਖੇਤਾਂ ਵਿਚ ਰਹਿੰਦਾ ਹੈ — ਗਾਵਾਂ, ਕੁਕੜਾਂ ਤੇ ਬਤਖਾਂ ਦੇ ਨਾਲ। ਬਾਬਾ ਦੂਲਾ ਸਿੰਘ ਜਲਾਲਦੀਵਾਲ ਇਹਦਾ ਸਕਾ ਮਾਮਾ ਸੀ। ਚਰਨਪਾਲ ਦੀ ਮਾਂ ਸਾਡੀਆਂ ਆਮ ਮਾਵਾਂ ਵਰਗੀ ਮਾਂ ਹੈ। ਮੈਂ ਇਹਦੇ ਕੋਲੋਂ ਪੁੱਛਦਾ ਰਿਹਾ ਕਿ ਇਹ ਪਹਿਲੀਆਂ ਵਿਚ ਹਾਂਗਕਾਂਗ ਕਿਵੇਂ ਗਈ ਸੀ। ਬਾਬੇ ਦੂਲੇ ਦੀ ਗੱਲ ਚਲੀ ਤਾਂ ਮਾਂ ਦਾ ਰਵਈਆ ਵੀ ਕਮਿਊਨਿਸਟਾਂ ਦੀਆਂ ਮਾਵਾਂ ਭੈਣਾਂ ਵਰਗਾ ਸੀ — ਇਹ ਸਿਰ ਤੇ ਪੈਂਦੀਆਂ ਸਾਰੀਆਂ ਔਕੜਾਂ ਹਿਕ ਤਾਣ ਕੇ ਜਰਦੀਆਂ ਹਨ — ਫ਼ਰਜ਼ ਜਾਣ ਕੇ ਨਹੀਂ, ਸਗੋਂ ਮਜ਼ਬੂਰੀ ਜਾਂ ਹੋਣੀ ਜਾਣ ਕੇ। ਸਾਡੀਆਂ ਮਾਵਾਂ ਭੈਣਾਂ ਸਾਡੇ ਬਾਰੇ ਬਹੁਤੇ ਫ਼ਖਰ ਨਾਲ ਗੱਲ ਨਹੀਂ ਕਰਦੀਆਂ, ਕਿਉਂਕਿ ਅਸੀਂ ਸਿਆਸੀ ਤਾਕਤ ਜਿੱਤ ਨਹੀਂ ਸਕੇ। ਮੈਂ ਮਾਂ ਨੂੰ ਆਖਿਆ— "ਮਾਂ, ਅਸੀਂ ਬਾਬੇ ਦੂਲੇ ਦੇ ਨਾਲ ਦੇ ਆਂ।" ਅੱਗੇ ਇਹਨੇ ਲਮਕਾ ਕੇ "ਅੱਛਿਆ" ਆਖਿਆ ਤੇ ਮੇਰੀ ਵਲ ਦੇਖਦਿਆਂ ਚੁਪ ਕਰ ਗਈ।

ਅਕਾਲੀ ਦਲ (ਲੌਂ:) ਵਿਚ ਕੇਂਦਰ ਵਿਰੁਧ ਸਖਤ ਵਤੀਰਾ ਧਾਰਨ ਕਰਨ ਦੀ ਸੁਰ

ਜਗਤਾਰ ਸਿੰਘ ਸਿੱਧੂ

ਚੰਡੀਗੜ੍ਹ — ਅਕਾਲੀ ਦਲ (ਲੌਂ:) ਦੇ ਵਿਧਾਇਕ ਪੰਜਾਬੀਆਂ ਅਤੇ ਖਾਸ ਤੌਰ ਉਤੇ ਸਿਖਾਂ ਨਾਲ ਕੇਂਦਰ ਵਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਵਿਰੁਧ ਪਾਰਟੀ ਵਲੋਂ ਠੋਸ ਪ੍ਰੋਗਰਾਮ ਦੇਣ ਦੇ ਹੱਕ ਵਿਚ ਹਨ। ਇਹ ਗੱਲ ਇਥੇ ਪਾਰਟੀ ਦੇ ਵਿਧਾਇਕ ਗਰੁੱਪ ਦੀ ਸੁਰਜੀਤ ਸਿੰਘ ਬਰਨਾਲਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਉਭਰ ਕੇ ਸਾਹਮਣੇ ਆਈ। ਮੀਟਿੰਗ ਵਿਚ ਲਗਪਗ ਦੋ ਘੰਟੇ ਪਾਰਟੀ ਦੇ ਵਿਧਾਇਕਾਂ ਅਤੇ ਸੀਨੀਅਰ ਆਗੂਆਂ ਨੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਵਿਚ ਵਿਧਾਇਕਾਂ ਤੋਂ ਇਲਾਵਾ ਮੰਡੀ ਬੋਰਡ ਦੇ ਸਾਬਕਾ ਚੇਅਰਮੈਨ ਜਥੇਦਾਰ ਤੋਤਾ ਸਿੰਘ ਅਤੇ ਪਟਿਆਲਾ ਦੇ ਜਥੇਦਾਰ ਅਮਰ ਸਿੰਘ ਨਲਿਨੀ ਵੀ ਸ਼ਾਮਲ ਸਨ।


ਪ੍ਰਾਪਤ ਵੇਰਵਿਆਂ ਅਨੁਸਾਰ ਬਹੁਤੇ ਬੁਲਾਰਿਆਂ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਕੇਂਦਰ ਵਿਰੁੱਧ ਸਖਤ ਲਾਈਨ ਅਪਨਾਉਣ ਦੀ ਲੋੜ ਹੈ। ਪਿਛਲੇ ਅਰਸੇ ਵਿਚ ਪਾਰਟੀ ਕੇਂਦਰ ਵਿਰੁਧ ਡਟਣ ਦਾ ਪ੍ਰਭਾਵ ਨਹੀਂ ਦੇ ਸਕੀ ਜਿਸ ਕਰਕੇ ਪਾਰਟੀ ਦੀ ਸਾਖ ਨੂੰ ਲੋਕਾਂ ਵਿਚ ਠੇਸ ਲੱਗੀ। ਬੁਲਾਰਿਆਂ ਨੇ ਲੀਡਰਸ਼ਿਪ ਦੀ ਢਿਲਮੱਠ ਦੀ ਵੀ ਆਲੋਚਨਾ ਕੀਤੀ। ਮੀਟਿੰਗ ਅੰਦਰ ਦੋਹਾਂ ਅਕਾਲੀ ਦਲਾਂ ਵਿਚ ਏਕਤਾ ਕਾਇਮ ਕਰਨ ਲਈ ਵਿਧਾਇਕ ਗਰੁੱਪ ਦੀ ਲੀਡਰਸ਼ਿਪ ਬਦਲਣ ਦੀ ਗੱਲ ਵੀ ਕੀਤੀ ਗਈ। ਪ੍ਰੰਤੂ ਬਹੁਤੇ ਬੁਲਾਰਿਆਂ ਦੀ ਇਹ ਰਾਏ ਸੀ ਕਿ ਪਾਰਟੀ ਪ੍ਰਧਾਨ ਸ੍ਰੀ ਬਰਨਾਲਾ ਕੇਂਦਰ ਵਿਰੁਧ ਡਟ ਕੇ ਸਟੈਂਡ ਲੈਣ। ਪਤਾ ਲੱਗਾ ਹੈ ਕਿ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਦਾਰ ਤੋਤਾ ਸਿੰਘ ਨੇ ਕਿਹਾ ਕਿ ਜੇਕਰ ਪਾਰਟੀ ਤਾਕਤ ਨਾਲ ਲੜਾਈ ਦੇਵੇਗੀ ਤਾਂ ਦੂਜੇ ਅਕਾਲੀ ਦਲ ਨਾਲ ਵੀ ਕੋਈ ਸਨਮਾਨਤ ਸਮਝੌਤਾ ਹੋ ਸਕਦਾ ਹੈ। ਉਨ੍ਹਾਂ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਅਗਲੇ ਦੋ ਮਹੀਨੇ ਕਿਸਾਨਾਂ ਕੋਲ ਵੇਲ੍ਹ ਦੇ ਮਹੀਨੇ ਹਨ। ਇਨ੍ਹਾਂ ਮਹੀਨਿਆਂ ਵਿਚ ਪਾਰਟੀ ਨੂੰ ਡਟ ਕੇ ਕੇਂਦਰ ਦੀ "ਬੇਈਮਾਨੀ" ਵਿਰੁਧ ਲੋਕਾਂ ਵਿਚ ਜਾਣਾ ਚਾਹੀਦਾ ਹੈ। ਜ਼ਿਲਿਆਂ ਵਿਚ ਇਕੱਠ ਕੀਤੇ ਜਾਣ ਜਿਥੇ ਪੰਥ ਵਿਚ ਏਕਤਾ ਦੀ ਖੁਲ੍ਹੇ ਤੌਰ ਤੇ ਹਮਾਇਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਹ ਸਮਝਾਉਣ ਦੀ ਲੋੜ ਹੈ ਕਿ ਸੰਯੁਕਤ ਅਕਾਲੀ ਦਲ ਦੀ ਆਪਸੀ ਫੁੱਟ ਹੀ ਦੋਹਾਂ ਅਕਾਲੀ ਦਲਾਂ ਵਿਚ ਏਕਤਾ ਨਹੀਂ ਹੋਣ ਦਿੰਦੀ। ਉਨ੍ਹਾਂ ਕਿਹਾ ਕਿ ਸੰਯੁਕਤ ਅਕਾਲੀ ਦਲ ਦੇ ਕਈ ਗਰੁੱਪਾਂ ਨੂੰ ਏਕਤਾ ਰਾਸ ਨਹੀਂ ਬੈਠਦੀ। ਉਨ੍ਹਾਂ ਨੇ ਪਾਰਟੀ ਵਲੋਂ ਏਕੇ ਦੀ ਮੁਹਿਮ ਸ਼ੁਰੂ ਕਰਨ ਦੀ ਪਹਿਲ ਦਾ ਸਵਾਗਤ ਕੀਤਾ।

ਸਮਝਿਆ ਜਾਂਦਾ ਹੈ ਕਿ ਸ੍ਰੀ ਕਾਦੀਆਂ ਨੇ ਕਿਹਾ ਕਿ ਪਾਰਟੀ ਨੂੰ ਮਜ਼ਬੂਤ ਕਰਨ ਲਈ ਪਾਰਟੀ ਦੇ ਕੰਮ-ਢੰਗ ਵਿਚ ਤਬਦੀਲੀਆਂ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਪਾਰਟੀ ਦੀ ਲੀਡਰਸ਼ਿਪ ਵਿਰੁੱਧ ਕੋਈ ਸ਼ਿਕਵਾ ਨਹੀਂ ਸੀ। ਮਾਸਟਰ ਜੌਹਰ ਸਿੰਘ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਕੇਂਦਰ ਵਿਰੁੱਧ ਡਟ ਕੇ ਅੰਦੋਲਨ ਸ਼ੁਰੂ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਾਰਟੀ ਅੰਦਰ ਕਿਸੇ ਨੂੰ ਅਫਵਾਹਾਂ ਦਾ ਯਕੀਨ ਨਹੀਂ ਕਰਨਾ ਚਾਹੀਦਾ। ਜੇਕਰ ਉਹ ਪਾਰਟੀ ਛੱਡ ਕੇ ਗਏ ਤਾਂ ਜੈਕਾਰੇ ਛੱਡ ਕੇ ਜਾਣਗੇ ਤਾਂ ਜੈਕਾਰੇ ਛੱਡ ਕੇ ਜਾਣਗੇ। ਕਈ ਹੋਰਨਾਂ ਵਾਂਗ ਚੋਰੀ ਛੁਪੇ ਨਹੀਂ ਜਾਣਗੇ।

ਦੱਸਿਆ ਜਾਂਦਾ ਹੈ ਕਿ ਬਲਦੇਵ ਸਿੰਘ ਮਾਨ ਨੇ ਕਿਹਾ ਕਿ ਦੂਜੇ ਅਕਾਲੀ ਦਲ ਕੋਲ ਕੋਈ ਪ੍ਰੋਗਰਾਮ ਨਹੀਂ ਹੈ। ਇਸ ਲਈ ਪਾਰਟੀ ਨੂੰ ਦ੍ਰਿੜ੍ਹਤਾ ਨਾਲ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ ਪ੍ਰੰਤੂ ਪਾਰਟੀ ਅੰਦਰ ਫੁੱਟ ਨਾਲ ਕੋਈ ਗੱਲ ਨਹੀਂ ਬਣੇਗੀ।

ਤਿਰੀਪੁਰਾ ਦੀਆਂ ਚੋਣਾਂ ਅਤੇ ਪਿਛੋਕੜ

ਸੂਫ਼ੀ ਅਮਰਜੀਤ



2 ਫਰਵਰੀ ਨੂੰ ਭਾਰਤ ਦੇ ਇਕ ਪੂਰਬੀ ਰਾਜ ਤਿਰੀਪੁਰਾ ਵਿਚ ਚੋਣਾਂ ਹੋਈਆਂ। ਤਿਰੀਪੁਰਾ ਵਿਚ ਪਿਛਲੇ 10 ਸਾਲਾਂ ਤੋਂ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਅਗਵਾਈ ਵਿਚ ਖੱਬੇ ਫਰੰਟ ਦੀ ਸਰਕਾਰ ਚਲੀ ਆ ਰਹੀ ਸੀ। ਇਸ ਖਬੇ ਫਰੰਟ ਦੀ ਸਰਕਾਰ ਨੇ 1977 ਦੀਆਂ ਚੋਣਾਂ ਵਿਚ 60 ਦੀਆਂ 60 ਸੀਟਾਂ ਜਿੱਤੀਆਂ ਸਨ, ਪ੍ਰੰਤੂ 1982 ਦੀਆਂ ਚੋਣਾਂ ਵਿਚ 56 ਸੀਟਾਂ ਖਬੇ ਫਰੰਟ ਦੇ ਕੋਲ ਸਨ।

ਤਿਰੀਪੁਰਾ ਵਿਚ ਕਬਾਇਲੀਆਂ ਅਤੇ ਬੰਗਾਲੀਆਂ ਦੀ ਰਲੀ ਮਿਲੀ ਵਸੋਂ ਹੈ। ਕਬਾਇਲੀਆਂ ਦੀ ਇਕ ਜਾਤੀਵਾਦ ਤੇ ਆਧਾਰਤ ਪਾਰਟੀ ਤਿਰੀਪੁਰਾ ਉਪਰ ਜਾਤੀ ਸੰਘ ਹੈ ਜੋ ਕਿ ਬੰਗਾਲੀ ਵਸੋਂ ਦੇ ਵਿਰੁੱਧ ਨਫਰਤ ਨੂੰ ਆਪਣੀ ਰਾਜਨੀਤੀ ਦਾ ਆਧਾਰ ਬਣਾ ਕੇ ਬੰਗਾਲੀਆਂ ਨੂੰ ਉਥੋਂ ਕੱਢਣਾ ਚਾਹੁੰਦੀ ਹੈ ਅਤੇ ਕਬਾਇਲੀ ਖੁਦਮੁਖਤਾਰ ਰਿਆਸਤ ਦਾ ਵੱਖਵਾਦੀ ਪਰਚਾਰ ਕਰਦੀ ਆ ਰਹੀ ਹੈ।

ਤਿਰੀਪੁਰਾ ਦੀ ਖੱਬਾ ਫਰੰਟ ਸਰਕਾਰ

ਤਿਰੀਪੁਰਾ ਦੀ ਖਬਾ ਫਰੰਟ ਸਰਕਾਰ ਨੇ ਲਗਾਤਾਰ ਕਬਾਇਲੀਆਂ ਅਤੇ ਗੈਰ ਕਬਾਇਲੀਆਂ ਵਿਚ ਮਿਲਵਰਤਣ-ਏਕਤਾ ਲਈ ਕੰਮ ਕੀਤਾ ਜਿਹੜੇ ਇਲਾਕਿਆਂ ਵਿਚ ਕਬਾਇਲੀ ਬਹੁਗਿਣਤੀ ਸੀ, ਉਥੇ ਉਨ੍ਹਾਂ ਦੀ ਉਨਤੀ ਲਈ ਜ਼ਿਲਾ-ਕੌਂਸਲਾਂ ਦੀ ਸਥਾਪਨਾ ਕਰਕੇ ਉਨ੍ਹਾਂ ਨੂੰ ਖੁਦ ਆਪਣਾ ਪ੍ਰਬੰਧ ਚਲਾਉਣ ਦੀਆਂ ਪੂਰੀਆਂ ਸਹੂਲਤਾਂ ਦਿੱਤੀਆਂ ਹੋਈਆਂ ਸਨ।

ਚਕਮਾ ਕਬਾਇਲੀਆਂ ਦਾ ਇਕ ਗਰੁੱਪ ਹੈ ਜੋ ਕਿ ਬੰਗਲਾ ਦੇਸ਼ ਵਿਚ ਚਿਟਾਗਾਂਉਂ ਪਹਾੜੀਆਂ ਵਿਚ ਸਾਮਰਾਜੀ ਏਜੰਸੀਆਂ ਵਲੋਂ ਟਰੇਨਿੰਗ ਲੈ ਕੇ, ਲਗਾਤਾਰ ਸਰਹੱਦ ਪਾਰ ਕਰਕੇ ਤਿਰੀਪੁਰਾ ਦੇ ਪਿੰਡਾਂ ਵਿਚ ਸਾਧਾਰਨ ਬੰਗਾਲੀ ਪਰਵਾਰਾਂ ਉਪਰ ਹਮਲੇ ਕਰਦਾ ਰਹਿੰਦਾ ਹੈ। ਸਰਕਾਰ ਲਈ ਕਈ ਸਮੱਸਿਆਵਾਂ ਪੈਦਾ ਕਰਦਾ ਰਿਹਾ ਹੈ।

ਤਿਰੀਪੁਰਾ ਦੀ ਖਬੇ ਫਰੰਟ ਦੀ ਸਰਕਾਰ ਲਗਾਤਾਰ ਕੇਂਦਰੀ ਕਾਂਗਰਸ ਸਰਕਾਰ ਨੂੰ ਇਸ ਸਮੱਸਿਆ ਬਾਰੇ ਕਹਿੰਦੀ ਰਹੀ ਹੈ ਕਿ ਬਾਰਡਰ ਉਪਰ ਲੋਕਾਂ ਦੀ ਰਾਖੀ ਲਈ ਤਕੜਾਈ ਕੀਤੀ ਜਾਵੇ ਜਾਂ ਉਥੇ ਮਜ਼ਬੂਤ ਕੰਡੇਦਾਰ ਤਾਰ ਆਦਿ ਲਾਈ ਜਾਵੇ ਪ੍ਰੰਤੂ ਕੇਂਦਰ ਸਰਕਾਰ ਆਪਣੇ ਤਿਰੀਪੁਰਾ ਵਿਚ ਦੇ ਕਾਂਗਰਸੀ ਆਗੂਆਂ ਦੁਆਰਾ ਇਨ੍ਹਾਂ ਸਰਹੱਦ ਪਾਰ ਦੇ ਅਤਿਵਾਦੀਆਂ ਨਾਲ ਮਿਲਕੇ, ਖਬੇ ਫਰੰਟ ਦੀ ਸਰਕਾਰ ਨੂੰ ਪਰੇਸ਼ਾਨ ਕਰਨ ਲਈ ਕਤਲਾਂ ਦੀ ਰਾਜਨੀਤੀ ਨੂੰ ਵਧਾਵਾ ਦਿੰਦੀ ਆ ਰਹੀ ਸੀ।

ਕਰਜ਼ਾ ਮੇਲੇ

ਇਸ ਬਾਰ ਚੋਣਾਂ ਤੋਂ ਪਹਿਲਾਂ ਵੱਡੀ ਪੱਧਰ ਉਪਰ ਰਿਸ਼ਵਤ ਦੇਣ ਲਈ ਕੇਂਦਰੀ ਸਰਕਾਰ ਵਲੋਂ ਕਰਜ਼ਾ ਮੇਲੇ ਲਾਏ ਗਏ। ਇਹ ਸਭ ਨੂੰ ਪਤਾ ਹੈ ਕਿ ਕਿਸੇ ਵੀ ਸੂਬੇ ਵਿਚ ਲੋਕਾਂ ਨੂੰ ਸਹੂਲਤਾਂ ਦੇਣ ਦਾ ਕੰਮ ਸੂਬੇ ਦੀ ਸੰਬੰਧਿਤ ਸਰਕਾਰ ਦਾ ਹੁੰਦਾ ਹੈ। ਪ੍ਰੰਤੂ ਕਾਂਗਰਸ ਦੀ ਕੇਂਦਰ ਸਰਕਾਰ ਨੇ 'ਭਾਰਤ ਵਿਚ ਦੀ ਬਦਲਦੀ ਹਾਲਤ' ਨੂੰ ਧਿਆਨ ਵਿਚ ਰੱਖਦਿਆਂ, ਸੀ ਪੀ ਆਈ (ਐਮ) ਅਤੇ ਖਬੀਆਂ ਪਾਰਟੀਆਂ ਦੀ ਉਠ ਰਹੀ ਲਹਿਰ ਉਤੇ ਸੱਟ ਮਾਰਨ ਲਈ, ਤਿਰੀਪੁਰਾ ਦੇ ਲੋਕਾਂ ਨੂੰ ਕਰਜ਼ਾ ਮੇਲਿਆਂ ਰਾਹੀਂ ਪੈਸੇ ਦੇ ਕੇ ਖਰੀਦਣ ਦੀ ਕਾਰਵਾਈ ਕੀਤੀ। ਇਹ ਇਕ ਗੈਰ-ਅਸੂਲੀ ਅਤੇ ਸੂਬਿਆਂ ਦੇ ਅੰਦਰੂਨੀ ਮਾਮਲਿਆਂ ਵਿਚ ਗੈਰ ਵਿਧਾਨਕ ਅਤੇ ਗੈਰ ਜਮਹੂਰੀ ਦਖਲ ਸੀ, ਸੂਬੇ ਜਿਨ੍ਹਾਂ ਨੂੰ ਪਹਿਲਾਂ ਹੀ ਬੜੇ ਘੱਟ ਅਧਿਕਾਰ ਹਨ।

ਇਨ੍ਹਾਂ ਕਰਜ਼ਾ ਮੇਲਿਆਂ ਰਾਹੀਂ ਜਿਥੇ ਕਬਾਇਲੀਆਂ ਨੇ ਸਰਦਾਰਾਂ, ਕਾਂਗਰਸੀ ਲੀਡਰਾਂ, ਅਤੇ ਲੱਠਬਾਜ਼ ਗੁੰਡਿਆਂ ਨੂੰ ਪੈਸੇ ਦੇ ਕੇ ਲੋਕਾਂ ਨੂੰ ਖਰੀਦਣ ਲਈ ਹਰ ਹਰਬਾ ਵਰਤਣ ਲਈ ਉਤਸ਼ਾਹ ਕੀਤਾ ਗਿਆ, ਉਥੇ ਇਸ ਨਾਲ ਕੇਂਦਰੀ ਮੰਤਰੀਆਂ ਨੇ ਕਬਾਇਲੀਆਂ ਅਤੇ ਗੈਰ ਕਬਾਇਲੀਆਂ ਵਿਚ ਪਾੜਾ ਪਾਉਣ ਲਈ ਵੀ ਇਸ ਕਰੋੜਾਂ ਰੁਪਿਆਂ ਦੀ 'ਤਾਕਤ' ਨੂੰ ਵਰਤਿਆ।

ਚੋਣਾਂ ਦੀ ਮੰਗ

ਤਿਰੀਪੁਰਾ ਦੀ ਖਬਾ ਫਰੰਟ ਸਰਕਾਰ ਨੇ ਮੰਗ ਕੀਤੀ ਕਿ ਤਿਰੀਪੁਰਾ ਦੀਆਂ ਚੋਣਾਂ 26 ਦਸੰਬਰ ਨੂੰ ਕਰਵਾਈਆਂ ਜਾਣ, ਜੋ ਕਿ ਰਾਜ ਸਰਕਾਰ ਨੂੰ ਵਿਧਾਨਕ ਹੱਕ ਹੈ। ਪ੍ਰੰਤੂ ਕੇਂਦਰ ਸਰਕਾਰ ਨੇ ਚੋਣ ਕਮਿਸ਼ਨਰ ਉਪਰ ਪ੍ਰਭਾਵ ਨੂੰ ਵਰਤਦਿਆਂ ਚੋਣਾਂ ਫਰਵਰੀ ਦੀ ਦੋ ਤਾਰੀਖ ਨੂੰ ਕਰਵਾਈਆਂ ਬੇਸ਼ਕ ਮਹੀਨੇ ਵਿਚ ਕੋਈ ਬਹੁਤ ਫਰਕ ਨਹੀਂ ਹੁੰਦਾ, ਫੇਰ ਵੀ ਇਕ ਵਿਧਾਨਕ ਅਧਿਕਾਰ ਨੂੰ ਇਸ ਲਈ ਕੁਚਲਿਆ ਗਿਆ ਕਿ ਹਾਲੇ ਤੱਕ ਕੇਂਦਰ ਦੀ ਸਰਕਾਰ ਅਤੇ ਪਾਰਟੀ ਆਪਣੀ 'ਸਾਜ਼ਸ਼' ਨੂੰ ਮੁਕੰਮਲ ਨਾ ਕਰ ਸਕੀ ਸੀ। ਇਸ ਮੰਗ ਲਈ ਤਿਰੀਪੁਰਾ ਦੇ ਲੱਖਾਂ ਲੋਕਾਂ ਨੇ ਕੇਂਦਰ ਵਲੋਂ ਅਜਿਹਾ ਕਰਨ ਵਿਰੁੱਧ ਰੋਸ ਪ੍ਰਗਟ ਕੀਤਾ।

ਚੋਣਾਂ ਤੋਂ ਪਹਿਲਾਂ

ਚੋਣਾਂ ਤੋਂ ਪਹਿਲਾਂ ਕੁਝ ਗੱਲਾਂ ਵਿਸ਼ੇਸ਼ ਧਿਆਨ ਖਿਚਦੀਆਂ ਹਨ। ਇਨ੍ਹਾਂ ਵਿਚ ਮੁਖ ਤੌਰ ਉਪਰ ਖਬੀਆਂ ਪਾਰਟੀਆਂ ਵਲੋਂ ਦਿੱਲੀ ਵਿਚ ਜੋ 9 ਦਸੰਬਰ 1987 ਨੂੰ ਇਕ ਵੱਡਾ ਇਤਿਹਾਸਕ ਜਲੂਸ ਰਾਜੀਵ ਗਾਂਧੀ ਸਰਕਾਰ ਦੀ ਅਸਫਲਤਾ ਕਾਰਨ ਅਸਤੀਫੇ ਦੀ ਮੰਗ ਲਈ ਜੱਥੇਬੰਦ ਕੀਤਾ ਸੀ, ਉਸ ਨੇ ਭਾਰਤ ਦੀ ਪੂੰਜੀਵਾਦੀ ਜਮਾਤ ਅਤੇ ਉਸ ਦੀ ਪ੍ਰਤੀਨਿਧ ਕਾਂਗਰਸ ਸਰਕਾਰ ਨੂੰ ਤਰੇਲੀਆਂ ਲਿਆ ਦਿੱਤੀਆਂ। ਇਹ ਕਿਸੇ ਤਰ੍ਹਾਂ ਵੀ ਬਰਦਾਸ਼ਤ ਨਹੀਂ ਕਰ ਸਕਦੇ ਸੀ ਕਿ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਅਗਵਾਈ ਵਿਚ ਕੇਂਦਰੀ ਸਰਕਾਰ ਦਾ ਬਦਲ ਬਣ ਕੇ ਉਭਰੇ। ਇਹੋ ਹੀ ਨਹੀਂ ਕਾਂਗਰਸ ਦੇ ਬਦਲ ਦੀਆਂ ਚਾਰੇ ਖਬੀਆਂ ਪਾਰਟੀਆਂ ਵਲੋਂ ਪੇਸ਼ ਕੀਤੇ ਲੋਕ ਪੱਖੀ ਪ੍ਰੋਗਰਾਮ ਨੇ ਭਾਰਤ ਦੇ ਕੋਨੇ ਕੋਨੇ ਤੱਕ ਹਿੱਲਜੁਲ ਪੈਦਾ ਕਰ ਦਿੱਤੀ, ਜਿਸ ਦੇ ਸਿੱਟੇ ਵਜੋਂ ਭਾਰਤ ਦੀਆਂ ਦੂਜੀਆਂ ਵਿਰੋਧੀ ਪਾਰਟੀਆਂ ਵੀ ਨਾਲ ਆਉਣ ਲਈ ਸਹਿਮਤ ਹੋ ਗਈਆਂ। ਇਹ ਇਕ ਅਜਿਹੀ ਰਾਜਨੀਤਕ ਤਬਦੀਲੀ ਹੈ ਜਿਸ ਤੋਂ ਹਾਕਮ ਜਮਾਤਾਂ ਅਤੇ ਕਾਂਗਰਸ ਪਾਰਟੀ ਦਾ ਭੈਭੀਤ ਹੋਣਾ ਕੁਦਰਤੀ ਹੈ।

ਇਸ ਪਿਛੋਕੜ ਨੂੰ ਧਿਆਨ ਵਿਚ ਰੱਖਦਿਆਂ ਹਾਕਮ ਕਿਵੇਂ ਵੀ ਚੁੱਪ ਨਹੀਂ ਬੈਠ ਸਕਦੇ ਸਨ। ਵਿਰਲੇ, ਡਾਲਮੀਏ, ਟਾਟਾ ਆਦਿ ਦੇ ਕੰਟਰੋਲ ਦਾ ਸਾਰਾ ਭਾਰਤੀ ਪ੍ਰੈਸ ਅਤੇ ਰਾਜੀਵ ਸਰਕਾਰ ਦੇ ਕੰਟਰੋਲ ਹੇਠਲਾ ਆਲ ਇੰਡੀਆ ਰੇਡੀਓ ਅਤੇ ਟੀ. ਵੀ. ਨੂੰ ਪਿਛਲੇ ਸਮੇਂ ਤੋਂ ਖਾਸ ਕਰਕੇ ਅਜਿਹੇ ਢੰਗ ਨਾਲ ਵਰਤਿਆ ਜਾ ਰਿਹਾ ਹੈ ਕਿ ਖਬੀ ਲਹਿਰ ਦੇ ਪ੍ਰਭਾਵ ਨੂੰ ਘਟਾਇਆ ਜਾ ਸਕੇ।

ਪ੍ਰਧਾਨ ਮੰਤਰੀ ਲਈ ਖਬੇ ਬਦਲ ਵਿਰੁਧ ਆਪਣੀ ਨਫਰਤ ਭਰੀ ਬੇਬਸੀ ਨੂੰ ਲੁਕਾਉਣਾ ਮੁਸ਼ਕਲ ਹੋ ਗਿਆ, ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਉਹ ਕਿਸੇ ਵੀ ਰਾਜ ਦੀ ਦੇਸ਼-ਵਿਰੋਧੀ ਸਰਕਾਰ ਨੂੰ ਬਰਦਾਸ਼ਤ ਨਹੀਂ ਕਰਨਗੇ ਭਾਵ ਉਸ ਨੂੰ ਤੋੜ ਦੇਣਗੇ।

ਜੇ ਦੇਖੀਏ ਅੱਜ ਦੇਸ਼ ਵਿਰੋਧੀ ਕਿਹੜੀਆਂ ਤਾਕਤਾਂ ਹਨ, ਕਿਹੜੀਆਂ ਪਾਰਟੀਆਂ ਹਨ, ਤਾਂ ਅਸੀਂ ਇਕ ਸਿੱਧਾ ਸਪਸ਼ਟ ਉਤਰ ਇਹੋ ਹੀ ਪ੍ਰਾਪਤ ਕਰਾਂਗੇ ਕਿ ਵੱਖਵਾਦੀ (ਖਾਲਿਸਤਾਨੀ, ਗੋਰਖਾਲੈਂਡੀ, ਝਾੜ ਖੰਡੀ ਆਦਿ) ਵੰਡਵਾਦੀ (ਹਿੰਦੂ ਫਿਰਕਾਪ੍ਰਸਤ ਪਾਰਟੀ ਭਾਰਤੀ ਜਨਤਾ ਪਾਰਟੀ, ਜਮਾਤੇ ਇਸਲਾਮੀ ਆਦਿ) ਜਾਤੀਵਾਦੀ (ਤਿਰੀਪੁਰਾ ਉਪ-ਜਾਤੀ ਸੰਘ, 4 ਡੀ ਆਦਿ) ਹਨ। ਅਚੰਭੇ ਦੀ ਗੱਲ ਹੈ ਕਿ ਇਨ੍ਹਾਂ ਸਭਨਾਂ ਨਾਲ ਹੀ ਕਾਂਗਰਸ ਦੇ ਲੁਕਵੇਂ ਅਤੇ ਜ਼ਾਹਰਾ ਸੰਬੰਧ ਹਨ। ਤਿਰੀਪੁਰਾ ਵਿਚ ਤਾਂ ਤਿਰੀਪੁਰਾ ਉਪਜਾਤੀ ਸੰਘ ਨਾਲ ਕਾਂਗਰਸ ਦਾ ਗੱਠਜੋੜ ਹੈ।

ਹੁਣ ਕੀ ਕਾਂਗਰਸ ਤਿਰੀਪੁਰਾ ਉਪਾਜਾਤੀ ਸੰਘ ਨਾਲ ਸਾਂਝਾ ਫਰੰਟ ਬਣਾ ਕੇ ਉਸ ਨੂੰ ਦੇਸ਼ ਭਗਤ ਬਣਾ ਰਹੀ ਹੈ? ਸਾਡੀ ਸਮਝ ਵਿਚ ਇਕੋ ਗੱਲ ਆਉਂਦੀ ਹੈ ਕਿ ਜਿਹੜੇ ਇਨ੍ਹਾਂ ਵੱਖਵਾਦੀ, ਵੰਡਵਾਦੀ ਅਤੇ ਜਾਤੀਵਾਦੀ ਸ਼ਕਤੀ ਵਿਰੁਧ ਜਾਨਾਂ ਦੇ ਕੇ ਲੜਨ ਵਾਲੇ ਕਮਿਊਨਿਸਟ ਹਨ, ਕਾਂਗਰਸ ਸਰਕਾਰ ਉਨ੍ਹਾਂ ਨੂੰ ਦੇਸ਼ ਵਿਰੋਧੀ ਸਮਝ ਰਹੀ ਹੈ। ਜਦੋਂ ਕਿ ਇਨ੍ਹਾਂ ਦੇਸ਼ ਵਿਰੋਧੀ ਸ਼ਕਤੀਆਂ ਨੂੰ ਪੈਦਾ ਕਰਨ ਵਾਲੀ ਅਤੇ ਪਾਲਣ ਵਾਲੀ ਖੁਦ ਕਾਂਗਰਸ ਪਾਰਟੀ ਅਤੇ ਉਸ ਦੀ ਸਰਕਾਰ ਹੈ।

ਅਗਲੀ ਗੱਲ ਇਹ ਹੈ ਕਿ ਤਿਰੀਪੁਰਾ ਚੋਣਾਂ ਵਿਚ ਰਾਜੀਵ-ਸਰਕਾਰ ਨੇ ਆਪਣੀ ਐਲਾਨੀ ਪਾਲਸੀ ਨੂੰ ਅਮਲ ਵਿਚ ਜਿਸ ਢੰਗ ਨਾਲ ਲਿਆਂਦਾ ਉਹ ਕਾਂਗਰਸ ਦੇ ਭਵਿਖ ਦੇ ਵਿਚ ਕੀਤੇ ਜਾਣ ਵਾਲੇ 'ਸਾਜ਼ਸ਼ੀ ਪਲੈਨਾਂ' ਦਾ ਹਿਸਾ ਹੈ। ਇਹ ਅਚਾਨਕ ਨਹੀਂ ਕਿ ਚੋਣਾਂ ਤੋਂ ਕੁਝ ਦਿਨ ਪਹਿਲਾਂ ਚਕਮਾ ਕਬਾਇਲੀਆਂ ਨੇ ਲਗਾਤਾਰ ਕਈ ਦਿਨ ਤਿਰੀਪੁਰਾ-ਬੰਗਲਾ ਦੇਸ਼ ਸਰਹੱਦ ਉਪਰ ਸੌ ਦੇ ਕਰੀਬ ਸਾਧਾਰਨ ਲੋਕਾਂ ਨੂੰ ਕਤਲ ਕੀਤਾ। ਜਿਸ ਨੂੰ ਕਾਂਗਰਸ ਨੇ ਬਹਾਨਾ ਬਣਾ ਕੇ ਸਾਰੇ ਤਿਰੀਪੁਰਾ ਨੂੰ 'ਗੜਬੜ ਵਾਲਾ ਇਲਾਕਾ' ਚੋਣਾਂ ਤੋਂ ਇਕ ਦਿਨ ਪਹਿਲਾਂ ਐਲਾਨ ਕਰਕੇ ਹਜ਼ਾਰਾਂ ਦੀ ਗਿਣਤੀ ਵਿਚ ਫੌਜ ਭੇਜ ਕੇ, ਸਾਰੇ ਰਾਜ ਨੂੰ ਫੌਜੀ ਰਾਜ ਵਿਚ ਹੀ ਤਬਦੀਲ ਕਰ ਦਿੱਤਾ।

ਕੇਂਦਰ ਦੀ ਕਾਂਗਰਸ ਸਰਕਾਰ ਨੇ ਅਜਿਹੇ ਕਰਨ ਨੂੰ ਕੀ ਇਕ ਸਾਜ਼ਸ਼ੀ ਰਾਜਪਲਟਾ ਜਾਂ ਇਕ ਸੂਬੇ ਵਿਚ ਐਮਰਜੈਂਸੀ ਲਾਉਣਾ ਨਹੀਂ ਕਿਹਾ ਜਾ ਸਕਦਾ? ਹੋਰ ਤਾਂ ਹੋਰ ਇਸ ਘਟਨਾ ਦੀ ਕੱਟੜ ਕਮਿਊਨਿਸਟ ਵਿਰੋਧੀ ਅਤੇ ਕੇਰਲਾ ਵਿਚ ਕਾਂਗਰਸ ਮੋਰਚੇ ਦੀ ਭਿਆਲ, ਭਾਰਤੀ ਜਨਤਾ ਪਾਰਟੀ ਨੂੰ ਵੀ ਨਿਖੇਧੀ ਕਰਨੀ ਪਈ।

ਚੋਣਾਂ ਸਮੇਂ ਧਾਂਦਲੀ

ਖਬਰਾਂ ਅਨੁਸਾਰ 'ਸਾਜ਼ਸ਼ੀਆਂ' ਨੇ ਤਿਰੀਪੁਰਾ ਦੇ ਕੁਝ ਇਲਾਕੇ ਇਸ ਸਾਜ਼ਸ਼ ਦੇ ਹੇਠ ਅਮਲ ਕਰਨ ਲਈ ਚੁਣੇ, ਜਿਥੇ ਫੌਜੀ ਦਬਾ, ਪੈਸਾ, ਧੱਕਾ, ਗੁੰਡਾ ਗਰਦੀ, ਜਾਤੀਵਾਦੀ ਨਫਰਤ ਆਦਿ ਦੀ ਪੂਰੇ ਜ਼ੋਰ ਨਾਲ ਵਰਤੋਂ ਕੀਤੀ।

ਭਾਵੇਂ ਕਿ ਕਾਂਗਰਸ ਪਾਰਟੀ ਵਲੋਂ ਤਿਰੀਪੁਰਾ ਵਿਚ ਅਜਿਹਾ ਕੀਤਾ ਜਾਣਾ ਕੋਈ ਨਵੀਂ ਗੱਲ ਨਹੀਂ ਹੈ, ਨਾ ਹੀ ਇਸ ਬਾਰੇ ਦਲੀਲਾਂ ਦੇ ਕੇ ਲੋਕਾਂ ਨੂੰ ਸਹਿਮਤ ਕਰਨ ਦੀ ਏਡੀ ਔਖ ਹੈ ਕਿਉਂਕਿ ਇਹ ਕੁਝ ਤਾਂ ਭਾਰਤ ਦੇ ਹਰ ਸੂਬੇ ਵਿਚ ਪਿਛਲੇ ਚਾਲੀ ਸਾਲਾਂ ਦੌਰਾਨ ਲਗਾਤਾਰ ਹੀ ਹੁੰਦਾ ਆ ਰਿਹਾ ਹੈ। ਲੋਕਾਂ ਨੂੰ ਇਸ ਬਾਰੇ ਕੋਈ ਵੀ ਸ਼ੰਕਾ ਨਹੀਂ ਹੈ।

ਪਤਾ ਲੱਗਾ ਹੈ ਕਿ ਘਟੋ ਘੱਟ ਪੰਜ ਅਜਿਹੀਆਂ ਸੀਟਾਂ ਸਨ ਜਿਥੇ ਕਿ ਵੋਟਾਂ ਦੀ ਦੁਬਾਰਾ ਗਿਣਤੀ ਕਰਨ ਦੀ ਮੰਗ ਠੁਕਰਾ ਦਿੱਤੀ ਗਈ, ਜਿਥੇ ਕਿ ਜਿੱਤ ਹਾਰ ਗਿਣਤੀ ਦੀਆਂ ਵੋਟਾਂ ਉਪਰ ਹੀ ਸੀ। ਦੋ ਸੀਟਾਂ ਉਪਰ ਸੀ. ਪੀ. ਆਈ. (ਐਮ) ਉਮੀਦਵਾਰਾਂ ਦੀ ਜਿੱਤ ਦਾ ਐਲਾਨ ਕਰ ਵੀ ਦਿਤਾ ਗਿਆ ਜੋ ਕਿ ਫੌਜੀ ਦਬਾਓ ਅਤੇ ਕੇਂਦਰ ਦੇ ਮੰਤਰੀਆਂ ਦੇ ਰੋਅਬ ਹੇਠ ਦੁਬਾਰਾ ਦੋਵਾਂ ਸੀਟਾਂ ਉਪਰ ਕਾਂਗਰਸ ਦੀ ਜਿੱਤ ਦਾ ਐਲਾਨ ਕਰ ਦਿੱਤਾ ਗਿਆ, ਕਿ ਪਿਛੋਂ ਪਈਆਂ ਅਪੀਲਾਂ ਚਲਦੀਆਂ ਰਹਿਣ। ਇਸ ਉਪਰ ਕੁਦਰਤੀ ਹੈ ਕਿ ਦੇਸ਼ ਭਰ ਵਿਚ ਕਾਂਗਰਸ ਦੀ ਧੱਕੇਸ਼ਾਹੀ ਵਿਰੁੱਧ ਲੋਕਾਂ ਵਿਚ ਗੁੱਸਾ ਜਾਗਿਆ ਹੈ।

ਚੋਣ ਸਿੱਟੇ

ਅੰਤਮ ਐਲਾਨੇ ਗਏ ਚੋਣ ਸਿਟੇ ਇਹ ਦਸਦੇ ਹਨ ਕਿ ਖੱਬਾ ਫਰੰਟ 28 ਸੀਟਾਂ, ਕਾਂਗਰਸ 24 ਅਤੇ ਉਸ ਦੀ ਭਿਆਲ ਤਿਰੀਪੁਰਾ ਉਪਾ ਜਾਤੀ ਸੰਘ 7 ਸੀਟਾਂ ਲੈ ਗਏ ਹਨ। ਪ੍ਰੰਤੂ ਖਬੇ ਫਰੰਟ ਨੂੰ 52 ਫੀਸਦੀ ਵੋਟਾਂ ਪਈਆਂ ਹਨ ਅਤੇ ਕਾਂਗਰਸ ਅਤੇ ਉਸ ਦੀ ਭਿਆਲ ਨੂੰ 45 ਫੀਸਦੀ ਵੋਟਾਂ ਪਈਆਂ ਹਨ। ਇਸ ਤਰ੍ਹਾਂ ਤਿਰੀਪੁਰਾ ਦੇ ਲੋਕਾਂ ਦਾ ਮੁਖ ਫਤਵਾ ਖਬੇ ਫਰੰਟ ਵਿਚ ਪੂਰਨ ਜਮਹੂਰੀ ਵਿਸ਼ਵਾਸ ਦਾ ਹੈ। ਇਹ 52 ਫੀਸਦੀ ਵੋਟਾਂ ਉਨ੍ਹਾਂ ਲੋਕਾਂ ਦੀਆਂ ਹਨ ਜੋ ਕਿ ਮਿਹਨਤਕਸ਼, ਕਿਸਾਨ, ਨੌਜੁਆਨ, ਵਿਦਿਆਰਥੀ, ਮੁਲਾਜ਼ਮ ਆਦਿ ਜਥੇਬੰਦੀਆਂ ਵਿਚ ਚੇਤੰਨ ਤੌਰ ਉਪਰ ਜਥੇਬੰਦ ਹਨ ਜਾਂ ਇਨ੍ਹਾਂ ਦੇ ਹਮਦਰਦ ਹਨ। ਸੋ ਇਨ੍ਹਾਂ ਸੂਝਵਾਨ ਚੇਤੰਨ ਲੋਕਾਂ ਦੀ ਜਿੱਤ ਨੂੰ ਹਾਰ ਵਿਚ ਬਦਲਣ ਦਾ ਸਿੱਟਾ ਕਦੇ ਵੀ ਕਾਂਗਰਸ ਦੀ ਜਿੱਤ ਵਿਚ ਨਹੀਂ ਦੇਖਿਆ ਜਾ ਸਕਦਾ।

ਇਹ ਲੋਕ ਅਤੇ ਖਬਾ ਫਰੰਟ ਲਗਾਤਾਰ 10 ਸਾਲਾਂ ਤੋਂ ਕੇਂਦਰ ਸਰਕਾਰ ਤੋਂ ਮੰਗ ਕਰ ਰਿਹਾ ਹੈ ਕਿ ਤਿਰੀਪੁਰਾ ਦੀ ਆਰਥਕ ਹਾਲਤ ਵਿਚ ਉਨੀ ਦੇਰ ਕੋਈ ਵੱਡੀ ਤਬਦੀਲੀ ਨਹੀਂ ਆ ਸਕਦੀ ਜਿੰਨੀ ਦੇਰ ਉਥੇ ਸਨਅਤਾਂ ਨਹੀਂ ਲਾਈਆਂ ਜਾਂਦੀਆਂ। ਸਨਅਤਾਂ ਲਈ ਅਤੇ ਹੋਰ ਵਿਕਾਸ ਲਈ ਇਹ ਵੱਡੀ ਮੰਗ ਕਾਂਗਰਸ ਦੀ ਕੇਂਦਰ ਸਰਕਾਰ ਨੇ ਪੂਰੀ ਨਹੀਂ ਕੀਤੀ ਕਿ ਤਿਰੀਪੁਰਾ ਨੂੰ ਬਾਕੀ ਦੇਸ਼ ਨਾਲ ਰੇਲਵੇ ਲਾਈਨ ਨਾਲ ਜੋੜਿਆ ਜਾਵੇ। ਰੇਲਵੇ ਉਸ ਪਹਾੜੀ ਇਲਾਕੇ ਦੀ ਉਨਤੀ ਲਈ ਬੜੀ ਜ਼ਰੂਰੀ ਹੈ। ਪਰ ਸ਼ਾਇਦ ਕਾਂਗਰਸ ਇਸ ਮੰਗ ਨੂੰ ਪੂਰਾ ਕਰਨਾ ਖਬੇ ਫਰੰਟ ਦੀ ਜਿੱਤ ਸਮਝਦੀ ਸੀ ਇਸ ਲਈ ਇਸ ਨੂੰ ਪੂਰਾ ਨਹੀਂ ਕੀਤਾ ਗਿਆ।

ਸੀ. ਪੀ. ਆਈ. (ਐਮ) ਪੋਲਟ ਬਿਊਰੋ ਦਾ ਬਿਆਨ

ਸੀ. ਪੀ. ਆਈ. (ਐਮ) ਦੀ ਪੋਲਟ ਬਿਊਰੋ ਨੇ ਕਾਂਗਰਸ ਦੀ ਤਿਰੀਪੁਰਾ ਚੋਣਾਂ ਵਿਚ ਬਦਦਿਆਨਤਦਾਰੀ ਦੀ ਪਾਲਸੀ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ ਅਤੇ ਕਾਂਗਰਸ ਵਲੋਂ ਫੌਜੀ ਧੱਕੇ ਸ਼ਾਹੀ ਦੀ ਵਰਤੋਂ ਨੂੰ ਤਿਰੀਪੁਰਾ ਵਿਰੁਧ 'ਸਾਜ਼ਸ਼' ਕਿਹਾ ਹੈ।

ਚੋਣਾਂ ਪਿਛੋਂ ਦੀ ਬਹਿਸ


ਤਿਰੀਪੁਰਾ ਦੀਆਂ ਚੋਣਾਂ ਪਿਛੋਂ ਭਾਰਤ ਦਾ ਪੂੰਜੀਵਾਦੀ ਪ੍ਰੈਸ, ਸਰਕਾਰੀ ਰੇਡੀਓ ਅਤੇ ਟੀ. ਵੀ. ਹੀ ਨਹੀਂ ਸਗੋਂ ਵਾਇਸ ਆਫ ਅਮਰੀਕਾ ਰੇਡੀਓ ਵੀ. ਤਿਰੀਪੁਰਾ ਵਿਚ ਮਾਰਕਸੀ ਪਾਰਟੀ ਦੀ ਸਰਕਾਰ ਨੂੰ ਹੋਈ 'ਹਾਰ' ਨੂੰ, ਭਾਰਤ ਵਿਚ ਕਾਂਗਰਸ ਦੇ ਖਬੇ ਜਮਹੂਰੀ ਬਦਲ ਦੇ ਤਿੜਕਣ ਵਜੋਂ ਦੇਖ ਰਹੇ ਹਨ। ਤਿਰੀਪੁਰਾ ਵਿਚ ਖਬੇ ਫਰੰਟ ਦੀ 'ਹਾਰ' ਨਿਸਚੇ ਹੀ ਨਾਖੁਸ਼ਗਵਾਰ ਘਟਨਾ ਤਾਂ ਹੈ ਹੀ ਪਰ ਇਹ ਕਿਸੇ ਤਰ੍ਹਾਂ ਵੀ ਭਾਰਤ ਵਿਚ ਖਬੀਆਂ ਅਤੇ ਜਮਹੂਰੀ ਪਾਰਟੀਆਂ ਵਲੋਂ ਚਲਾਈ ਜਾ ਰਹੀ ਸ੍ਰੀ ਰਾਜੀਵ ਗਾਂਧੀ ਤੋਂ ਅਸਤੀਫੇ ਦੀ ਅਤੇ ਮੱਧ ਵਰਤੀ ਚੋਣਾਂ ਕਰਾਉਣ ਦੀ ਮੰਗ ਦੀ ਲਹਿਰ ਉਪਰ ਕੋਈ ਵੀ ਗੰਭੀਰ ਅਸਰ ਨਹੀਂ ਪਾ ਸਕੇਗੀ। ਸਗੋਂ ਤਿਰੀਪੁਰਾ ਵਿਚ ਰਾਜੀਵ ਸਰਕਾਰ ਵਲੋਂ ਅਪਣਾਈ ਗਈ ਗੈਰ ਇਖਲਾਕੀ, ਫੌਜੀ ਧੱਕੇਸ਼ਾਹੀ, ਇਸ ਲਹਿਰ ਨੂੰ ਹੋਰ ਵੀ ਮਜ਼ਬੂਤ ਕਰੇਗੀ। ਤਿਰੀਪੁਰਾ ਵਿਚ ਸਿਰਫ ਖਬੀ ਸਰਕਾਰ ਹੀ ਬਦਲੀ ਹੈ ਪਰ 52 ਫੀਸਦੀ ਲੋਕ ਖਬੇ ਫਰੰਟ ਦੇ ਨਾਲ ਹਨ ਜੋ ਕਿ ਦੇਸ਼ ਵਿਆਪੀ ਖਬੀ ਜਮਹੂਰੀ ਲਹਿਰ ਦਾ ਅੰਗ ਹਨ।

ਕਾਂਗਰਸ ਅਤੇ ਜਾਤੀਵਾਦੀ ਪਾਰਟੀ ਦੀ ਸਾਂਝੀ ਸਰਕਾਰ ਦੇ ਹੋਂਦ ਵਿਚ ਆਉਣ ਨਾਲ ਰਾਜੀਵ ਸਰਕਾਰ ਦੇ ਵੱਡੇ ਸਕੈਂਡਲਾਂ ਅਤੇ ਪੰਜਾਬ ਦੀ ਸਮੱਸਿਆ ਨੂੰ ਜਾਣ ਬੁਝ ਕੇ ਲਮਕਾਉਣ ਨਾਲ ਦੇਸ਼ ਦੀ ਏਕਤਾ-ਅਖੰਡਤਾ ਨੂੰ ਹੋਏ ਨੁਕਸਾਨ ਨੂੰ ਪੂਰਿਆ ਨਹੀਂ ਜਾ ਸਕਦਾ। ਰਾਜੀਵ ਗਾਂਧੀ ਦੀ ਭਾਰਤ ਦੇ ਲੋਕਾਂ ਵਿਚ ਡਿਗੀ ਸਾਖ ਅਤੇ ਉਸ ਉਪਰ ਪੈਦਾ ਹੋਈ ਬੇਵਿਸ਼ਵਾਸੀ ਨੂੰ ਕਿਵੇਂ ਵੀ ਇਹ 'ਜਿੱਤ' ਬਹਾਲ ਨਹੀਂ ਕਰ ਸਕਦੀ।

ਇਹ ਗੱਲ ਜ਼ਰੂਰੀ ਹੈ ਕਿ ਹਾਕਮ ਲੁਟੇਰੀਆਂ ਜਮਾਤਾਂ ਇਸ ਚੋਣ ਦੇ ਨਤੀਜੇ ਨੂੰ ਜ਼ਰੂਰ ਹੀ ਖਬੀ ਜਮਹੂਰੀ ਲਹਿਰ ਵਿਚ ਫੁੱਟ ਪਾਉਣ ਲਈ ਅਤੇ ਲੋਕਾਂ ਨੂੰ ਨਿਰਉਤਸ਼ਾਹਤ ਕਰਨ ਲਈ ਵਰਤਣ ਦਾ ਯਤਨ ਕਰਨਗੀਆਂ, ਪ੍ਰੰਤੂ ਉਨ੍ਹਾਂ ਨੂੰ ਇਸ ਵਿਚ ਸਫਲਤਾ ਨਹੀਂ ਹੋਵੇਗੀ। ਇਨ੍ਹਾਂ ਦਾ ਝੂਠਾ ਅਤੇ ਗੁੰਮਰਾਹ ਕੁੰਨ ਪਰਚਾਰ ਇਤਿਹਾਸ ਦੇ ਪਹੀਏ ਨੂੰ ਪਿਛੇ ਨਹੀਂ ਮੋੜ ਸਕੇਗਾ। ਤਿਰੀਪੁਰਾ ਦੀ ਅਸਫਲਤਾ ਜੋ ਕਿ ਕੇਂਦਰੀ ਹਾਕਮਾਂ ਦੀ ਸਾਜ਼ਸ਼ ਦਾ ਨਤੀਜਾ ਹੈ, ਸਗੋਂ ਖਬੀ ਜਮਹੂਰੀ ਲਹਿਰ ਨੂੰ ਮਜ਼ਬੂਤ ਕਰੇਗੀ।

ਤਿਰੀਪੁਰਾ ਵਿਚ ਖਬੇ ਫਰੰਟ ਖਾਸ ਕਰਕੇ ਸੀ ਪੀ ਆਈ (ਐਮ) ਦੀ ਹਾਰ ਦੀ ਕਈ ਲੋਕਾਂ ਨੂੰ ਖੁਸ਼ੀ ਵੀ ਹੋਵੇਗੀ। ਪ੍ਰੰਤੂ ਇਹ ਖੁਸ਼ੀ ਉਨ੍ਹਾਂ ਦੇ ਮੂੰਹ ਉਤੋਂ ਕਾਂਗਰਸ-ਵਿਰੋਧ ਦੇ ਬਨੌਟੀ ਪਰਦੇ ਨੂੰ ਹੀ ਚੁਕਣ ਵਿਚ ਸਹਾਈ ਹੋਵੇਗੀ, ਉਨ੍ਹਾਂ ਦੀ ਅੰਦਰੋਂ ਕਾਂਗਰਸ ਨਾਲ ਮਿਲੀਭੁਗਤ ਨੂੰ ਨੰਗਾ ਕਰੇਗੀ।

ਭਵਿਖ ਲੋਕ ਸ਼ਕਤੀਆਂ ਦਾ ਹੈ। ਲੁਟੇਰੇ ਹਾਕਮ ਇਸ ਉਪਰ ਕਬਜ਼ਾ ਕਰਨ ਦੇ ਹਰ ਘਟੀਆਂ ਤੋਂ ਘਟੀਆਂ, ਗੈਰ ਜਮਹੂਰੀ, ਗੈਰ ਇਖਲਾਕੀ, ਧੱਕੜਸ਼ਾਹੀ ਵਾਲੇ, ਏਕਾ ਅਧਿਕਾਰਵਾਦੀ ਅਤੇ ਜਬਰ ਦੇ ਅਨੇਕਾਂ ਵਾਰ ਕਰਨਗੇ, ਲੋਕ ਸ਼ਕਤੀਆਂ ਉਨ੍ਹਾਂ ਨੂੰ ਪਛਾੜਦੀਆਂ ਹੋਈਆਂ ਭਾਰਤ ਦੇ ਹੀ ਨਹੀਂ, ਦੁਨੀਆਂ ਦੇ ਅਨੇਕਾਂ ਦੇਸ਼ਾਂ ਦੇ ਭਵਿਖ ਉਪਰ ਵੀ ਹਾਂ ਪੱਖੀ ਅਸਰ ਪਾਉਣਗੀਆਂ।



'ਤਮਸ' ਟੀ. ਵੀ. ਫਿਲਮ ਦੇ ਮੁਕੰਮਲ ਹੋਣ ਤੱਕ

ਸੇਖੋਂ ਸਿੰਘ

ਮਨੁੱਖ ਦੀ ਜ਼ਿੰਦਗੀ ਵਿਚ ਕੁਝ ਤਜਰਬੇ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦੀ ਯਾਦ ਸਦਾ ਸਦਾ ਲਈ ਉਸ ਦੇ ਮਨ-ਮਸਤਕ ਉਤੇ ਉਕਰੀ ਜਾਂਦੀ ਹੈ। ਮੇਰੇ ਨਾਲ ਵੀ ਅਜਿਹਾ ਹੀ ਗੋਵਿੰਦ ਨਿਹਲਾਨੀ ਦੇ ਪਹਿਲੇ ਸਹਾਇਕ ਨਿਰਦੇਸ਼ਕ ਹੋਣ ਵਜੋਂ ਉਸ ਦੀ ਬਹੁ-ਚਰਚਿਤ ਟੀ. ਵੀ. ਫਿਲਮ 'ਤਮਸ' ਦੀ ਸ਼ੂਟਿੰਗ ਦੌਰਾਨ ਹੋਇਆ।


'ਤਮਸ' ਜੋ ਮਸ਼ਹੂਰ ਹਿੰਦੀ ਲੇਖਕ ਸ੍ਰੀ ਭੀਸ਼ਮ ਸਾਹਨੀ ਦਾ ਸਾਹਿਤ ਅਕਾਡਮੀ ਇਨਾਮ ਜੇਤੂ ਨਾਵਲ ਹੈ, ਵੰਡ ਵੇਲੇ ਦੇ ਕੁਝ ਗਮਗੀਨ ਕਾਲੇ ਦਿਨਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ — ਇਸ ਦੀ ਟੀ. ਵੀ. 'ਤੇ ਪੇਸ਼ਕਾਰੀ ਲਈ ਕਈ ਕਿਸਮ ਦੀਆਂ ਰੁਕਾਵਟਾਂ ਸਾਹਮਣੇ ਆਈਆਂ। ਅਖੀਰ ਕਾਫੀ ਉਡੀਕ ਬਾਅਦ ਜਨਵਰੀ, 1988 ਵਿਚ ਜਦੋਂ ਇਸ ਨੂੰ ਦੂਰਦਰਸ਼ਨ 'ਤੇ ਦਿਖਾਉਣ ਦਾ ਐਲਾਨ ਹੋਇਆ ਤਾਂ ਇਸ ਦੀ ਯੂਨਿਟ ਦੇ ਸਾਰੇ ਕਲਾਕਾਰਾਂ/ਤਕਨੀਸ਼ਨਾਂ, ਮੈਂਬਰਾਂ ਸਾਥੀਆਂ ਨੂੰ ਬੜੀ ਖੁਸ਼ੀ ਹੋਈ ਕਿਉਂਕਿ ਪਿਛਲੇ ਛੇ ਮਹੀਨਿਆਂ ਤੋਂ ਦਿੱਲੀ ਦੇ ਦੂਰਦਰਸ਼ਨ ਕੇਂਦਰ ਵਿਚ ਇਸ ਬਾਰੇ ਕਾਫੀ ਬਹਿਸ - ਮੁਬਾਹਸੇ ਚਲ ਰਹੇ ਸਨ। ਸ਼ੂਟਿੰਗ ਦੌਰਾਨ ਹੀ ਯੂਨਿਟ ਦੇ ਦੂਰ-ਅੰਦੇਸ਼ੀ ਲੋਕ ਜਾਣਦੇ ਸਨ ਕਿ ਜਿਸ ਪ੍ਰਾਜੈਕਟ 'ਤੇ ਉਹ ਪੁਰਜ਼ੋਰ ਮਿਹਨਤ ਮਾਰ ਰਹੇ ਹਨ, ਉਹ ਹਰ ਹੀਲੇ ਬਹੁਤ ਵੱਡੇ ਵਾਦ-ਵਿਵਾਦ ਨੂੰ ਜਨਮ ਦੇਵੇਗੀ। ਕਿਉਂਕਿ ਸਾਡੇ ਦੇਸ਼ ਦੇ ਸਮਾਜਿਕ ਢਾਂਚੇ ਵਿਚ ਅਜਿਹੇ ਵਿਸ਼ੇ ਨੂੰ ਹਜ਼ਮ ਕਰਨਾ ਬਹੁਤ ਆਸਾਨ ਨਹੀਂ ਹੋਵੇਗਾ। 'ਤਮਸ' ਦੇ ਟੀ. ਵੀ. 'ਤੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਦੇਸ਼ ਦੇ ਅਖਬਾਰਾਂ, ਰਿਸਾਲਿਆਂ ਵਿਚ ਇਸ ਬਾਰੇ ਕਾਫੀ ਜਾਣਕਾਰੀ ਦਿੱਤੀ ਜਾ ਚੁੱਕੀ ਸੀ। 'ਤਮਸ' ਦੀਆਂ ਪਹਿਲੀਆਂ ਦੋ ਕਿਸ਼ਤਾਂ ਦਿਖਾਏ ਜਾਣ ਬਾਅਦ ਕੁਝ ਜਥੇਬੰਦੀਆਂ ਵਲੋਂ ਇਸ ਵਿਰੁਧ ਮਚਾਏ ਗਏ ਸ਼ੋਰ, ਇਸ ਉਪਰ ਲਗਾਈਆਂ ਗਈਆਂ ਊਜਾਂ ਤੋਂ ਵੀ ਅਸੀਂ ਬੇਖਬਰ ਨਹੀਂ ਸਾਂ।

'ਤਮਸ' ਵਿਚ ਉਨ੍ਹਾਂ ਕੁਝ ਕਾਲੇ ਦਿਨਾਂ ਦਾ ਜ਼ਿਕਰ ਹੈ ਜੋ ਮਜ਼ਬੀ ਜਨੂੰਨ ਦੇ ਰੰਗੇ ਸ਼ਿਕਾਰੀਆਂ ਵਲੋਂ ਹਜ਼ਾਰਾਂ ਬੇਗੁਨਾਹ ਲੋਕਾਂ ਦੇ ਖੂਨ ਦੀ ਹੋਲੀ ਖੇਡਣ ਤੇ ਲੱਖਾਂ ਲੋਕਾਂ ਦੀ ਤਬਾਹੀ ਤੇ ਘਰੋਂ ਬੇ-ਘਰ ਹੋਣ ਦਾ ਦ੍ਰਿਸ਼ ਪੇਸ਼ ਕਰਦਾ ਹੈ। ਇਹ ਫਿਰਕਾਪ੍ਰਸਤ ਸ਼ਰਾਰਤੀ ਲੋਕਾਂ ਵਲੋਂ ਕੀਤੀਆਂ ਕਰਤੂਤਾਂ ਤੋਂ ਪਰਦਾ ਚੁੱਕਦਾ ਹੈ। ਸਮੇਂ ਦੇ ਹਾਕਮ ਅੰਗਰੇਜ਼ਾਂ ਦੇ ਵਤੀਰੇ ਪਾੜੋ ਤੇ ਰਾਜ ਕਰੋ ਦੀ ਨੀਤੀ ਵੱਲ ਧਿਆਨ ਦਿਵਾਉਂਦਾ ਹੈ। ਅੰਤ ਵਿਚ ਜੋ ਬਚਦਾ ਹੈ — ਲਾਸ਼ਾਂ — ਤਬਾਹੀ ਤੇ ਬਰਬਾਦੀ।

ਇਸ ਨੂੰ ਫਿਲਮਾਉਣ ਲੱਗਿਆਂ ਗੋਵਿੰਦ ਨਿਹਲਾਨੀ ਨੇ ਬੜੇ ਸੰਜਮ ਸਿਆਣਪ ਤੇ ਜ਼ਿੰਮੇਦਾਰੀ ਤੋਂ ਕੰਮ ਲਿਆ ਹੈ। ਇਸ ਦੇ ਮੂਲ ਖਰੜੇ ਵਿਚ ਬਹੁਤ ਕੁਝ ਅਜਿਹਾ ਮੌਜੂਦ ਸੀ, ਜਿਸ ਦਾ ਜਿਉਂ ਦਾ ਤਿਉਂ ਫਿਲਮਾਉਣਾ ਭੜਕਾਊ ਸਾਬਤ ਹੋ ਸਕਦਾ ਸੀ। ਮੂਲ ਨਾਵਲ ਵਿਚ ਗਰੀਬ ਨੱਥੂ ਕੋਲੋਂ ਸੂਰ ਮਰਵਾਉਣ ਵਾਲਾ ਸ਼ਸ਼ ਮੁਰਾਦਅਲੀ ਨਾਮ ਦਾ ਮੁਸਲਮਾਨ ਭਾਈਚਾਰੇ ਨਾਲ ਸਬੰਧਤ ਵਿਅਕਤੀ ਹੈ ਜਿਸ ਦੀ ਥਾਂ ਫਿਲਮ ਵਿਚਲਾ ਇਹ ਵਿਅਕਤੀ ਠੇਕੇਦਾਰ ਹੈ ਜੋ ਕਿਸੇ ਵੀ ਧਰਮ ਜ਼ਾਤ ਦਾ ਨਹੀਂ ਦਰਸਾਇਆ ਗਿਆ। ਇਸੇ ਤਰ੍ਹਾਂ ਮੁਸਲਮਾਨ ਜਨੂੰਨੀਆਂ ਵਲੋਂ ਇਕ ਸਿੱਖ ਦੇ ਕੇਸ ਕਤਲ ਕਰ ਕੇ ਉਸ ਦਾ ਧਰਮ ਬਦਲੀ ਕਰਨ ਦਾ ਦ੍ਰਿਸ਼ ਵੀ ਅੱਖੋਂ ਉਹਲੇ ਕਰ ਦਿੱਤਾ ਗਿਆ। ਨਿਰਦੇਸ਼ਕ ਗੋਵਿੰਦ ਨਿਹਲਾਨੀ ਦਾ ਕਹਿਣਾ ਹੈ ਕਿ ਮੇਰਾ ਮਕਸਦ ਕਿਸੇ ਧਰਮ, ਜਾਤ ਜਾਂ ਫਿਰਕੇ ਨੂੰ ਦੋਸ਼ੀ ਠਹਿਰਾਉਣਾ ਹਰਗਿਜ਼ ਨਹੀਂ ਹੈ ਸਗੋਂ ਮੈਂ ਤਾਂ ਉਨ੍ਹਾਂ ਦਿਨਾਂ ਵਿਚ ਵਾਪਰੀ ਭਿਆਨਕਤਾ ਨੂੰ ਨੰਗਾ ਕੀਤਾ ਹੈ ਤਾਂ ਕਿ ਅਜੋਕੀ ਪੀੜ੍ਹੀ ਉਸ ਦੌਰ ਤੋਂ ਸਬਕ ਲੈ ਸਕੇ, ਕਿੰਨਾ ਸਹੀ ਤੇ ਸਾਰਥਿਕ ਹੈ।

ਬੜੀ ਮਿਹਨਤ ਪਿਛੋਂ 'ਤਮਸ' ਦੀ ਫਿਲਮੀ ਸਕਰਿਪਟ ਪੂਰੀ ਹੋਈ। ਲਗਾਤਾਰ 8-8 ਘੰਟੇ ਬੈਠ ਕੇ ਕਾਗਜ਼ਾਂ ਦੇ ਢੇਰ ਗੋਵਿੰਦ ਦੇ ਨਾਲ ਲਿਖਣ ਦਾ ਔਖਾ ਕਾਰਜ ਨਿਭਾਉਂਦਿਆਂ ਮੈਨੂੰ ਇਕ ਖਾਸ ਕਿਸਮ ਦੀ ਮਾਨਸਿਕ ਸੰਤੁਸ਼ਟੀ ਮਿਲੀ। ਸਕਰਿਪਟ ਦੀ ਮੁਕੰਮਲਤਾ ਉਪਰੰਤ ਦਰਜਨਾਂ ਐਕਟਰਾਂ ਦੀ ਤਲਾਸ਼ ਸ਼ੁਰੂ ਹੋਈ। ਗੋਵਿੰਦ ਨੇ ਇਸ ਨੂੰ ਫਿਲਮਾਉਣ ਲਈ ਬਜਟ ਨਾਲ ਵੀ ਕੋਈ ਸਮਝੌਤਾ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਇਸ ਵੱਡੇ ਪ੍ਰਾਜੈਕਟ ਦੀ ਉਨੀ ਦੇਰ ਸ਼ੁਰੂਆਤ ਨਹੀਂ ਕੀਤੀ ਜਦੋਂ ਤੱਕ ਇਸ ਵਾਸਤੇ ਪੂਰੇ ਬਜਟ ਦਾ ਇੰਤਜ਼ਾਮ ਨਹੀਂ ਸੀ ਹੋ ਗਿਆ। ਬਲੇਜ ਐਡਵਰਟਾਈਜਿੰਗ ਗਰੁੱਪ ਵਾਲਿਆਂ ਇਸ ਪ੍ਰਾਜੈਕਟ ਲਈ ਪੈਸਾ ਲਾ ਕੇ ਬੜੀ ਹਿੰਮਤ ਦਿਖਾਈ ਹੈ।

ਜਿਥੋਂ ਤੱਕ 'ਤਮਸ' ਨੂੰ ਫਿਲਮਾਉਣ ਦਾ ਸਵਾਲ ਸੀ, ਇਸ ਦੀ ਪਿੱਠਭੂਮੀ ਵਿਚ ਅਣਵੰਡੇ ਪੰਜਾਬ ਦੇ ਇਕ ਕਸਬੇ ਦੀ ਜ਼ਰੂਰਤ ਸੀ ਜਿਸ ਵਿਚ ਇਸ ਦਾ ਬਹੁਤਾ ਹਿਸਾ ਫਿਲਮਾਇਆ ਜਾਣਾ ਸੀ। ਕਿਉਂਕਿ ਵੰਡ ਦੌਰਾਨ ਹੋਈ ਸਾੜਫੂਕ ਤੇ ਤਬਾਹੀ ਨੂੰ ਫਿਲਮਾਇਆ ਜਾਣਾ ਇਸ ਤੋਂ ਬਿਨਾਂ ਸੰਭਵ ਨਹੀਂ ਸੀ। ਇਸ ਮਕਸਦ ਲਈ ਤਕਰੀਬਨ 8 ਲੱਖ ਰੁਪਏ ਦੀ ਲਾਗਤ ਨਾਲ ਸ਼ੂਟਿੰਗ ਦੇ ਪਹਿਲੇ ਭਾਗ ਲਈ ਪੰਜਾਬ ਦੇ ਕਸਬੇ ਦੇ ਪੂਰੇ ਬਜ਼ਾਰ ਦਾ ਸੈਟ ਉਸਾਰਿਆ ਗਿਆ। ਫਿਲਮ ਸਿਟੀ ਸਟੂਡੀਓ ਇਕ ਪਹਾੜੀ ਉਤੇ ਲੱਗੇ ਹੋਏ ਇਸ ਸੈਟ 'ਤੇ ਪਹੁੰਚ ਕੇ ਇਵੇਂ ਲਗਦਾ ਸੀ ਜਿਵੇਂ ਪੰਜਾਬ ਦੇ ਕਿਸੇ ਕਸਬੇ ਵਿਚ ਪਹੁੰਚ ਗਏ ਹੋਈਏ। ਇਸ ਕੰਮ ਵਿਚ ਬੰਬਈ ਦੇ ਸੁਪ੍ਰਸਿੱਧ ਕਲਾ ਨਿਰਦੇਸ਼ਕ ਨਿਤਿਸ਼ ਰਾਏ ਤੇ ਉਸ ਦੇ ਸਹਾਇਕ ਅਜੀਤ ਪਟਨਾਇਕ ਦੀਆਂ ਸੇਵਾਵਾਂ ਲਈਆਂ ਗਈਆਂ। ਟੀ. ਵੀ. ਫਿਲਮ 'ਤਮਸ' ਦੀ ਸ਼ੂਟਿੰਗ 'ਤੇ ਇਸ ਵਿਚ ਬਤੌਰ ਸਹਾਇਕ ਨਿਰਦੇਸ਼ਕ ਸ਼ਰੀਕ ਹੋਣਾ ਮੇਰੇ ਲਈ ਇਕ ਨਾ ਭੁੱਲਣ ਵਾਲਾ ਤਜਰਬਾ ਹੈ। 15 ਅਪਰੈਲ, 86 ਨੂੰ ਫਿਲਮਸਿਟੀ ਸਟੂਡੀਓ ਵਿਚ ਇਸ ਦਾ ਸਭ ਮਹੂਰਤ ਹੋਇਆ ਤੇ ਮਈ ਜੂਨ ਦੇ ਗਰਮ ਮਹੀਨਿਆਂ ਵਿਚ ਇਹ ਆਪਣੀ ਤਿਆਰੀ ਵਿਚ ਪੂਰੇ ਜੋਬਨ 'ਤੇ ਸੀ। ਪੰਜਾਬ ਦੇ ਇਕ ਸੈਟ ਰੂਪੀ ਕਸਬੇ, ਜਿਸ ਵਿਚ 100 ਦੇ ਕਰੀਬ ਜੂਨੀਅਰ ਆਰਟਿਸਟ, 30-35 ਯੂਨਿਟ ਦੇ ਮੈਂਬਰ ਤੇ 15-20 ਕਲਾਕਾਰ ਰੋਜ਼ ਹਿਸਾ ਲੈਂਦੇ ਸਨ — ਵਿਚ ਵਿਚਰਦਿਆਂ ਇਵੇਂ ਮਹਿਸੂਸ ਹੁੰਦਾ ਸੀ ਜਿਵੇਂ ਕਿਸੇ ਖਾਸ ਮਹਾਨ ਕੰਮ ਨੂੰ ਸਿਰੇ ਚਾੜਨ ਵਿਚ ਸਭ ਲੋਕ ਵਚਨਬੱਧ ਹੋਣ। ਇਸ ਸਾਰੀ ਨਗਰੀ ਦਾ ਮੁਖੀਆ ਸੀ ਸਿਰ ਉਤੇ ਬਰਫ ਵਾਲੇ ਪਾਣੀ ਨਾਲ ਠੰਡਾ ਕੀਤਾ ਰੁਮਾਲ ਰੱਖੀ ਤੇ ਉਸ ਉਤੇ ਚਿੱਟੀ ਟੋਪੀ ਪਾਈ ਹਰ ਪਲ ਰੁੱਝਿਆ ਹੋਇਆ ਅਣਥੱਕ ਗੋਵਿੰਦ ਨਿਹਲਾਨੀ। ਸਵੇਰੇ ਆਉਂਦਿਆਂ ਹੀ ਆਪਣੇ ਸਹਾਇਕ ਨਿਰਦੇਸ਼ਕਾਂ ਨਾਲ ਇਕ ਮੀਟਿੰਗ 'ਤੇ ਉਸ ਦਿਨ ਲਏ ਜਾਣੇ ਵਾਲੇ ਦ੍ਰਿਸ਼ਾਂ ਦਾ ਵੇਰਵਾ, ਫਿਰ ਵਿਚਾਰ ਵਟਾਂਦਰਾ ਸ਼ੂਟਿੰਗ ਖਤਮ ਹੋਣ 'ਤੇ ਸਹਾਇਕਾਂ ਨਾਲ ਦੂਸਰੀ ਮੀਟਿੰਗ ਤੇ ਅਗਲੇ ਦਿਨ ਲਏ ਜਾਣ ਵਾਲੇ ਦ੍ਰਿਸ਼ਾਂ ਬਾਰੇ ਹਦਾਇਤਾਂ। ਸਵੇਰੇ ਸੈਟ 'ਤੇ ਪਹੁੰਚਣ ਤੋਂ ਲੈ ਕੇ ਸ਼ਾਮੀ ਜਾਂ ਰਾਤੀਂ ਸ਼ੂਟਿੰਗ ਦੇ ਆਖਰੀ ਪਲਾਂ ਤਕ ਉਹ ਆਪਣੀ ਸ਼ਖਸੀਅਤ ਅਤੇ ਕੰਮ ਪ੍ਰਤੀ ਲਗਨ ਕਾਰਨ ਯੂਨਿਟ ਦੇ ਸਾਰੇ ਮੈਂਬਰਾਂ ਵਿਚ ਉਤਸ਼ਾਹ ਦਾ ਸੋਮਾ ਬਣਿਆ ਰਹਿੰਦਾ।



ਅਸੀਂ 50 ਹਜ਼ਾਰ ਦੇਣ ਨੂੰ ਤਿਆਰ ਹਾਂ ਲੜਾਈ ਦੇ ਅੰਤਮ ਛਿਣਾਂ ਵਿਚ ਸਰਦਾਰ ਤੇਜਾ ਸਿੰਘ (ਅਮਰੀਸ਼ ਪੁਰੀ - ਚਿੱਟੀ ਦਾੜ੍ਹੀ ਵਾਲੇ) ਨੱਥੂ (ਓਮ ਪੁਰੀ) ਨੂੰ ਸ਼ੇਖਾਂ ਵੱਲ ਸੁਨੇਹਾ ਲੈ ਕੇ ਜਾਣ ਲਈ ਕਹਿੰਦੇ ਹੋਏ। ਨੱਥੂ ਦੀ ਪਤਨੀ ਕਰਮੋ (ਦੀਪਾ ਸਾਹੀ) ਦੀ ਪਿੱਠ ਦਿਖਾਈ ਦੇ ਰਹੀ

ਗੋਵਿੰਦ ਨਿਹਲਾਨੀ ਦਾ ਕੰਮ ਕਰਨ ਦਾ ਤਰੀਕਾ ਵੀ ਬੜਾ ਦਿਲਚਸਪ ਹੈ — ਮਸਲਿਨ ਜਦੋਂ ਕੋਈ ਕਲਾਕਾਰ ਪੂਰੇ ਰੌਂਅ ਵਿਚ ਤੇ ਗੋਵਿੰਦ ਦੀ ਤਸੱਲੀ ਅਨੁਸਾਰ ਕੰਮ ਕਰ ਰਿਹਾ ਹੋਵੇ ਤਾਂ ਉਸ ਦੇ ਕੈਮਰੇ ਨੂੰ ਬੰਦ ਹੋਣਾ ਮਾਨੋ ਭੁੱਲ ਜਾਂਦਾ ਹੈ। ਸਿਰਫ ਉਸ ਨੂੰ ਇਹ ਪਤਾ ਲਗਣਾ ਚਾਹੀਦਾ ਹੈ ਕਿ ਕਲਾਕਾਰ ਵਿਚ ਸਮਰਥਾ ਹੈ ਤੇ ਉਹ ਹੋਰ ਵਧੀਆ ਪੇਸ਼ਕਾਰੀ ਦੇ ਸਕਦਾ ਹੈ ਫੇਰ ਭਾਵੇਂ 10 ਦੀ ਥਾਂ 20 ਟੇਕ ਕਿਉਂ ਨਾ ਹੋਣ ਜਾਣ, ਗੋਵਿੰਦ ਦਾ ਕੈਮਰਾ ਨਹੀਂ ਰੁਕੇਗਾ। ਫਿਲਮੀ ਮਹੌਲ ਵਿਚ ਮਸ਼ਹੂਰ ਹੈ ਕਿ ਦ੍ਰਿਸ਼ ਫਿਲਮਾਉਂਦੇ ਹੋਏ ਕੈਮਰੇ ਦੀ ਆਵਾਜ਼ ਉਸ ਨੂੰ ਇਕ ਨਸ਼ਾ ਦਿੰਦੀ ਹੈ ਤੇ ਇਸ ਦੀ ਘੂਕੀ 'ਚ ਮਸਤੀ ਮਹਿਸੂਸ ਹੁੰਦੀ ਹੈ। ਹਾਂ — ਉਸ ਦੀ ਤਸੱਲੀ ਤੋਂ ਥੱਲੇ ਦੀ ਪੱਧਰ 'ਤੇ ਕੀਤਾ ਕੰਮ ਵੀ ਉਸ ਨੂੰ ਪਚਣਾ ਮੁਸ਼ਕਲ ਹੈ ਕਿਉਂਕਿ ਕੰਮ ਨਾਲ ਕੋਈ ਸਮਝੌਤਾ ਨਹੀਂ ਇਹ ਉਸ ਦੀ ਫਿਤਰਤ ਹੀ ਨਹੀਂ। ਅਤੇ ਹਾਂ — ਕਲਾਕਾਰ ਕੋਲੋਂ ਵਧੀਆ ਕੰਮ ਲੈਣ ਦੀ ਉਸ ਨੂੰ ਜਾਚ ਵੀ ਹੈ।

ਨੱਥੂ (ਓਮ ਪੁਰੀ) ਦਾ ਇਕ ਦ੍ਰਿਸ਼ ਚਲ ਰਿਹਾ ਸੀ। ਫਸਾਦਾਂ ਵਿਚ ਬਲਦੇ ਹੋਏ ਆਪਣੇ ਕਸਬੇ ਨੂੰ ਛੱਡ ਕੇ ਨੱਥੂ ਆਪਣੀ ਬੁੱਢੀ ਮਾਂ ਤੇ ਗਰਭਵਤੀ ਪਤਨੀ ਨੂੰ ਨਾਲ ਲੈ ਕੇ ਕਿਸੇ ਸੁਰੱਖਿਅਤ ਥਾਂ ਲਈ ਨਿਕਲ ਪੈਂਦਾ ਹੈ। ਉਹ ਆਪਣੇ ਹੋਣ ਵਾਲੇ ਬੱਚੇ ਤੇ ਆਪਣੀ ਗਰਭਵਤੀ ਔਰਤ ਬਾਰੇ ਬਹੁਤ ਚਿੰਤਾਤੁਰ ਤੇ ਭਾਵੁਕ ਹੈ। ਉਹ ਬੱਚੇ ਦੀ ਜ਼ਿੰਦਗੀ ਲਈ ਪ੍ਰਮਾਤਮਾ ਨੂੰ ਧਿਆਉਂਦਾ ਸੁੱਖਾਂ ਸੁੱਖਦਾ ਹੈ। ਰਸਤੇ ਵਿਚ ਉਸ ਦੀ ਬੁੱਢੀ ਮਾਂ ਵੀ ਦਮ ਤੋੜ ਜਾਂਦੀ ਹੈ। ਜੰਗਲ ਦੇ ਬਿਖੜੇ ਪੈਂਡਿਆਂ ਵਿਚ ਉਸ ਦੀ ਔਰਤ ਜਣੇਪੇ ਦੀਆਂ ਪੀੜਾਂ ਕਾਰਨ ਅੱਧਮਰੀ ਤੇ ਬੇਹੋਸ਼ ਹੋ ਜਾਂਦੀ ਹੈ। ਇਹ ਫਿਲਮ ਦਾ ਇਕ ਕਲਾਈਮੈਕਸ ਦ੍ਰਿਸ਼ ਸੀ। ਵਾਈਡ ਐਂਗਲ ਤੇ ਕੈਮਰਾ ਰੱਖਿਆ ਹੋਇਆ ਸੀ ਤੇ ਓਮ ਪੁਰੀ ਨੂੰ ਐਕਟਿੰਗ ਕਰਨ ਲਈ ਖੁੱਲ੍ਹੀ ਜਗ੍ਹਾ ਦਿੱਤੀ ਗਈ ਸੀ ਤਾਂ ਕਿ ਉਹ ਆਪਣੇ ਰੋਲ ਵਿਚਲੀ ਬੇਬਸੀ, ਦੁਖ ਤੇ ਪੀੜਾਂ ਠੀਕ ਤਰ੍ਹਾਂ ਜ਼ਾਹਿਰ ਕਰ ਸਕੇ। ਕੈਮਰਾ ਚਲਿਆ। ਨੱਥੂ ਆਪਣੀ ਔਰਤ ਨੂੰ ਅੱਧਮਰੀ ਤੇ ਬੇਹੋਸ਼ੀ ਦੀ ਹਾਲਤ ਵਿਚ ਦੇਖ ਪਾਗਲਾਂ ਵਾਂਗ ਇਧਰ-ਉਧਰ ਭੱਜਦਾ ਲਾਚਾਰੀ ਦੀ ਹਾਲਤ ਵਿਚ ਕਿਸੇ ਨੂੰ ਮਦਦ ਲਈ ਪੁਕਾਰਦਾ ਹੈ। ਦ੍ਰਿਸ਼ ਸ਼ੁਰੂ ਹੋਇਆ ਤਾਂ ਸਾਡੇ ਕੋਲ ਖਲੋਤਿਆਂ ਦੇ ਲੂੰ ਕੰਡੇ ਖੜ੍ਹੇ ਹੋ ਗਏ। ਨੱਥੂ ਪਾਗਲਾਂ ਵਾਂਗ ਬੇਬਸ ਹੋਇਆ ਮਦਦ ਲਈ ਦਹਾੜ ਰਿਹਾ ਸੀ — ਇਧਰ-ਉਧਰ ਰੁੱਖਾਂ ਦੀਆਂ ਟਾਹਣੀਆਂ ਤੋੜਦਾ ਜੰਗਲ ਵਿਚ ਪਸ਼ੂਆਂ ਵਾਂਗ ਭੱਜ ਰਿਹਾ ਸੀ। ਗੋਵਿੰਦ ਦਾ ਕੈਮਰਾ ਬੰਦ ਹੋਣ ਦਾ ਨਾਂ ਨਹੀਂ ਸੀ ਲੈ ਰਿਹਾ। ਆਖਰ ਜਦ ਓਮ ਪੁਰੀ ਥੱਕ ਕੇ ਚੂਰੋ-ਚੂਰ ਹੋ ਕੇ ਢਹਿ ਪਿਆ ਤਾਂ 'ਕੱਟ' ਦੀ ਆਵਾਜ਼ ਆਈ। ਇਸ ਦੇ ਵੀ ਰੀਟੇਕ ਲਏ ਗਏ। ਪਰ ਇਹ ਫਿਲਮ ਜਾਂ ਓਮਪੁਰੀ ਲਈ ਹੀ ਨਹੀਂ, ਦੇਖਣ ਵਾਲੇ ਸੈਂਕੜੇ ਲੋਕਾਂ ਲਈ ਵੀ ਇਕ ਯਾਦਗਾਰੀ ਦ੍ਰਿਸ਼ ਬਣ ਗਿਆ।

ਕਹਾਣੀ ਅੱਗੇ ਤੁਰਦੀ ਹੈ। ਗੁਰਦੁਆਰੇ ਵਿਚ ਇਕੱਠੇ ਹੋਏ ਸਾਰੇ ਮਰਦ ਮੁਸਲਮਾਨਾਂ ਨਾਲ ਲੜਨ ਲਈ ਬਾਹਰ ਚਲੇ ਜਾਂਦੇ ਹਨ। ਪਿਛੇ ਮਾਸੂਮ ਬੱਚੇ ਤੇ ਔਰਤਾਂ ਰਹਿ ਜਾਂਦੀਆਂ ਹਨ। ਸਭ ਨੂੰ ਪਤਾ ਹੈ ਕਿ ਮੁਸਲਮਾਨ ਹਮਲਾ ਕਰਕੇ ਔਰਤਾਂ ਦੀ ਇੱਜ਼ਤ ਨਾਲ ਖੇਡ ਸਕਦੇ ਹਨ। ਦਲੇਰ ਔਰਤ ਜਸਬੀਰ ਕੌਰ (ਉਤਮ ਬਾਵਕਰ) ਦੀ ਕਮਾਨ ਹੇਠ ਗੁਰਦੁਆਰੇ ਵਿਚੋਂ ਨਿਕਲ ਕੇ ਸੜਦੇ ਬਲਦੇ ਘਰਾਂ ਵਿਚੋਂ ਭੱਜਦੀਆਂ ਔਰਤਾਂ ਆਪਣੇ ਬੱਚੇ ਘੜੀਸਦੀਆਂ, ਸ਼ਬਦ ਪੜ੍ਹਦੀਆਂ ਬਾਹਰਵਾਰ ਇਕ ਖੂਹ ਵਿਚ ਛਾਲ ਮਾਰ ਦਿੰਦੀਆਂ ਹਨ। ਇਹ ਦ੍ਰਿਸ਼ ਤਿੰਨ ਚਾਰ ਜਗ੍ਹਾ ਵੱਖਰੀ ਵੱਖਰੀ ਥਾਂ 'ਤੇ ਫਿਲਮਾਇਆ ਗਿਆ। 50-60 ਜੂਨੀਅਰ ਆਰਟਿਸਟ ਔਰਤਾਂ ਲਗਪਗ ਫਰਲਾਂਗ ਦੇ ਘੇਰੇ ਵਿਚ ਟਾਇਰ ਬਾਲ ਕੇ ਧੂੰਆਂ ਕੀਤੇ ਮਹੌਲ ਵਿਚ ਤੇ ਬਲਦੇ ਘਰਾਂ ਥਾਣੀ ਲੰਘਦੀਆਂ ਖੂਹ ਵਿਚ ਛਾਲਾਂ ਮਾਰਨ ਜਾਂਦੀਆਂ ਹਨ। ਚਾਰੇ ਪਾਸੇ ਧੂੰਏਂ ਦੇ ਗੁਬਾਰ ਉਠ ਰਹੇ ਸਨ ਸੈਟ ਰੂਪੀ ਘਰ ਸਾੜੇ ਜਾ ਰਹੇ ਸਨ। ਦਰਜ਼ਨਾਂ ਬੰਦੇ ਪਿੱਛੇ ਖੜ੍ਹੇ ਤੇਲ ਪਾ ਪਾ ਕੇ ਧੂੰਆਂ ਤੇ ਅੱਗ ਭੜਕਾ ਰਹੇ ਸਨ। ਟਾਇਰਾਂ ਨੂੰ ਕੱਟ ਕੱਟ ਕੇ ਧੂੰਆਂ ਤੇ ਅੱਗ ਪੈਦਾ ਕਰ ਰਹੇ ਸਨ। ਅੱਧਾ ਫਰਲਾਂਗ ਲੰਮੀ ਟਰਾਲੀ ਲੱਗੀ ਹੋਈ ਸੀ ਤੇ ਦ੍ਰਿਸ਼ ਲਿਆ ਜਾ ਰਿਹਾ ਸੀ। ਕਈ ਵਾਰੀ ਹਵਾ ਦੀ ਦਿਸ਼ਾ ਵਿਚ ਫਰਕ ਹੋਣ ਨਾਲ ਧੂੰਏਂ ਦੀ ਦਿਸ਼ਾ ਵੀ ਬਦਲ ਜਾਂਦੀ ਪਰ ਨਹੀਂ — ਦ੍ਰਿਸ਼ ਤਾਂ ਲਿਆ ਹੀ ਜਾਏਗਾ 'ਤੇ ਉਹ ਵੀ ਪੂਰਾ ਤਸੱਲੀਬਖਸ਼।

ਗੁਰਦੁਆਰੇ ਵਾਲੇ ਸੈਟ ਦੀ ਸ਼ੂਟਿੰਗ ਸ਼ੁਰੂ ਹੋਈ। ਇਥੇ ਤਕਰੀਬਨ 100 ਤੋਂ ਉਪਰ ਜੁੜੀ ਹੋਈ ਸਿੱਖ ਸੰਗਤ ਦਿਖਾਉਣੀ ਸੀ ਜਿਸ ਵਿਚ 60-70 ਮਰਦ ਤੇ 40-50 ਔਰਤਾਂ ਸ਼ਾਮਲ ਹੋਣ। ਇਸ ਤੋਂ ਪਹਿਲਾਂ ਫਿਲਮ ਵਿਚ ਦਿਖਾਈ ਮੁਸਲਮ ਤੇ ਹਿੰਦੂ ਭੀੜ ਵਿਚ ਬੰਬਈ ਦੇ ਜੂਨੀਅਰ ਆਰਟਿਸਟ ਹੀ ਸ਼ਾਮਲ ਕਰ ਲਏ ਗਏ ਸਨ। ਪ੍ਰੰਤੂ ਸਿੱਖ ਸਰੂਪ ਲਈ ਲਾਈਆਂ ਬਲਾਉਟੀ ਦਾੜ੍ਹੀਆਂ ਤੋਂ ਉਹ ਜਲੋ ਨਹੀਂ ਸੀ ਉਘੜ ਸਕਦਾ ਜੋ ਸੱਚੇ ਤੇ ਸਹੀ ਸਿੱਖ ਸਰੂਪ ਦਾ ਹੁੰਦਾ ਹੈ। 60-70 ਅਸਲੀ ਸਿੱਖਾਂ ਦਾ ਇੰਤਜ਼ਾਮ ਕਰਨ ਦੀ ਜ਼ਿੰਮੇਵਾਰੀ ਮੇਰੇ ਹਿੱਸੇ ਆ ਗਈ। ਗੋਵਿੰਦ ਕਹਿਣ ਲੱਗਾ ਜੂਨੀਅਰ ਆਰਟਿਸਟਾਂ ਨੂੰ ਭਾਵੇਂ ਕਿੰਨੀਆਂ ਵਧੀਆਂ ਬਨਾਉਟੀ ਦਾੜ੍ਹੀਆਂ ਲਗਾ ਦਿੱਤੀਆਂ ਜਾਣ ਇਹ ਅਸਲੀ ਸਿੱਖਾਂ ਵਾਲਾ ਪ੍ਰਭਾਵ ਨਹੀਂ ਦੇ ਸਕਦੇ। ਖੈਰ ! ਪੰਜਾਬ ਤੋਂ ਆਏ ਬਾਹਰ ਅਰਬ ਮੁਲਕਾਂ ਨੂੰ ਜਾਣ ਲਈ ਏਜੰਟਾਂ ਦੇ ਚੱਕਰਾਂ ਵਿਚ ਫਸੇ ਬੰਬਈ ਬੈਠੇ 60-70 ਅਸਲੀ ਸਿੱਖਾਂ ਨੂੰ ਇਕੱਠਾ ਕਰਨਾ ਮੁਸ਼ਕਲ ਸਾਬਿਤ ਨਾ ਹੋਇਆ ਤੇ ਗੁਰਦੁਆਰੇ ਦੀ 20-25 ਦਿਨ ਦੀ ਸ਼ੂਟਿੰਗ ਵਿਚ ਪੂਰੇ ਮਾਣ ਤੇ ਸਤਿਕਾਰ ਨਾਲ ਸਿੱਖ ਸੰਗਤ ਵਾਲੇ ਦ੍ਰਿਸ਼ਾਂ ਨੂੰ ਫਿਲਮਾਇਆ ਗਿਆ।

ਧਰਮ ਤੇ ਸਿਆਸਤ ਨੂੰ ਵੱਖੋ ਵੱਖ ਕਰਨ ਦਾ ਸਵਾਲ

ਜੰਗ ਸਿੰਘ ਗਿਆਨੀ, ਕੈਲੇਫੋਰਨੀਆਂ



ਗੁਰਮਤਿ ਤੇ ਗੁਰਬਾਣੀ ਦੇ ਉਘੇ ਖੋਜੀ ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦਾ ਧਰਮ ਤੇ ਸਿਆਸਤ ਨੂੰ ਵਖ ਵੱਖ ਰੱਖਣ ਬਾਰੇ ਇਕ ਖੋਜ ਭਰਿਆ ਲੇਖ 'ਸੂਰਾ' ਦੇ ਜਨਵਰੀ ਦੇ ਅੰਕ ਵਿਚ ਪ੍ਰਕਾਸ਼ਤ ਹੋਇਆ ਹੈ ਜਿਸ ਵਿਚ ਆਪਨੇ ਸਮੇਂ ਨਾਲ ਢੁਕਣ ਤੇ ਅਹਿਮ ਨੁਕਤਾ ਪੇਸ਼ ਕਰਦੇ ਹੋਏ ਲਿਖਿਆ ਹੈ ਕਿ —

"ਧਰਮ ਅਤੇ ਪ੍ਰਚਲਤ ਸਿਆਸਤ ਦੋਵਾਂ ਦਾ ਆਸ਼ਾ — ਉਦੇਸ਼ ਪਰਸਪਰ ਵਿਰੋਧੀ ਹੈ। ਧਰਮ ਅਤੇ ਸਿਆਸਤ ਦੋ ਪਰਸਪਰ ਵਿਰੋਧੀ ਵਿਚਾਰਧਾਰਾ Ideologies ਹਨ" ਇਸ ਲੇਖ ਵਿਚ ਆਪਨੇ ਅਗੇ ਚਲ ਕੇ ਗੁਰਬਾਣੀ ਅਤੇ ਗੁਰਇਤਿਹਾਸ ਵਿਚੋਂ ਕਈ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਧਰਮ ਅਤੇ ਸਿਆਸਤ ਨੂੰ ਇਕ ਦੂਜੇ ਨਾਲ ਗੱਡ ਮੱਡ ਕਰਨ ਦਾ ਹੀ ਇਹ ਸਿੱਟਾ ਨਿਕਲ ਰਿਹਾ ਹੈ ਕਿ ਧਰਮ ਦੀ ਬਹੁਤ ਹਾਨੀ ਹੋ ਰਹੀ ਹੈ। ਅਸਲ ਵਿਚ ਨੀਤੀਵੇਤਾ ਲੋਕ ਆਪਣੇ ਸੌੜੇ ਰਾਜਨੀਤਕ ਮਨੋਰਥਾਂ ਲਈ ਧਰਮ ਦੀ ਆੜ ਲੈਂਦੇ ਹਨ। ਮੈਨੂੰ ਉਕਤ ਲੇਖ ਪੜ੍ਹਕੇ ਬਹੁਤ ਖੁਸ਼ੀ ਹੋਈ ਕਿਉਂਕਿ ਅੱਜ ਤੱਕ ਬਹੁਤੇ ਸਿੱਖ ਵਿਦਵਾਨ ਅਤੇ ਸਿਖ ਨੇਤਾ ਮੀਰੀ ਪੀਰੀ ਦੇ ਸੁਮੇਲ ਦੀ ਗਲਤ ਵਿਆਖਿਆ ਕਰਕੇ ਇਸ ਗੱਲ ਉਤੇ ਹੀ ਜ਼ੋਰ ਦਿੰਦੇ ਰਹੇ ਹਨ ਕਿ ਸਿੱਖਾਂ ਦਾ ਧਰਮ ਤੇ ਸਿਆਸਤ ਵੱਖ ਹੋ ਹੀ ਨਹੀਂ ਸਕਦੇ।

ਗੁਰਬਾਣੀ ਦੀ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਪਤਾ ਲਗਦਾ ਹੈ ਕਿ ਧਰਮ ਦਾ ਆਧਾਰ ਨਿਰੋਲ ਸੱਚ ਉਤੇ ਹੈ ਅਤੇ ਸਿਆਸਤ ਦਾ ਆਧਾਰ ਕੂੜ ਉਤੇ ਹੈ। ਜਿਵੇਂ ਚਾਨਣ ਤੇ ਹਨੇਰਾ, ਗਿਆਨ ਤੇ ਅਗਿਆਨ, ਹਉਮੈ ਤੇ ਨਾਮ ਇਕੱਠੇ ਨਹੀਂ ਹੋ ਸਕਦੇ ਉਸੇ ਤਰ੍ਹਾਂ ਧਰਮ ਤੇ ਸਿਆਸਤ ਵੀ ਇਕੱਠੇ ਨਹੀਂ ਹੋ ਸਕਦੇ। ਗੁਰਬਾਣੀ ਦਾ ਸਪਸ਼ਟ ਫੈਸਲਾ ਹੈ ਕਿ

"ਹਉਮੈ ਨਾਵੈ ਨਾਲ ਵਿਰੋਧ ਹੈ ਦੁਇ ਨਾ ਵਸਹਿ ਇਕ ਠਾਇ"
"ਵਿਚ ਸਚੇ ਕੂੜ ਨ ਗਡਈ ਮਨ ਵੇਖਣ ਕੋ ਨਿਰਜਾਸ"

ਗੁਰਬਾਣੀ ਅਨੁਸਾਰ ਧਰਮ ਦਾ ਆਸ਼ਾ ਤੇ ਉਦੇਸ਼ ਮਨੁੱਖ ਨੂੰ ਗੁਰਮੁਖਿ ਬਨਾਉਣਾ ਹੈ ਅਤੇ ਸਿਆਸਤ ਮਨੁੱਖ ਨੂੰ ਮਨਮੁਖ ਤੇ ਹੰਕਾਰੀ ਬਣਾਉਂਦੀ ਹੈ। ਧਰਮ ਇਹ ਸਿਖਾਉਂਦਾ ਹੈ "ਆਤਮਾ ਪਰਮਾਤਮਾ ਏਕੋ ਕਰੈ, ਅੰਤਰ ਕੀ ਦੁਬਿਧਾ ਅੰਤਰ ਮਰੈ।"

ਭਾਵ ਸਾਰੇ ਜੀਵਾਂ ਵਿਚ ਮੇਰੇ ਵਰਗੀ ਹੀ ਆਤਮਾ ਹੈ ਫਿਰ ਮੈਂ ਕਿਸੇ ਨੂੰ ਕਤਲ ਕਿਉਂ ਕਰਾਂ ? ਕਿਸੇ ਦਾ ਹੱਕ ਕਿਉਂ ਮਾਰਾਂ ! ਕਿਸੇ ਨਾਲ ਬੇਇਨਸਾਫੀ ਕਿਉਂ ਕਰਾਂ ! ਗੁਰਬਾਣੀ "ਏਕ ਪਿਤਾ ਏਕਸ ਕੇ ਹਮ ਬਾਰਕ" ਦਾ ਸੰਦੇਸ਼ ਦੇ ਕੇ ਪ੍ਰਮਾਤਮਾ ਨੂੰ ਸਭ ਜੀਵਾਂ ਦਾ ਪਿਤਾ ਅਤੇ ਸਾਰੇ ਮਨੁੱਖਾਂ ਨੂੰ ਉਸਦੇ ਪੁਤਰ ਦਸ ਕੇ ਇਹ ਸਮਝਾਉਂਦੀ ਹੈ ਕਿ ਸਾਰੀ ਮਾਨਵਤਾ ਹੀ ਇਕ ਪ੍ਰਵਾਰ ਹੈ। ਜੇ ਮਨੁੱਖ ਇਸ ਸੱਚੇ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾ ਲਵੇ ਤਾਂ ਰੰਗ, ਨਸਲ, ਮਜ਼ਹਬ ਆਦਿ ਦੇ ਭਿੰਨ ਭੇਦ ਮਿਟ ਜਾਂਦੇ ਹਨ। ਉਸਦਾ ਦ੍ਰਿਸ਼ਟੀਕੋਣ ਇਤਨਾ ਵਿਸ਼ਾਲ ਹੋ ਜਾਂਦਾ ਹੈ ਕਿ ਉਸ ਦੇ ਖਿਆਲ ਵਿਚ ਸ਼੍ਰੇਣੀ ਵੰਡ ਤੇ ਵਰਗ ਵੰਡ ਵੀ ਗਲਤ ਸਿੱਧ ਹੋ ਜਾਂਦੀ ਹੈ। ਜੇ ਸਾਰਿਆਂ ਦਾ ਪਿਤਾ ਇਕ ਹੈ ਤੇ ਸਾਰੇ ਭਾਈ ਭਾਈ ਹਨ ਤਾਂ ਉਨ੍ਹਾਂ ਵਿਚ ਕਿਸੇ ਪ੍ਰਕਾਰ ਦਾ ਵਿਤਕਰਾ ਕਾਇਮ ਕਰਨਾ ਜਾਂ ਕਿਸੇ ਨਾਲ ਘਿਰਣਾ ਕਰਨਾ ਸਾਰੀ ਮਨੁੱਖਤਾ ਦਾ ਘਾਤ ਕਰਨ ਵਾਲੀ ਅਤੇ ਸਰਬੱਤ ਦੇ ਭਲੇ ਦੇ ਗੁਰਮਤਿ ਸਿਧਾਂਤ ਦਾ ਵਿਰੋਧ ਕਰਨ ਵਾਲੀ ਕੁਟਲ ਭਾਵਨਾ ਬਣ ਜਾਂਦੀ ਹੈ।

ਇਸੇ ਮਜ਼ਮੂਨ ਨਾਲ ਸਬੰਧ ਰੱਖਣ ਵਾਲੇ ਇਕ ਹੋਰ ਜ਼ਰੂਰੀ ਨੁਕਤੇ ਉਤੇ ਵਿਚਾਰ ਕਰਨਾ ਭੀ ਅਤਿ ਜ਼ਰੂਰੀ ਹੈ। ਗੁਰਬਾਣੀ ਦਾ ਫੁਰਮਾਣ ਹੈ:

'ਏਕੋ ਧਰਮ ਦ੍ਰਿੜੈ ਸਭ ਕੋਇ।
ਸਰਬ ਧਰਮ ਮਹਿ ਸ੍ਰੇਸਟ ਧਰਮ।
ਹਰਿ ਕਉ ਨਾਮ ਜਪੁ ਨਿਰਮਲ ਕਰਮ।
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ।

ਭਾਵ ਸਾਰੀ ਮਾਨਵਤਾ ਵਾਸਤੇ ਧਰਮ ਇਕੋ ਹੈ। ਮਜ਼ਹਬ ਵੱਖ ਵੱਖ ਹੋ ਸਕਦੇ ਹਨ। ਮਜ਼ਹਬ ਤੇ ਧਰਮ ਵਿਚ ਬਹੁਤ ਫਰਕ ਹੈ। ਧਰਮ ਸਭ ਦਾ ਸਾਂਝਾ ਹੈ। ਮਜ਼ਹਬੀ ਰਸਮੋ ਰਿਵਾਜ਼ ਮਨੁੱਖਾਂ ਦੇ ਬਣਾਏ ਹੋਏ ਹਨ। ਧਰਮ ਆਤਮਾ ਤੇ ਪ੍ਰਮਾਤਮਾ ਨੂੰ ਅਭੇਦ ਕਰਨ ਵਾਸਤੇ ਸਚੇ ਮਾਰਗ ਉਤੇ ਤੁਰਨ ਦੀ ਪ੍ਰੇਰਣਾ ਕਰਦਾ ਹੈ। ਸੱਚ ਹੀ ਪ੍ਰਮਾਤਮਾ ਹੈ ਅਤੇ ਸਚ ਦੇ ਟੋਟੇ ਨਹੀਂ ਹੋ ਸਕਦੇ। ਸੱਚ ਹਿੰਦੂ, ਮੁਸਲਮਾਨ, ਸਿਖ ਈਸਾਈ ਸਭ ਦਾ ਸਾਂਝਾ ਹੈ। ਜਿਵੇਂ ਪ੍ਰਭੂ ਦੀਆਂ ਦਾਤਾਂ ਹਵਾ, ਪਾਣੀ, ਰੌਸ਼ਨੀ ਆਦਿ ਸਭ ਦੀਆਂ ਸਾਂਝੀਆਂ ਹਨ ਉਸੇ ਤਰ੍ਹਾਂ ਸੱਚਾ ਧਰਮ ਵੀ ਸਭ ਦਾ ਸਾਂਝਾ ਹੈ।

"ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ"
ਤਿਸ ਕੇ ਭਾਣੇ ਕੋਇ ਨ ਭੂਲਾ ਜਿਨ ਸਗਲੋ ਬ੍ਰਹਮ ਪਛਾਤਾ
ਬੁਰਾ ਭਲਾ ਤਿਚਰ ਆਪਦਾ ਜਿਚਰ ਹੈ ਦੁਇ ਮਾਹਿ।
ਨਾਨਕ ਏਕੋ ਬੂਝਿਆ ਏਕਸ ਮਾਹਿ ਸਮਾਹਿ।
ਮਨ ਅਪਨੇ ਤੇ ਬੁਰਾ ਮਿਟਾਨਾ।
ਪੇਖੈ ਸਗਲ ਸ੍ਰਿਸਟ ਸਾਜਨਾ।

ਇੰਨਾ ਪ੍ਰਮਾਣਾਂ ਤੋਂ ਸਿੱਧ ਹੋਇਆ ਕਿ ਧਰਮ ਦਾ ਆਸ਼ਾ ਉਦੇਸ਼ ਸਰਬ ਮੇਲੂ ਤੇ ਸਾਰੀ ਮਾਨਵਤਾ ਨੂੰ ਏਕਤਾ ਦੀ ਲੜੀ ਵਿਚ ਪਰੋਣਾ ਹੈ ਪਰ ਸਿਆਸਤ ਸਭ ਮਨੁੱਖਾਂ ਵਿਚ ਸ਼੍ਰੇਣੀ ਵੰਡ ਤੇ ਵਖਰੇ ਵੱਖਰੇ ਸਿਆਸੀ ਉਦੇਸ਼ ਦੱਸ ਕੇ ਉਨ੍ਹਾਂ ਨੂੰ ਆਪੋ ਵਿਚ ਲੜਾਉਂਦੀ ਹੈ। ਜਿਵੇਂ ਅੰਮ੍ਰਿਤ ਜੀਅਦਾਨ ਦਿੰਦਾ ਹੈ ਪਰ ਜ਼ਹਿਰ ਸਭ ਨੂੰ ਮਾਰਦੀ ਹੈ। ਇਸੇ ਤਰਾਂ ਧਰਮ ਸਰਬੱਤ ਦਾ ਭਲਾ ਲੋਚਦਾ ਹੈ ਅਤੇ ਸਿਆਸਤ ਸਭ ਨੂੰ ਇਕ ਦੂਜੇ ਨਾਲ ਲੜਨ ਭਿੜਨ ਤੇ ਮਰਨ ਮਾਰਨ ਦੀ ਪ੍ਰੇਰਣਾ ਕਰਦੀ ਹੈ। ਇਸ ਕਰਕੇ ਜਦੋਂ ਧਰਮ ਤੇ ਸਿਆਸਤ ਨੂੰ ਇਕ ਦੂਜੇ ਨਾਲ ਮਿਲਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਮਨੁੱਖਤਾ ਵਿਚ ਝਗੜੇ ਝਮੇਲੇ ਵਧਦੇ ਹਨ। ਸਿਖ ਕੌਮ ਵਿਚ ਅੱਜ ਜਿਹੜਾ ਨਿਘਾਰ (ਗਿਰਾਵਟ) ਆਇਆ ਹੈ ਉਸਦਾ ਮੁਖ ਕਾਰਣ ਇਹੋ ਹੈ ਕਿ ਸਿਖ ਵਿਦਵਾਨਾਂ ਨੇ ਅੱਜ ਤੱਕ ਧਰਮ ਤੇ ਸਿਆਸਤ ਨੂੰ ਇਕ ਦੂਜੇ ਤੋਂ ਵੱਖ ਰੱਖਣ ਦੀ ਜਾਚ ਨਹੀਂ ਸਿਖੀ। ਜੇ ਕਿਸੇ ਸਿਖ ਵਿਦਵਾਨ ਨੇ ਕਦੇ ਧਰਮ ਤੇ ਸਿਆਸਤ ਨੂੰ ਵੱਖ ਰੱਖਣ ਦੀ ਸਲਾਹ ਦਿਤੀ ਤਾਂ ਉਸ ਨੂੰ ਧਰਮ ਦਾ ਵਿਰੋਧੀ ਅਤੇ ਕੌਮ ਦਾ ਦੁਸ਼ਮਣ ਕਹਿਕੇ ਭੰਡਿਆ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਤਿੰਨ ਸੌਵੇਂ ਸ਼ਹੀਦੀ ਦਿਵਸ ਦੇ ਅਵਸਰ ਤੇ ਪਟਿਆਲੇ ਵਿਖੇ ਹੋਏ ਇਕ ਸਮਾਗਮ ਵਿਚ ਭਾਈ ਜੋਧ ਸਿੰਘ ਜੀ ਨੇ ਇਹ ਵਿਚਾਰ ਪੇਸ਼ ਕੀਤੇ ਕਿ "ਸਿਖਾਂ ਨੂੰ ਧਰਮ ਤੇ ਸਿਆਸਤ ਨੂੰ ਵੱਖ ਕਰਨ ਬਾਰੇ ਸੋਚਣਾ ਚਾਹੀਦਾ ਹੈ' ਤਾਂ ਸੁਰਗਵਾਸੀ ਸਰਦਾਰ ਕਪੂਰ ਸਿੰਘ ਜੀ ਨੇ ਉਨ੍ਹਾਂ ਵਿਰੁਧ ਬਹੁਤ ਜ਼ਿਆਦਾ ਦੂਸ਼ਨਬਾਜ਼ੀ ਕੀਤੀ ਅਤੇ ਲੰਬੇ ਲੰਬੇ ਲੇਖ ਲਿਖੇ।

1935-36 ਵਿਚ ਸਿਖ ਲੀਡਰਾਂ ਨੇ ਇਹ ਫੈਸਲਾ ਕੀਤਾ ਸੀ ਕਿ "ਸਰਬ ਹਿੰਦ ਸਿਖ ਮਿਸ਼ਨ" ਨਾਮ ਦੀ ਇਕ ਨਿਰੋਲ ਧਾਰਮਕ ਸੰਸਥਾ ਕਾਇਮ ਕੀਤੀ ਜਾਵੇ ਜਿਸ ਨੂੰ ਸਾਰੀ ਸਿਖ ਕੌਮ ਸਮਰਥਨ ਦੇਵੇ ਅਤੇ ਉਹ ਭਾਰਤ ਦੇ ਸਾਰੇ ਸੂਬਿਆਂ ਵਿਚ ਸਿਖ ਮਿਸ਼ਨ ਖੋਹਲ ਕੇ ਸਾਰਾ ਜ਼ੋਰ ਧਰਮ ਪ੍ਰਚਾਰ ਤੇ ਲਾਵੇ। ਇਹ ਉਹ ਸਮਾਂ ਸੀ ਜਦੋਂ ਡਾ: ਅੰਬੇਦਕਰ ਨੇ ਇਹ ਐਲਾਨ ਕੀਤਾ ਸੀ ਕਿ ਭਾਰਤ ਦੇ ਸਾਰੇ ਅਛੂਤ ਜਾਤੀਆਂ ਦੇ ਲੋਕ ਹੁਣ ਹਿੰਦੂ ਨਹੀਂ ਰਹਿਣਗੇ। ਉਹ ਕੋਈ ਨਵਾਂ ਧਰਮ ਗ੍ਰਹਿਣ ਕਰਨ ਬਾਰੇ ਸੋਚ ਰਹੇ ਹਨ। ਉਸ ਸਮੇਂ ਹਿੰਦੂ ਲੀਡਰਾਂ ਦੇ ਇਕ ਬਹੁਤ ਤਕੜੇ ਧੜੇ ਨੇ ਜਿਸਦੇ ਆਗੂ ਪੰਡਤ ਮਦਨ ਮੋਹਨ ਮਾਲਵੀਆ, ਡਾ: ਮੂੰਜੇ, ਅਤੇ ਸੇਠ ਬਿਰਲਾ ਆਦਿ ਸਨ ਸਿਖ ਲੀਡਰਾਂ ਨੂੰ ਇਹ ਪ੍ਰੇਰਣਾ ਦਿੱਤੀ ਕਿ ਉਹ ਸਾਰੇ ਭਾਰਤ ਵਿਚ ਵਸਦੇ ਅਛੂਤਾਂ ਨੂੰ ਸਿਖ ਬਨਾਉਣ ਲਈ ਬਹੁਤ ਵੱਡੀ ਪੱਧਰ ਤੇ ਧਰਮ ਪ੍ਰਚਾਰ ਦੀ ਲਹਿਰ ਚਲਾਉਣ। ਉਨ੍ਹਾਂ ਨੂੰ ਹਰ ਪ੍ਰਕਾਰ ਦਾ ਸਮਰਥਨ ਦਿਤਾ ਜਾਵੇਗਾ। ਇਸ ਉਦੇਸ਼ ਦੀ ਪੂਰਤੀ ਲਈ ਅਕਾਲੀ ਮਾਰਕਟ ਵਿਚ ਇਕ ਬਹੁਤ ਵੱਡਾ ਧਾਰਮਕ ਸੰਮੇਲਨ ਹੋਇਆ ਜਿਸ ਵਿਚ ਸਿੱਖਾਂ ਦੇ ਸਾਰੇ ਧੜੇ ਅਤੇ ਸਾਰੀਆਂ ਸੰਪ੍ਰਦਾਵਾਂ ਸ਼ਾਮਲ ਹੋਈਆਂ। ਅਸਲ ਵਿਚ ਉਹ ਸਰਬੱਤ ਖਾਲਸਾ ਦਾ ਇਕੱਠ ਸੀ ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਧਰਮ ਤੇ ਸਿਆਸਤ ਨੂੰ ਵੱਖ ਵੱਖ ਰੱਖਿਆ ਜਾਵੇ। ਭਾਵ ਸ਼੍ਰੋ: ਅਕਾਲੀ ਦਲ, ਸ਼੍ਰੋ: ਕਮੇਟੀ, ਚੀਫ ਖਾਲਸਾ ਦੀਵਾਨ ਅਤੇ ਸਿੱਖਾਂ ਦੇ ਸਾਰੇ ਰਾਜੇ ਮਹਾਰਾਜੇ ਸਾਰੇ ਮਤਭੇਦ ਭੁਲਾ ਕੇ ਸਰਬ ਹਿੰਦ ਸਿਖ ਮਿਸ਼ਨ ਨੂੰ ਸਪੋਰਟ ਕਰਨ ਅਤੇ ਇਸ ਸੰਸਥਾ ਨੂੰ ਚਲਾਉਣ ਵਾਲੇ ਸੱਜਣ ਸਿਆਸਤ ਤੋਂ ਬਿਲਕੁਲ ਵੱਖ ਰਹਿਣ। ਇਸ ਸੰਮੇਲਨ ਵਿਚ ਡਾ: ਅੰਬੇਦਕਰ ਵੀ ਸ਼ਾਮਲ ਹੋਏ ਅਤੇ ਉਨ੍ਹਾਂ ਨੇਂ ਐਲਾਨ ਕੀਤਾ ਕਿ ਅਸੀਂ ਸਿਖ ਧਰਮ ਗ੍ਰਹਿਣ ਕਰਨ ਬਾਰੇ ਸੋਚ ਵਿਚਾਰ ਕਰ ਰਹੇ ਹਾਂ। ਉਨ੍ਹਾਂ ਦੇ ਕਹਿਣ ਉਤੇ ਖਾਲਸਾ ਕਾਲਜ ਬੰਬਈ ਖੋਹਲਿਆ ਗਿਆ ਤੇ ਮਾਲਾਬਾਰ ਵਿਚ ਸਿਖ ਮਿਸ਼ਨ ਕਾਇਮ ਕੀਤਾ ਗਿਆ।

ਜੇ ਉਸ ਸਮੇਂ ਦੇ ਸਾਰੇ ਸਿਖ ਨੇਤਾ ਇਸ ਫੈਸਲੇ ਉਤੇ ਕਾਇਮ ਰਹਿੰਦੇ ਤਾਂ ਕਰੋੜਾਂ ਲੋਕਾਂ ਨੂੰ ਸਿਖ ਬਣਾਇਆ ਜਾ ਸਕਦਾ ਸੀ ਪਰ ਹੋਇਆ ਇਹ ਕਿ ਉਸ ਸਮੇਂ ਦੇ ਸਿੱਖਾਂ ਦੇ ਦੋਹਾਂ ਵੱਡੇ ਧੜਿਆਂ ਸ਼੍ਰੋਮਣੀ ਅਕਾਲੀ ਦਲ ਤੇ ਚੀਫ ਖਾਲਸਾ ਦੀਵਾਨ ਵਿਚਕਾਰ ਬਟਾਲੇ ਦੀ ਜ਼ਿਮਨੀ ਚੋਣ ਵਿਚ ਟਕਰਾਉ ਪੈਦਾ ਹੋ ਗਿਆ ਅਤੇ ਚੀਫ ਖਾਲਸਾ ਦੀਵਾਨ ਦੇ ਧਨਾਢ ਸਿੱਖਾਂ ਨੇ ਤੇ ਰਾਜੇ ਮਹਾਰਾਜਿਆਂ ਨੇ ਸਰਬ ਹਿੰਦ ਸਿਖ ਮਿਸ਼ਨ ਲਈ ਜੋ ਪੰਜ ਛੇ ਲੱਖ ਰੁਪਏ ਦੀਆਂ ਇਕਰਾਰੀ ਰਕਮਾਂ ਦਾਨ ਦੇਣ ਲਈ ਲਿਖਵਾਈਆਂ ਸਨ ਉਨ੍ਹਾਂ ਤੋਂ ਉਹ ਇਹ ਕਹਿਕੇ ਮੁਕਰ ਗਏ ਕਿ ਅਕਾਲੀ ਇਹ ਪੈਸਾ ਚੋਣਾਂ ਵਿਚ ਖਰਚ ਕਰਕੇ ਸਾਨੂੰ ਹਰਾ ਦੇਣਗੇ। ਭਾਵ ਇਹ ਹੈ ਕਿ ਧਰਮ ਤੇ ਸਿਆਸਤ ਨੂੰ ਵੱਖ ਵੱਖ ਰੱਖਣ ਬਾਰੇ ਜੋ ਸੁਚੱਜਾ ਫੈਸਲਾ ਸਾਰੇ ਸਿੱਖ ਲੀਡਰਾਂ ਨੇ ਕੀਤਾ ਸੀ ਸਿਆਸਤ ਦੇ ਚੱਕਰ ਵਿਚ ਪੈ ਕੇ ਉਹ ਉਸ ਉਤੇ ਕਾਇਮ ਨਾ ਰਹੇ। ਇਸ ਵਿਚ ਕਿਸਦਾ ਕਿਤਨਾ ਦੋਸ਼ ਹੈ ਇਸ ਬਹਿਸ ਵਿਚ ਪੈਣ ਦੀ ਲੋੜ ਨਹੀਂ। ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਸਿਆਸਤਾਂ ਵਿਚ ਹਰੇਕ ਉਤੇ ਸ਼ੱਕ ਕਰਨਾ ਤੇ ਉਸ ਉਤੇ ਭਰੋਸਾ ਨਾ ਕਰਨਾ ਸਿਖਾਇਆ ਜਾਂਦਾ ਹੈ ਪਰ ਧਰਮ ਦੀ ਨੀਂਹ ਭਰੋਸੇ ਉਤੇ ਹੁੰਦੀ ਹੈ। ਜਦੋਂ ਕਿਸੇ ਕੌਮ ਦੇ ਲੀਡਰ ਸਿਆਸਤ ਦੇ ਚੱਕਰ ਵਿਚ ਫਸ ਜਾਂਦੇ ਹਨ ਤਾਂ ਉਨ੍ਹਾਂ ਨੂੰ ਇਕ ਦੂਜੇ ਉਤੇ ਭਰੋਸਾ ਨਹੀਂ ਰਹਿੰਦਾ ਅਤੇ ਉਹ ਕਿਸੇ ਵੀ ਪੱਖ ਤੋਂ ਕੌਮ ਨੂੰ ਉਸਾਰੂ ਸੇਧ ਨਹੀਂ ਦੇ ਸਕਦੇ। ਅੱਜ ਫਿਰ ਸਿਖ ਕੌਮ ਖੇਰੂੰ ਖੇਰੂੰ ਹੋਈ ਪਈ ਹੈ। ਇਸ ਦਾ ਮੁਖ ਕਾਰਣ ਇਹ ਹੈ ਕਿ ਸਿੱਖਾਂ ਨੂੰ ਧਰਮ ਨਾਲੋਂ ਧੜਾ ਪਿਆਰਾ ਹੋ ਗਿਆ ਹੈ। ਭਾਵ ਧਰਮ ਦਾ ਪ੍ਰਭਾਵ ਘਟ ਗਿਆ ਹੈ ਤੇ ਸਿਆਸਤ ਦਾ ਪ੍ਰਭਾਵ ਹਰੇਕ ਸਿਖ ਨੇਤਾ ਉਤੇ ਭਾਰੂ ਹੈ। ਇਸ ਹਾਲਤ ਉਤੇ ਇਹ ਸ਼ਿਅਰ ਕਿਤਨਾ ਢੁਕਦਾ ਹੈ —

ਇਕ ਚਾਕ ਹੋ ਤੋ ਸੀ ਲੂੰ ਹਮਦਮ ਗਿਰੇ ਬਾਂ ਆਪਨਾ
ਜ਼ਾਲਮ ਨੇ ਫਾੜ ਡਾਲਾ ਇਹ ਤਾਰਾ ਤਾਰ ਕਰਕੇ।

ਧਰਮ ਤੇ ਸਿਆਸਤ ਨੂੰ ਵੱਖ ਕਰਨ ਦੇ ਕਈ ਲੋਕ ਬਹੁਤ ਉਲਟੇ ਅਰਥ ਕੱਢਦੇ ਹਨ। ਉਹ ਇਹਚ ਸਮਝਦੇ ਹਨ ਕਿ ਸਿੱਖਾਂ ਨੂੰ ਇਕ ਚੀਜ਼ ਛੱਡਣ ਲਈ ਕਿਹਾ ਜਾ ਰਿਹਾ ਹੈ ਕਿ ਜਾਂ ਉਹ ਧਰਮ ਰੱਖਣ ਜਾਂ ਸਿਆਸਤ ਦੋਵੇਂ ਨਹੀਂ ਰੱਖ ਸਕਦੇ। ਇਹ ਬਹੁਤ ਵੱਡੀ ਭੁਲੇਖਾ ਪਾਊ ਗੱਲ ਹੈ। ਕਿਸੇ ਵੀ ਕੌਮ ਨੂੰ ਧਰਮ ਤੇ ਸਿਆਸਤ ਦੋਹਾਂ ਨੂੰ ਕਾਇਮ ਰੱਖਣ ਦਾ ਹੱਕ ਹੈ। ਦੋਹਾਂ ਨੂੰ ਵੱਖ ਕਰਨ ਦਾ ਭਾਵ ਇਹ ਹੈ ਕਿ ਜਿਵੇਂ ਸਰਕਾਰ ਇਕ ਹੁੰਦੀ ਹੈ ਪਰ ਉਸ ਦੇ ਵਿਭਾਗ ਅਦਾਰੇ ਵੱਖ ਵੱਖ ਹੁੰਦੇ ਹਨ। ਐਜੁਕੇਸ਼ਨ, ਸਿਹਤ, ਆਰਥਕ - ਉਸਾਰੀ ਤੇ ਸਨਅਤੀ ਵਿਕਾਸ ਆਦਿ। ਇਸੇ ਤਰ੍ਹਾਂ ਜੇ ਸਿਆਸੀ ਕੰਮ ਕਰਨ ਵਾਲੇ ਲੋਕ ਸਿਆਸੀ ਜਥੇਬੰਦੀ ਦੇ ਮੈਂਬਰ ਹੋਣ ਤੇ ਧਾਰਮਕ ਪ੍ਰਚਾਰ ਕਰਨ ਵਾਲੇ ਨਿਰੋਲ ਧਾਰਮਕ ਜਥੇਬੰਦੀ ਦੇ ਅਤੇ ਦੋਵੇਂ ਸੰਸਥਾਵਾਂ ਇਕ ਦੂਜੀ ਦੇ ਕੰਮ ਵਿਚ ਦਖਲ ਨਾ ਦੇਣ ਤਾਂ ਕੰਮ ਬਖੂਬੀ ਚਲ ਸਕਦਾ ਹੈ। ਜਿਵੇਂ ਧਾਰਮਕ ਲੋਕ ਕਹਿੰਦੇ ਹਨ ਕਿ "ਕੋਈ ਵੀ ਮਨੁੱਖ ਸੋਨੇ ਤੇ ਰੱਬ ਦੀ ਇਕੋ ਸਮੇਂ ਪੂਜਾ ਨਹੀਂ ਕਰ ਸਕਦਾ" ਗੁਰਬਾਣੀ ਕਹਿੰਦੀ ਹੈ ਕਿ

ਦਾਸੀ ਸੰਗਤਿ ਪ੍ਰਭੂ ਤਿਆਗ ਇਹ ਕਰਮ ਹਮਾਰੇ।
ਲਾਗ ਪਰੇ ਤੇਰੇ ਦਾਨ ਸਿਉ ਨਾਹਿ ਚਿਤ ਖਸਮਾਰੇ।

ਸਿਆਸਤ ਦੇ ਪ੍ਰਭਾਵ ਵਿਚ ਗ੍ਰੱਸੇ ਹੋਏ ਲੋਕ ਪੈਸੇ ਦੇ ਪੁਤ ਹੁੰਦੇ ਹਨ। ਉਨ੍ਹਾਂ ਦਾ ਮਨੋਰਥ ਹਰ ਹੀਲਾ ਵਸੀਲਾ ਵਰਤ ਕੇ ਸਿਆਸੀ ਤਾਕਤ ਹਾਸਲ ਕਰਨਾ ਹੁੰਦਾ ਹੈ, ਪ੍ਰੰਤੂ ਧਾਰਮਕ ਭਾਵਨਾ ਨੂੰ ਪਹਿਲ ਦੇਣ ਵਾਲੇ ਮਨੁੱਖ ਪ੍ਰਭੂ ਪਿਆਰ ਤੇ ਉਚੇ ਆਚਰਨ ਨੂੰ ਪਹਿਲ ਦਿੰਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਮਹਾਵਾਕ ਹੈ —

ਜੇ ਸਭ ਧਰਤੀ ਕੰਚਨ ਕਰ ਦੀਜੈ।
ਬਿਨ ਨਾਵੈ ਹੋਰ ਨਾ ਭਾਇਆ।

ਭਗਤ ਕੀਬਰ ਜੀ ਕਹਿੰਦੇ ਹਨ —

ਕਹਿਹ ਕਬੀਰ ਮਦਨ ਕੇ ਮਾਤੇ ਹਿਰਦੇ ਦੇਖ ਬੀਚਾਰੀ
ਤੁਮ ਘਰਿ ਲਾਖ ਕੋਇ ਆਸਵ ਹਸਤੀ ਹਮ ਘਰਿ ਏਕ ਮੁਰਾਰੀ।

ਭਾਵ ਹੈ ਹੰਕਾਰ ਵਿਚ ਮੱਤੇ ਰਾਜਾਨ ਜ਼ਰਾ ਸੋਚ ਕੇ ਵੇਖ ਜੇ ਤੇਰੇ ਘਰ ਲੱਖਾਂ ਕਰੋੜਾਂ ਹਾਥੀ ਤੇ ਘੋੜੇ ਹਨ ਤਾਂ ਮੇਰੇ ਪਾਸ ਇਕ ਪ੍ਰਮਾਤਮਾ ਹੈ ਜੋ ਸਾਰੀ ਕਾਇਨਾਤ ਦਾ ਮਾਲਕ ਹੈ ਫਿਰ ਦੱਸ ਤੇਰੀ ਤਾਕਤ ਵੱਡੀ ਹੈ ਕਿ ਮੇਰੀ ? ਅੱਜ ਕੱਲ ਸਿੱਖਾਂ ਵਿਚ ਇਸ ਗੱਲ ਦਾ ਬਹੁਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ

ਰਾਜ ਬਿਨਾ ਨਹਿ ਧਰਮ ਚਲੇ ਹੈਂ
ਧਰਮ ਬਿਨਾ ਸਭ ਦਲੇ ਮਲੇ ਹੈਂ।

ਪ੍ਰੰਤੂ ਸੰਸਾਰ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਜਿੰਨ੍ਹਾਂ ਮਹਾਂ ਪੁਰਖਾਂ ਨੇ ਧਰਮ ਚਲਾਏ ਉਨ੍ਹਾਂ ਪਾਸ ਕੋਈ ਰਾਜ ਭਾਗ ਨਹੀਂ ਸੀ, ਹਜ਼ਰਤ-ਈਸਾ, ਹਜ਼ਰਤ ਮੁਹੰਮਦ, ਗੁਰੂ ਨਾਨਕ ਕਿਹੜੇ ਰਾਜ ਦੇ ਮਾਲਕ ਸਨ। ਉਨ੍ਹਾਂ ਨੇ ਤਾਂ ਉਸ ਸਮੇਂ ਦੇ ਰਾਜਿਆਂ ਬਾਦਸ਼ਾਹਾਂ ਦਾ ਸਖਤ ਵਿਰੋਧ ਕੀਤਾ। ਪ੍ਰਹਿਲਾਦ ਤੇ ਧਰੂੰ ਦੀਆਂ ਸਾਖੀਆਂ ਸਾਬਤ ਕਰਦੀਆਂ ਹਨ ਕਿ ਉਨ੍ਹਾਂ ਦੇ ਪਿਤਾ ਪਾਸ ਰਾਜ ਭਾਗ ਸੀ ਤੇ ਉਨ੍ਹਾਂ ਭਗਤਾਂ ਕੋਲ ਕੇਵਲ ਧਰਮ ਦਾ ਜਜ਼ਬਾ। ਜਿਤ ਧਰਮ ਦੀ ਹੋਈ। ਮੁਗਲਾਂ ਨੇ ਰਾਜ ਬਲ ਨਾਲ ਹਿੰਦੂਆਂ ਦਾ ਧਰਮ ਖੋਹਣ ਦੀ ਕੋਸ਼ਿਸ਼ ਕੀਤੀ ਪਰ ਉਹ ਫੇਹਲ ਹੋਏ ਤੇ ਹਿੰਦੂ ਧਰਮ ਅੱਜ ਵੀ ਕਾਇਮ ਹੈ। ਤਪੋ ਰਾਜ ਰਾਜੋਂ ਨਰਕ ਦੀ ਅਖੌਤ ਪ੍ਰਸਿੱਧ ਹੈ। ਜਦੋਂ ਕਿਸੇ ਕੋਲ ਰਾਜਸਤਾ ਆ ਜਾਂਦੀ ਹੈ ਤੇ ਉਹ ਧਰਮ ਵਲੋਂ ਮੂੰਹ ਮੋੜ ਲੈਂਦਾ ਹੈ ਤਾਂ ਉਹ ਨਰਕਾਂ ਦਾ ਭਾਗੀ ਹੁੰਦਾ ਹੈ। ਧਰਮ ਸਦਾ ਹੀ ਰਾਜਸੀ ਸਤਾ ਵਾਲਿਆਂ ਦੇ ਜ਼ੁਲਮ ਨੂੰ ਵੰਗਾਰਦਾ ਤੇ ਪਛਾੜਦਾ ਰਿਹਾ ਹੈ।

ਜਦੋਂ ਵੀ ਧਰਮ ਤੇ ਰਾਜਸੀ ਸੱਤਾ ਵਿਚ ਟਕਰਾਉ ਹੋਇਆ ਧਰਮ ਦੀ ਫਤਹਿ ਹੁੰਦੀ ਰਹੀ ਹੈ। ਇਸ ਲਈ ਸਿਆਸਤ ਨੂੰ ਧਰਮ ਦੀ ਸਹਾਇਤਾ ਦੀ ਲੋੜ ਪੈ ਸਕਦੀ ਹੈ ਪਰ ਧਰਮ ਨੂੰ ਰਾਜਸੀ ਸਤਾ ਦੀ ਮੁਥਾਜੀ ਕਦੇ ਵੀ ਨਹੀਂ ਹੋਈ। ਆਤਮਕ ਬਲ ਇਤਨਾ ਪ੍ਰਭਾਵਸ਼ਾਲੀ ਹੈ ਕਿ ਰਾਜ ਬਲ ਉਸਦੇ ਅਗੇ ਹਮੇਸ਼ਾਂ ਝੁਕਦਾ ਰਿਹਾ ਹੈ ਇਸ ਕਰਕੇ ਰਾਜ ਬਿਨਾ ਨਹਿ ਧਰਮ ਚਲੇ ਹੈਂ ਦਾ ਵਿਚਾਰ ਗਲਤ ਹੈ। ਧਾਰਮਕ ਲੋਕਾਂ ਨੂੰ ਤਾਂ ਪ੍ਰਮਾਤਮਾ ਇਹ ਭਰੋਸਾ ਦਿਵਾਉਂਦਾ ਹੈ ਕਿ —

ਜੇ ਤੂੰ ਮੇਰਾ ਹੋਇ ਰਹਹਿ ਸਭ ਜਗ ਤੇਰਾ ਹੋਇ

ਅਥਵਾ "ਜਿਸਨੋ ਬਖਸ਼ੇ ਸਿਫਤ ਸਲਾਹ, ਨਾਨਕ ਪਾਤਸ਼ਾਈ ਪਾਤਸਾਹ। ਸੱਚੇ ਧਰਮੀ ਲੋਕ ਲੋਕਾਂ ਦੇ ਦਿਲਾਂ ਉਤੇ ਰਾਜ ਕਰਦੇ ਹਨ ਅਤੇ ਦੁਨਿਆਵੀ ਰਾਜੇ ਲੋਕਾਂ ਦੇ ਜਿਸਮ ਉਤੇ। ਇਸ ਕਰਕੇ ਸਿੱਖ ਕੌਮ ਦਾ ਵਕਾਰ ਜੇ ਬਹਾਲ ਕਰਨਾ ਹੈ ਤਾਂ ਉਨ੍ਹਾਂ ਲੋਕਾਂ ਨੇ ਕਰਨਾ ਹੈ ਜਿਹੜੇ ਧਰਮ ਨੂੰ ਪਹਿਲ ਦੇਣਗੇ ਅਤੇ ਆਪਣੇ ਦਿਲ ਵਿਚਜ ਪ੍ਰਭ ਪਿਆਰ ਤੇ ਸਿਮਰਨ ਦੀ ਸ਼ਕਤੀ ਪੈਦਾ ਕਰਨਗੇ।